Punjabi Parwaz

# ਪੰਜਾਬੀ ਪਰਵਾਜ਼

ਅੰਕ 20ਵਾਂ (ਸ਼ਿਕਾਗੋ): 17 ਫਰਵਰੀ ਤੋਂ ਪਹਿਲੀ ਮਾਰਚ 2024 ਤੱਕ

ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

e-mail: punjabiparwaz@gmail.com  www.punjabiparwaz.com


Address: 827 E. Kings Row, Unit# 7, Palatine, IL 60074 - Ph: 224-386-4548

# ਹੱਕਾਂ ਦੀ ਗੱਲ: ਦੂਜੇ ਗੇੜ ਦੇ ਕਿਸਾਨ ਸੰਘਰਸ਼ ਨੇ ਗਤੀ ਫੜੀ

***ਪੰਜਾਬ-ਹਰਿਆਣਾ ਸਰਹੱਦ ਦੇ ਸਾਰੇ ਲਾਂਘੇ ਸੀਲ ਕੀਤੇ**
***13 ਫਰਵਰੀ ਦੇ ਟਕਰਾਅ ਵਿੱਚ 135 ਜਣੇ ਜ਼ਖਮੀ**




ਹੱਕ ਮੰਗਦਿਆਂ ਨੂੰ 'ਗੋਲੀ' ਅਤੇ ਜ਼ਖਮੀ ਹੋਇਆ ਇੱਕ ਕਿਸਾਨ



**ਪੰਜਾਬੀ ਪਰਵਾਜ਼ ਬਿਊਰੋ**

ਕਿਸਾਨ ਇੱਕ ਵਾਰ ਫਿਰ ਕੇਂਦਰ ਸਰਕਾਰ ਨਾਲ ਆਹਮੋ ਸਾਹਮਣੇ ਹਨ। ਇਸ ਵਾਰ ਸੰਯੁਕਤ ਕਿਸਾਨ ਮੋਰਚਾ ਦੋਫਾੜ ਹੈ, ਦੂਜੇ ਧੜੇ ਨੇ 16 ਫਰਵਰੀ ਨੂੰ ਭਾਰਤ ਬੰਦ ਦਾ ਸੱਦਾ ਦਿੱਤਾ। ਫਿਰ ਵੀ ਕੇਂਦਰ ਅਤੇ ਹਰਿਆਣਾ ਸਰਕਾਰ ਕਿਸਾਨਾਂ ਨਾਲ ਨਜਿੱਠਣ ਲਈ ਪੂਰੀ ਤਿਆਰੀ ਵਿੱਚ ਵਿਖਾਈ ਦਿੰਦੀ ਹੈ। ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ), ਜਿਸ ਵਿੱਚ ਦੇਸ਼ ਭਰ ਵਿੱਚੋਂ 200 ਸੰਗਠਨਾਂ ਦੀ ਸ਼ਮੂਲੀਅਤ ਦੱਸੀ ਜਾ ਰਹੀ ਹੈ, ਐਮ.ਐਸ.ਪੀ. ਦੀ ਕਾਨੂੰਨੀ ਗਾਰੰਟੀ ਅਤੇ ਕਿਸਾਨਾਂ-ਮਜ਼ਦੂਰਾਂ ਦੇ ਮੁਕੰਮਲ ਕਰਜ਼ੇ 'ਤੇ ਲਕੀਰ ਮਾਰਨ ਸਮੇਤ ਪ੍ਰਮੁੱਖ ਮੰਗਾਂ ਨੂੰ ਲੈ ਕੇ ਸੜਕਾਂ 'ਤੇ ਆ ਗਏ ਹਨ ਤੇ ਦਿੱਲੀ ਵੱਲ ਮਾਰਚ ਕਰਨ ਦਾ ਯਤਨ ਕਰ ਰਹੇ ਹਨ। ਇਸ ਦਰਮਿਆਨ ਤਿੰਨ ਕੇਂਦਰੀ ਮੰਤਰੀਆਂ ਨੇ 8 ਅਤੇ 12 ਫਰਵਰੀ ਨੂੰ ਦੋ ਵਾਰ ਕਿਸਾਨ ਆਗੂਆਂ ਨਾਲ ਮੁਲਾਕਾਤ ਕੀਤੀ, ਜਿਹੜੀ ਕਿ ਕਿਸੇ ਹੱਲ 'ਤੇ ਪਹੁੰਚਣ ਵਿੱਚ ਅਸਫਲ ਰਹੀ।

ਵਾਰਤਾ ਟੁੱਟਣ ਤੋਂ ਬਾਅਦ 13 ਫਰਵਰੀ ਨੂੰ ਕਿਸਾਨਾਂ ਨੇ ਸਵੇਰੇ ਦਸ ਵਜੇ ਦਿੱਲੀ ਵੱਲ ਕੂਚ ਕਰਨ ਦਾ ਐਲਾਨ ਕੀਤਾ, ਪਰ ਸ਼ੰਭੂ, ਖਨੌਰੀ ਅਤੇ ਡੱਬਵਾਲੀ ਬਾਰਡਰ 'ਤੇ ਕਈ-ਕਈ ਪਾਲ਼ਾਂ ਵਿੱਚ ਖੜੀਆਂ ਕੀਤੀਆਂ ਗਈਆਂ ਰੋਕਾਂ ਨੂੰ ਤੋੜ ਕੇ ਅੱਗੇ ਵਧਣ ਵਿੱਚ ਅਸਫਲ ਰਹੇ। ਸ਼ੰਭੂ ਬਾਰਡਰ 'ਤੇ ਕਿਸਾਨਾਂ ਵੱਲੋਂ ਦੋ ਰੋਕਾਂ ਤੋੜ ਦਿੱਤੀਆਂ ਗਈਆਂ, ਪਰ ਇਸ ਦੌਰਾਨ ਹੰਝੂ ਗੈਸ ਦੇ ਗੋਲਿਆਂ ਦੀ ਹੋ ਰਹੀ ਤੇਜ਼ ਬਾਰਸ਼ ਅਤੇ ਵਰ੍ਹ ਰਹੀਆਂ ਪੈਲਿਟ ਬੁੱਲਟ (ਰਬੜ ਦੀਆਂ ਗੋਲੀਆਂ) ਕਾਰਨ ਅੱਗੇ ਵਧਣ ਵਿੱਚ ਉਹ ਨਾਕਾਮ ਰਹੇ। ਇਸ ਦੌਰਾਨ ਖਨੌਰੀ ਬਾਰਡਰ 'ਤੇ ਅੱਗੇ ਵਧਣ ਦਾ ਯਤਨ ਕਰ ਰਹੇ ਕਿਸਾਨਾਂ 'ਤੇ ਹਰਿਆਣਾ ਪੁਲਿਸ ਵੱਲੋਂ ਲਾਠੀਚਾਰਜ ਵੀ ਕੀਤਾ ਗਿਆ। ਇਸ ਤੋਂ ਇਲਾਵਾ ਹਰਿਆਣਾ ਵਾਲੇ ਪਾਸਿਉਂ ਆਉਂਦੀਆਂ ਡਰੋਨਾਂ ਨੇ ਵੀ ਕਿਸਾਨਾਂ 'ਤੇ ਹੰਝੂ ਗੈਸ ਦੇ ਗੋਲੇ ਸੁੱਟੇ। ਹੰਝੂ ਗੈਸ ਦੇ ਗੋਲਿਆਂ ਦੀ ਤੇਜ਼ ਬਾਰਸ਼, ਪੁਲਿਸ ਦੇ ਲਾਠੀਚਾਰਜ ਅਤੇ ਕਥਿਤ ਪੱਥਰਬਾਜ਼ੀ ਵਿੱਚ 135 ਲੋਕ ਜ਼ਖਮੀ ਹੋਏ ਦੱਸੇ ਜਾ ਰਹੇ ਹਨ। ਇਨ੍ਹਾਂ ਵਿੱਚ 25 ਦੇ ਕਰੀਬ ਸੁਰੱਖਿਆ ਮੁਲਾਜ਼ਮ ਵੀ ਸ਼ਾਮਲ ਹਨ।

ਕਿਸਾਨ ਮਾਰਚ ਨੂੰ ਵੇਖਦਿਆਂ ਪੰਜਾਬ ਦੇ ਹਰਿਆਣਾ ਨਾਲ ਲਗਦੇ ਸਾਰੇ ਰਸਤੇ ਸੀਲ ਕਰ ਦਿੱਤੇ ਗਏ ਹਨ ਅਤੇ ਉਥੇ ਸੁਰੱਖਿਆ ਫੋਰਸਾਂ ਨੂੰ ਤਾਇਨਾਤ ਕਰ ਦਿੱਤਾ ਗਿਆ ਹੈ। ਹਰਿਆਣਾ ਵਿੱਚ ਨੀਮ ਫੌਜੀ ਦਲਾਂ ਦੀਆਂ 64 ਕੰਪਨੀਆਂ ਤਾਇਨਾਤ ਕੀਤੀਆਂ ਗਈਆਂ ਹਨ। ਇਸ ਕਿਸਾਨ ਸੰਘਰਸ਼ ਦੇ ਮੱਦੇਨਜ਼ਰ ਕੇਂਦਰ ਸਰਕਾਰ ਵੱਲੋਂ ਦਿੱਲੀ ਦੀ ਮੁਕੰਮਲ ਕਿਲੇਬੰਦੀ ਕਰ ਦਿੱਤੀ ਗਈ ਹੈ। ਕੌਮੀ ਰਾਜਧਾਨੀ ਦੇ ਸਿੰਘੂ, ਟਿਕਰੀ ਤੇ ਗਾਜ਼ੀਪੁਰ ਬਾਰਡਰਾਂ ਨੂੰ ਬਹੁਪਰਤੀ ਬੈਰੀਕੇਡਾਂ ਨਾਲ ਸੀਲ ਕਰ ਦਿੱਤਾ ਗਿਆ ਹੈ। ਕੰਡਿਆਲੀਆਂ ਤਾਰਾਂ ਅਤੇ ਸੜਕਾਂ 'ਤੇ ਕਿੱਲ ਗੱਡ ਦਿੱਤੇ ਗਏ ਹਨ। ਦਿੱਲੀ ਵਿੱਚ ਵੀ ਨੀਮ ਫੌਜੀ ਦਸਤੇ ਤਾਇਨਾਤ ਕੀਤੇ ਗਏ ਹਨ ਅਤੇ 12 ਮਾਰਚ ਤੱਕ ਦਫਾ 144 ਤਹਿਤ ਜਨਤਕ ਇਕੱਠਾਂ 'ਤੇ ਪਾਬੰਦੀ ਆਇਦ ਕਰ ਦਿੱਤੀ ਗਈ ਹੈ।

ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਮੌਜੂਦਾ ਕਿਸਾਨ ਸੰਘਰਸ਼ ਦੀ ਅਗਵਾਈ ਬੀ.ਕੇ.ਯੂ. ਸਿੱਧੂਪੁਰ ਦੇ ਆਗੂ ਜਗਜੀਤ ਸਿੰਘ ਡੱਲੇਵਾਲ ਅਤੇ ਮਜ਼ਦੂਰ ਕਿਸਾਨ ਸੰਘਰਸ਼ ਕਮੇਟੀ ਦੇ ਆਗੂ ਸਰਵਣ ਸਿੰਘ ਪੰਧੇਰ ਕਰ ਰਹੇ ਹਨ। ਯਾਦ ਰਹੇ, ਪਿਛਲੇ ਸੰਘਰਸ਼ ਵੇਲੇ ਸਰਵਣ ਸਿੰਘ ਪੰਧੇਰ ਅਲੱਗ-ਥਲੱਗ ਪਏ ਵਿਖਾਈ ਦਿੱਤੇ ਸਨ। ਇਸ ਵਾਰ ਉਹ ਸੰਘਰਸ਼ ਦੇ ਕੇਂਦਰ ਵਿੱਚ ਹਨ। ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਦਾ ਆਧਾਰ ਮੁੱਖ ਰੂਪ ਵਿੱਚ ਪੰਜਾਬ ਦੇ ਮਾਲਵਾ ਖੇਤਰ ਵਿੱਚ ਹੈ, ਜਦਕਿ ਮਜ਼ਦੂਰ ਕਿਸਾਨ ਸੰਘਰਸ਼ ਕਮੇਟੀ ਮੁੱਖ ਤੌਰ 'ਤੇ ਪੰਜਾਬ ਦੇ ਮਾਝਾ ਖੇਤਰ ਵਿੱਚ ਸਰਗਰਮ ਹੈ। ਅਖਬਾਰੀ, ਇਲੈਕਟ੍ਰਾਨਿਕ ਅਤੇ ਸੋਸ਼ਲ ਮੀਡੀਆ 'ਤੇ ਆ ਰਹੀਆਂ ਰਿਪੋਰਟਾਂ ਅਨੁਸਾਰ ਖਨੌਰੀ, ਸ਼ੰਭੂ ਅਤੇ ਡੱਬਵਾਲੀ ਬਾਰਡ 'ਤੇ ਟਰੈਕਟਰ-ਟਰਾਲੀਆਂ ਦੀਆਂ ਲੰਮੀਆਂ ਲਾਈਨਾਂ

⇒ ਬਾਕੀ ਸਫਾ 8 ਉਤੇ ਪੜ੍ਹੋ

# ਪੰਜਾਬ 'ਚ ਚੋਣ ਅਖਾੜਾ ਮਘਿਆ

***ਆਮ ਆਦਮੀ ਪਾਰਟੀ ਵੱਲੋਂ ਪੰਜਾਬ ਅਤੇ ਦਿੱਲੀ 'ਚ ਇਕੱਲਿਆਂ ਚੋਣਾਂ ਲੜਨ ਦਾ ਐਲਾਨ *ਕਾਂਗਰਸ ਵੱਲੋਂ ਕਿਸਾਨ ਸੰਘਰਸ਼ ਦੀ ਹਮਾਇਤ**

**ਪੰਜਾਬੀ ਪਰਵਾਜ਼ ਬਿਊਰੋ**

ਪੰਜਾਬ ਵਿੱਚ ਲੋਕ ਸਭਾ ਲਈ ਚੋਣ ਮੁਹਿੰਮ ਨੇ ਵਾਹਵਾ ਗਤੀ ਫੜ ਲਈ ਹੈ। ਇਸ ਤਹਿਤ ਅਰਵਿੰਦ ਕੇਜਰੀਵਾਲ ਵੱਲੋਂ ਪੰਜਾਬ ਦੇ ਖੰਨਾ ਅਤੇ ਗੋਇੰਦਵਾਲ ਵਿੱਚ ਰੈਲੀਆਂ ਕੀਤੀਆਂ ਗਈਆਂ। ਆਪਣੀ ਖੰਨਾ ਰੈਲੀ ਮੌਕੇ ਕੇਜਰੀਵਾਲ ਨੇ 'ਘਰ ਘਰ ਰਾਸ਼ਣ' ਵਾਲੀ ਆਪਣੀ ਸਕੀਮ ਲਾਂਚ ਕੀਤੀ ਅਤੇ ਨਾਲ ਹੀ ਲੋਕਾਂ ਤੋਂ ਲੋਕ ਸਭਾ ਵਿੱਚ ਆਪਣੇ ਉਮੀਦਵਾਰਾਂ ਲਈ ਵੋਟਾਂ ਦੀ ਮੰਗ ਕੀਤੀ। ਇਸੇ ਤਰ੍ਹਾਂ ਆਪਣੀ ਗੋਇੰਦਵਾਲ ਰੈਲੀ ਦੌਰਾਨ ਉਨ੍ਹਾਂ ਨੇ ਇੱਥੇ ਸਥਿਤ ਥਰਮਲ ਪਲਾਂਟ ਲੋਕਾਂ ਨੂੰ ਸਮਰਪਿਤ ਕੀਤਾ। ਇਹ ਥਰਮਲ ਪਲਾਂਟ ਅਕਾਲੀ ਸਰਕਾਰ ਵੇਲੇ ਕਿਸੇ ਪ੍ਰਾਈਵੇਟ ਫਰਮ ਨੇ ਲਾਇਆ ਸੀ ਅਤੇ ਡਿਫਾਲਟਰ ਚੱਲ ਰਿਹਾ ਸੀ। ਪਿਛਲੇ ਦਿਨੀਂ ਪੰਜਾਬ ਸਰਕਾਰ ਨੇ ਇਸ ਨੂੰ ਖਰੀਦ ਲਿਆ ਸੀ। ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਖਰੀਦ ਨੂੰ ਇਤਿਹਾਸਕ ਦੱਸਦਿਆਂ ਕਿਹਾ ਕਿ ਪਿਛਲੇ 75 ਸਾਲਾਂ ਵਿੱਚ ਸਰਕਾਰਾਂ ਵੱਲੋਂ ਪਬਲਿਕ ਪ੍ਰਾਪਰਟੀਆਂ ਆਪਣੇ ਚਹੇਤਿਆਂ ਜਾਂ ਕਾਰਪੋਰੇਟਾਂ ਨੂੰ ਵੇਚੀਆਂ ਗਈਆਂ ਹਨ। ਅਸੀਂ ਇਹ ਥਰਮਲ ਪਲਾਂਟ ਖਰੀਦ ਕੇ ਨਵੀਂ ਪਿਰਤ ਪਾਈ ਹੈ। ਉਨ੍ਹਾਂ ਨਾਲ ਹੀ ਫਰੀ ਬਿਜਲੀ ਸਮੇਤ ਆਪਣੇ ਲੋਕ ਭਲਾਈ ਕੰਮਾਂ ਦੀ ਤਫਸੀਲ ਗਿਣਾਉਂਦਿਆਂ ਇੱਕ ਵਾਰ ਫਿਰ ਲੋਕ ਸਭਾ ਚੋਣਾਂ ਵਿੱਚ ਪਾਰਟੀ ਨੂੰ ਵੋਟਾਂ ਦੇਣ ਦੀ ਮੰਗ ਕੀਤੀ।

ਇਸ ਦੌਰਾਨ ਕਾਂਗਰਸ ਪਾਰਟੀ ਦੇ ਪ੍ਰਧਾਨ ਮਲਿਕਾਰੁਜਨ ਖੜਗੇ ਵੱਲੋਂ ਵੀ ਸਮਰਾਲਾ ਵਿੱਚ ਇੱਕ ਰੈਲੀ ਦਾ ਆਯੋਜਨ ਕੀਤਾ ਗਿਆ। ਭਾਵੇਂ ਇਸ ਰੈਲੀ ਵਿੱਚ ਰਾਜ ਕਾਂਗਰਸ ਦੀ ਪ੍ਰਮੁੱਖ ਲੀਡਰਸ਼ਿਪ ਮੌਜੂਦ ਸੀ, ਪਰ ਬੇਅੰਤ ਸਿੰਘ ਦੇ ਲੜਕੇ ਰਵਨੀਤ ਸਿੰਘ ਬਿੱਟੂ ਅਤੇ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਗੈਰ-ਹਾਜ਼ਰ ਰਹੇ। ਆਪਣੀ ਇਸ ਰੈਲੀ ਵਿੱਚ ਕਾਂਗਰਸ ਪ੍ਰਧਾਨ ਖੜਗੇ

⇒ ਬਾਕੀ ਸਫਾ 8 ਉਤੇ ਪੜ੍ਹੋ



# AVANTE'

## BANQUETS & CONFERENCE CENTER






## CATERED WEDDING PACKAGE

*INCLUDES THE FOLLOWING:*

6 Hour Venue Rental *Time Extensions are Available
Custom Wedding Cake
Elegant White Linen & Napkins with Floor Length Tablecloth
Champagne Chiavari Chairs
Silk Floral Centerpieces with 12" Mirror
Private Bridal Suite Featuring a Makeup Table & Private Restroom 4
4 Hours Open Bar with Premium Alcohol (with Alcohol Package)
Wine Service Through-out Dinner (with Alcohol Included)
Includes All White Plate-ware, Upgraded Silver Flatware and Glassware
Room Floor-plan Coordinator *Complimentary Parking*
Beautiful Landscape with Carriage, Perfect for Photo Opportunities
20% Service Charge and 8% Sales Tax will be added to All Services



## ADDITIONAL UPGRADES

**LUXURIOUS WHITE LEATHER GUEST OF HONOR CHAIRS**
Choose our plush chairs to help you stand out. And make you feel even more special on your beautiful wedding day.

**CHAMPAGNE TOAST FOR EVERYONE**
Let your guests help to celebrate YOU on YOUR day while raising a glass in your honor.

**DRAPERY:** Beautiful, flowing white drapery to use behind your head table.
**UPLIGHTING:** Includes 6 multicolor LED up lights (Multiple Sets Available)

**SWEET TABLE PACKAGES**
TRADITIONAL and DELUXE

**DISPLAYS:**
ANTIPASTO DISPLAY
MEDITERRANEAN DISPLAY
SEAFOOD TOWER DISPLAY
CALAMARI PLATTER

Late Night Eats Packages

**1050 Northwest Hwy,
Fox River Grove, IL 60021**

**(847) 287-1006**

Office@AvanteBanquets.com
www.AvanteBanquets.com

# ਕਿਸਾਨ ਸੰਘਰਸ਼ ਨੇ ਬਦਲਣੇ ਸ਼ੁਰੂ ਕੀਤੇ ਸਿਆਸੀ ਸਮੀਕਰਨ

**ਜਸਵੀਰ ਸਿੰਘ ਸ਼ੀਰੀ**

## ਅਕਾਲੀ-ਬਸਪਾ ਗੱਠਜੋੜ ਟੁੱਟਿਆ ਅਤੇ ਅਕਾਲੀ-ਭਾਜਪਾ ਗੱਠਜੋੜ ਦੀ ਸੰਭਾਵਨਾ ਮੱਧਮ ਪਈ

ਪੰਜਾਬ-ਹਰਿਆਣਾ ਦੇ ਬਾਰਡਰਾਂ 'ਤੇ ਚੱਲ ਰਹੇ ਕਿਸਾਨ ਅੰਦੋਲਨ ਨੇ ਦੇਸ਼ ਅਤੇ ਪੰਜਾਬ ਦੀ ਸਿਆਸਤ ਤੇ ਸਿਆਸੀ ਗੱਠਜੋੜਾਂ ਨੂੰ ਨਵੇਂ ਸਿਰਿਉਂ ਤਰਤੀਬ ਦੇਣੀ ਸ਼ੁਰੂ ਕਰ ਦਿੱਤੀ ਹੈ। ਪੰਜਾਬ ਵਾਲੇ ਪਾਸੇ ਖੜ੍ਹੇ ਕਿਸਾਨਾਂ ਅਤੇ ਹਰਿਆਣਾ ਵੱਲ ਖੜੀ ਪੁਲਿਸ ਤੇ ਨੀਮ ਫੌਜੀ ਦਲਾਂ ਨੇ ਪੰਜਾਬ-ਹਰਿਆਣਾ ਦੇ ਬਾਰਡਰਾਂ ਨੂੰ ਇਉਂ ਬਣਾ ਦਿੱਤਾ ਹੈ, ਜਿਵੇਂ ਇਹ ਦੋ ਦੇਸ਼ਾਂ ਦੇ ਬਾਰਡਰ ਹੋਣ। ਸਥਿਤੀ ਨੂੰ ਇਸ ਰੁਖ ਤੋਰਨ ਵਿੱਚ ਕੇਂਦਰ ਸਰਕਾਰ ਦੀਆਂ ਗਹਿਰੀਆਂ ਚੋਣ ਗਿਣਤੀਆਂ-ਮਿਣਤੀਆਂ ਵੀ ਹੋ ਸਕਦੀਆਂ ਹਨ ਅਤੇ ਪਿਛਲੇ ਕਿਸਾਨ ਅੰਦੋਲਨ ਵਿੱਚ ਪੰਜਾਬ ਅਤੇ ਹਰਿਆਣਾ ਦੇ ਕਿਸਾਨਾਂ ਵਿੱਚ ਬਣੀ ਸਾਂਝ ਨੂੰ ਤੋੜਨ ਦਾ ਫਿਰਕੂ ਨਿਸ਼ਾਨਾ ਵੀ।

ਆਪਣੇ ਇੱਕੋ ਤੀਰ ਨਾਲ ਕੇਂਦਰ ਅਤੇ ਹਰਿਆਣਾ ਸਰਕਾਰ ਕਈ ਨਿਸ਼ਾਨੇ ਫੁੰਡਦੀਆਂ ਵਿਖਾਈ ਦੇ ਰਹੀਆਂ ਹਨ। ਇੱਕ ਪਾਸੇ ਪੰਜਾਬ ਦੇ ਕਿਸਾਨਾਂ 'ਤੇ ਅੱਥਰੂ ਗੈਸ ਦੇ ਗੋਲਿਆਂ ਅਤੇ ਪਲਾਸਟਿਕ ਦੀਆਂ ਗੋਲੀਆਂ ਵਰ੍ਹਾਈਆਂ ਜਾ ਰਹੀਆਂ ਸਨ, ਦੂਜੇ ਪਾਸੇ ਪੰਜਾਬ ਵਿੱਚ ਅਕਾਲੀ ਦਲ (ਬਾਦਲ) ਨਾਲ ਗੱਠਜੋੜ ਲਈ ਸੁਖਬੀਰ ਸਿੰਘ ਬਾਦਲ ਨੂੰ ਦਿੱਲੀ ਬੁਲਾਇਆ ਗਿਆ ਸੀ। ਇਹ ਵੀ ਦੱਸਿਆ ਜਾ ਰਿਹਾ ਕਿ ਵੱਖਰੇ ਅਕਾਲੀ ਦਲ ਦੇ ਆਗੂ ਸੁਖਦੇਵ ਸਿੰਘ ਢੀਂਡਸਾ ਵੀ ਦਿੱਲੀ ਵਿੱਚ ਹੀ ਸਨ। ਸੁਖਬੀਰ ਬਾਦਲ ਪਿਛਲੇ ਕੁਝ ਸਮੇਂ ਤੋਂ ਬਹੁਜਨ ਸਮਾਜ ਪਾਰਟੀ ਦੀ ਲੀਡਰਸ਼ਿਪ ਨੂੰ ਚੋਰ ਭਲਾਈਆਂ ਦੇ ਕੇ ਭਾਜਪਾ ਨਾਲ ਗੱਲਬਾਤ ਦਾ ਯਤਨ ਕਰ ਰਹੇ ਸਨ, ਪਰ ਇਸ ਕੋਸ਼ਿਸ਼ ਦੇ ਐਨ ਵਿਚਕਾਰ ਬਹੁਜਨ ਸਮਾਜ ਪਾਰਟੀ ਨੇ ਅਕਾਲੀ ਦਲ ਨਾਲੋਂ ਆਪਣਾ ਗੱਠਜੋੜ ਤੋੜਨ ਦਾ ਐਲਾਨ ਕਰ ਦਿੱਤਾ ਹੈ। ਬਹੁਜਨ ਸਮਾਜ ਪਾਰਟੀ ਦੇ ਆਗੂ ਜਸਵੀਰ ਗੜ੍ਹੀ ਨੇ ਪਹਿਲਾਂ ਵੀ ਅਕਾਲੀ ਦਲ ਨਾਲੋਂ ਨਾਤਾ ਤੋੜਨ ਦਾ ਐਲਾਨ ਕਰ ਦਿੱਤਾ ਸੀ, ਪਰ ਅਕਾਲੀ ਦਲ ਦੀਆਂ ਯਕੀਨਦਹਾਨੀਆਂ ਅਤੇ ਆਪਣੀ ਸੀਨੀਅਰ ਲੀਡਰਸ਼ਿਪ ਦੇ ਆਖਣ 'ਤੇ ਇਸ ਗੱਠਜੋੜ ਨੂੰ ਕਾਇਮ ਰੱਖਣ ਬਾਰੇ ਮੁੜ ਬਿਆਨ ਦੇ ਦਿੱਤਾ। ਸ. ਗੜ੍ਹੀ ਨੇ ਇਹ ਵੀ ਆਖਿਆ ਸੀ ਕਿ ਦੋ ਘਰਾਂ ਦਾ ਪ੍ਰਾਹੁਣਾ ਅਕਸਰ ਭੁੱਖਾ ਰਹਿ ਜਾਇਆ ਕਰਦਾ ਹੈ। ਅਕਾਲੀ ਦਲ ਦੀ ਲੀਡਰਸ਼ਿਪ ਵੱਲੋਂ ਭਾਜਪਾ ਨਾਲ ਖੇਡੀਆਂ ਜਾ ਰਹੀਆਂ ਲਿੱਚਗੜਿੱਚੀਆਂ ਦੇ ਮੱਦੇਨਜ਼ਰ ਪੰਜਾਬ ਬਸਪਾ ਨੇ ਫੈਸਲਾ ਕਰ ਲਿਆ ਹੈ ਕਿ ਉਹ ਆ ਰਹੀਆਂ ਲੋਕ ਸਭਾ ਚੋਣਾਂ ਇਕੱਲਿਆਂ ਲੜੇਗੀ ਅਤੇ ਸਾਰੀਆਂ ਸੀਟਾਂ 'ਤੇ ਆਪਣੇ ਉਮੀਦਵਾਰ ਖੜ੍ਹੇ ਕਰੇਗੀ।

ਅਕਾਲੀ-ਬਸਪਾ ਗੱਠਜੋੜ ਦੇ ਟੁੱਟਣ ਨਾਲ ਪੰਜਾਬ ਵਿੱਚ ਕਈ ਹੋਰ ਸਿਅਸੀ ਸੰਭਾਵਨਾਵਾਂ ਖੁੱਲ੍ਹ ਗਈਆਂ ਹਨ। ਹਾਲ ਦੀ ਘੜੀ ਭਾਵੇਂ ਬਸਪਾ ਲੀਡਰਸ਼ਿਪ ਨੇ ਕਿਹਾ ਹੈ ਕਿ ਉਹ ਪੰਜਾਬ ਦੀਆਂ ਸਾਰੀਆਂ ਸੀਟਾਂ 'ਤੇ ਇਕੱਲਿਆਂ ਚੋਣਾਂ ਲੜੇਗੀ, ਪਰ ਇਸ ਪਾਰਟੀ ਵਲੋਂ ਕਾਂਗਰਸ ਪਾਰਟੀ ਨਾਲ ਗੱਠਜੋੜ ਵਿੱਚ ਜਾਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਨਵੀਂ ਸਥਿਤੀ ਵਿੱਚ ਜਦੋਂ ਕਿਸਾਨ ਸੰਘਰਸ਼ ਸਾਰੇ ਸਿਆਸੀ ਗੱਠਜੋੜਾਂ ਨੂੰ ਨਵੇਂ ਸਿਰਿਉਂ ਪ੍ਰਭਾਸ਼ਤ ਕਰਨ ਵੱਲ ਤੁਰ ਪਿਆ ਹੈ ਤਾਂ ਪੰਜਾਬ ਦਾ ਚੋਣ ਦ੍ਰਿਸ਼ ਹੋਰ ਗੁੰਝਲਦਾਰ ਹੋ ਗਿਆ ਹੈ। ਇੱਕ ਪਾਸੇ ਤਾਂ ਪੰਜਾਬ ਦੇ ਪੇਂਡੂ ਖੇਤਰਾਂ ਵਿੱਚ ਭਾਰਤੀ ਜਨਤਾ ਪਾਰਟੀ ਦੇ ਹੋਰ ਅਲੱਗ-ਥਲੱਗ ਹੋ ਜਾਣ ਦੇ ਆਸਾਰ ਪੈਦਾ ਹੋ ਗਏ ਹਨ; ਦੂਜੇ ਪਾਸੇ ਅਕਾਲੀ-ਬਸਪਾ ਗੱਠਜੋੜ ਟੁੱਟਣ ਅਤੇ ਭਜਪਾ ਨਾਲ ਨੇੜਤਾ ਦੀ ਝਾਕ ਰੱਖਣ ਕਾਰਨ ਪੇਂਡੂ ਪੰਜਾਬ ਵਿੱਚ ਕਿਸਾਨੀ ਆਧਾਰ ਨੂੰ ਹੋਰ ਖੋਰਾ ਲੱਗ ਸਕਦਾ ਹੈ। ਇਸ ਦਰਮਿਆਨ ਹੀ ਅਕਾਲੀ ਦਲ (ਬਾਦਲ) ਦੇ ਦੋ ਜਾਣੇ-ਪਛਾਣੇ ਆਗੂਆਂ- ਹਰਪਾਲ ਜੁਨੇਜਾ ਅਤੇ ਗੁਰਸ਼ਰਨ ਸਿੰਘ ਦੇ ਆਮ ਆਦਮੀ ਪਾਰਟੀ ਵਿੱਚ ਚਲੇ ਜਾਣ ਦੀ ਖਬਰ ਆ ਗਈ ਹੈ।

ਪੰਜਾਬ ਦੇ ਕਿਸਾਨਾਂ ਨਾਲ ਹਰਿਆਣਾ ਦੀ ਭਾਜਪਾ ਸਰਕਾਰ ਵੱਲੋਂ ਦੋਨਹਾਂ ਰਾਜਾਂ ਦੀ ਸਰਹੱਦ 'ਤੇ ਜਿਵੇਂ ਨਿਪਟਿਆ ਜਾ ਰਿਹਾ ਹੈ, ਉਸ ਦੀ ਭਾਵੇਂ ਸੁਖਬੀਰ ਸਿੰਘ ਬਾਦਲ ਨੇ ਵੀ ਨਿੰਦਿਆ ਕੀਤੀ ਹੈ ਤੇ ਸੁਖਦੇਵ ਸਿੰਘ ਢੀਂਡਸਾ ਨੇ ਵੀ, ਪਰ ਕਿਸਾਨ ਸੰਘਰਸ਼ ਦੇ ਮਘਣ ਦੇ ਮੱਦੇਨਜ਼ਰ ਅਕਾਲੀ-ਭਾਜਪਾ ਦੇ ਗੱਠਜੋੜ ਵਾਲੇ ਆਸਾਰ ਜ਼ਰੂਰ ਖਟਾਈ ਵਿੱਚ ਪੈ ਗਏ ਹਨ। ਪੈਦਾ ਹੋਈ ਨਵੀਂ ਹਾਲਤ ਦੇ ਬਾਵਜੂਦ ਜੇ ਅਕਾਲੀ ਦਲ ਵਾਲੇ ਭਾਜਪਾ ਨਾਲ ਸਮਝੌਤਾ ਕਰਨ ਵੱਲ ਵਧਦੇ ਹਨ ਤਾਂ ਭਾਜਪਾ ਨੂੰ ਤਾਂ ਭਾਵੇਂ ਸ਼ਹਿਰੀ ਖੇਤਰਾਂ ਵਿੱਚ ਕੋਈ ਫਾਇਦਾ ਹੋ ਜਾਵੇ, ਪਰ ਅਕਾਲੀਆਂ ਨੂੰ ਇਸ ਦਾ ਗੰਭੀਰ ਨੁਕਸਾਨ ਝੱਲਣਾ ਪਏਗਾ।

ਬਹੁਜਨ ਸਮਾਜ ਪਾਰਟੀ ਨੇ ਅਕਾਲੀਆਂ ਨਾਲ ਸਮਝੌਤਾ ਤੋੜਨ ਦੇ ਕਾਰਨਾਂ ਦਾ ਜ਼ਿਕਰ ਕਰਦਿਆਂ ਕਿਹਾ ਹੈ ਕਿ ਅਕਾਲੀ ਦਲ ਲਗਾਤਾਰ ਪਾਰਟੀ ਦੀ ਸਟੇਟ ਲੀਡਰਸ਼ਿਪ ਨਾਲ ਤਾਲਮੇਲ ਕਰਨ ਤੋਂ ਪਿੱਛੇ ਹਟ ਰਿਹਾ ਸੀ। ਬਸਪਾ ਦੀ ਲੀਡਰਸ਼ਿੱਪ ਅਨੁਸਾਰ ਬੀਤੇ ਦਿਨੀਂ ਲੋਕ ਸਭਾ ਚੋਣਾਂ ਲਈ ਦੋਹਾਂ ਪਾਰਟੀਆਂ ਦੀ ਬਣੀ ਤਾਲਮੇਲ ਕਮੇਟੀ ਦੀ ਮੀਟਿੰਗ ਅੰਮ੍ਰਿਤਸਰ ਵਿੱਚ ਰੱਖੀ ਗਈ ਸੀ, ਪਰ ਅਕਾਲੀ ਆਗੂ ਉਸ ਮੀਟਿੰਗ ਵਿੱਚ ਸ਼ਾਮਲ ਹੋਣ ਦੀ ਬਜਾਏ ਪਾਰਟੀ ਦੀ 'ਪੰਜਾਬ ਬਚਾਓ ਯਾਤਰਾ' ਵਿੱਚ ਸ਼ਾਮਲ ਹੋ ਗਏ। ਇਸ ਤੋਂ ਪਿੱਛੋਂ ਅਕਾਲੀ ਦਲ ਦੇ ਚੰਡੀਗੜ੍ਹ ਦਫਤਰ ਵਿੱਚ ਰੱਖੀ ਗਈ ਤਾਲਮੇਲ ਕਮੇਟੀ ਦੀ ਮੀਟਿੰਗ ਤੋਂ ਵੀ ਅਕਾਲੀ ਦਲ ਦੇ ਆਗੂ ਗੈਰ-ਹਾਜ਼ਰ ਹੋ ਗਏ। ਇਸ ਤਰ੍ਹਾਂ ਇਨ੍ਹਾਂ ਦੋ ਮੀਟਿੰਗਾਂ ਦੌਰਾਨ ਪੰਜਾਬ ਬਸਪਾ ਨੂੰ ਅਕਾਲੀ ਦਲ ਵੱਲੋਂ ਮਾਯੂਸੀ ਦਾ ਸਾਹਮਣਾ ਕਰਨਾ ਪਿਆ। ਬਸਪਾ ਲੀਡਰਾਂ ਦਾ ਇਹ ਵੀ ਇਤਰਾਜ਼ ਹੈ ਕਿ ਅਕਾਲੀ ਦਲ ਵਾਲੇ ਕੀ ਕਰ ਰਹੇ ਹਨ ਜਾਂ ਕਿਹੜੀ ਪਾਰਟੀ ਨਾਲ ਸਮਝੌਤਾ ਕਰਨਾ ਚਾਹੁੰਦੇ ਹਨ, ਇਸ ਬਾਰੇ ਬਸਪਾ ਨੂੰ ਕੁੱਝ ਵੀ ਦੱਸ ਨਹੀਂ ਸਨ ਰਹੇ।

ਕੁਝ ਸਿੱਖ ਵਿਦਵਾਨ ਅਕਾਲੀ-ਬਸਪਾ ਗੱਠਜੋੜ ਨੂੰ ਇੱਕ ਕੁਦਰਤੀ ਗੱਠਜੋੜ ਆਖ ਰਹੇ ਸਨ, ਪਰ ਅਕਾਲੀ ਲੀਡਰਸ਼ਿਪ ਸ਼ਾਇਦ ਆਪਣੇ 'ਕਾਰੋਬਾਰੀ ਮੁਨਾਫਿਆਂ' ਕਾਰਨ ਮੁੜ-ਮੁੜ ਭਾਜਪਾ ਵੱਲ ਜਾਣ ਦਾ ਯਤਨ ਕਰ ਰਹੀ ਸੀ। ਪੰਜਾਬ ਵਿੱਚੋਂ ਦੁਬਾਰਾ ਸਰਗਰਮ ਹੋ ਰਹੇ ਕਿਸਾਨ-ਮਜ਼ਦੂਰ ਸੰਘਰਸ਼ ਦੇ ਦਰਮਿਆਨ ਅਕਾਲੀਆਂ ਨੂੰ ਬਸਪਾ ਨਾਲ ਰਹਿ ਕੇ ਜ਼ਿਆਦਾ ਫਾਇਦਾ ਹੋਣਾ ਸੀ, ਬਨਿਸਬਤ ਭਾਜਪਾ ਦੇ। ਅਮੀਰ ਕਿਸਾਨੀ ਦੀ ਨੁਮਾਇੰਦਗੀ ਕਰਦੀ ਮੌਜੂਦਾ ਕਿਸਾਨ ਲੀਡਰਸ਼ਿਪ ਨਾਲੋਂ ਦੇਸ਼ ਦੇ ਮੌਜੂਦਾ ਹਾਲਤ ਬਾਰੇ ਬਸਪਾ ਲੀਡਰਸ਼ਿੱਪ ਵਧੇਰੇ ਸੁਜੱਗ ਜਾਪਦੀ ਹੈ। ਬਸਪਾ ਆਗੂਆਂ ਨੇ ਸਪਸ਼ਟ ਕਿਹਾ ਹੈ ਕਿ ਭਾਰਤੀ ਜਨਤਾ ਪਾਰਟੀ ਦਲਿੱਤਾਂ, ਪੱਛੜੀਆਂ ਸ਼੍ਰੇਣੀਆਂ, ਘੱਟਗਿਣਤੀਆਂ ਅਤੇ ਕਿਸਾਨਾਂ ਨੂੰ ਕੁਚਲਣ ਦੇ ਰਾਹ ਪਈ ਹੋਈ ਹੈ ਅਤੇ ਗੈਰ-ਸੰਵਿਧਾਨਕ ਨੀਤੀਆਂ ਅਪਨਾ ਰਹੀ ਹੈ। ਪੰਜਾਬ ਬਸਪਾ ਦੇ ਮਾਮਲਿਆਂ ਦੇ ਇੰਚਾਰਜ ਰਣਧੀਰ ਸਿੰਘ ਬੈਨੀਵਾਲ ਨੇ ਕਿਹਾ ਕਿ ਬਸਪਾ ਕਦੀ ਵੀ ਭਾਜਪਾ ਨਾਲ ਨਹੀਂ ਜਾ ਸਕਦੀ, ਕਿਉਂਕਿ ਇੱਕ ਪਾਸੇ ਤਾਂ ਇਹ ਪਾਰਟੀ ਸੰਵਿਧਾਨ ਨੂੰ ਬਦਲਣ ਦੇ ਰਾਹ ਪਈ ਹੋਈ ਹੈ, ਦੂਜੇ ਪਾਸੇ ਕਿਸਾਨੀ ਮਸਲਿਆਂ, ਬੰਦੀ ਸਿੰਘਾਂ ਦੀ ਰਿਹਾਈ ਆਦਿ 'ਤੇ ਬਿਲਕੁਲ ਉਲਟਾ ਸਟੈਂਡ ਲਈ ਖੜੀ ਹੈ।

ਬਸਪਾ ਦੇ ਉਪਰੋਕਤ ਸਟੈਂਡ 'ਤੇ ਆਪਣੇ ਆਪ ਨੂੰ ਦਰੁਸਤ ਕਰਨ ਦਾ ਯਤਨ ਕਰਦਿਆਂ ਅਕਾਲੀ ਦਲ ਦੇ ਸੀਨੀਅਰ ਆਗੂ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਭਾਜਪਾ ਨਾਲ ਗੱਠਜੋੜ ਬਾਰੇ ਬਸਪਾ ਲੀਡਰਸ਼ਿਪ ਨੂੰ ਗਲਤਫਹਿਮੀ ਹੋਈ ਹੈ। ਇਸ ਬਾਰੇ ਸਫਾਈ ਦਿੰਦਿਆਂ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਵੀ ਕਿਹਾ ਸੀ ਕਿ ਉਹ ਤਾਂ 'ਪੰਜਾਬ ਬਚਾਉ ਯਾਤਰਾ' ਵਿੱਚ ਰੁਝੇ ਹੋਏ ਹਨ, ਭਾਜਪਾ ਨਾਲ ਕਿਸ ਤਰ੍ਹਾਂ ਗੱਲਬਾਤ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਇਹ ਸਭ ਅਫਵਾਹਾਂ ਹਨ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਬੀਤੀ 10 ਫਰਵਰੀ ਨੂੰ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਵੀ ਕਿਹਾ ਸੀ ਕਿ ਅਕਾਲੀ ਦਲ ਨਾਲ ਗੱਠਜੋੜ ਵਾਸਤੇ ਗੱਲਬਾਤ ਚੱਲ ਰਹੀ ਹੈ, ਪਰ ਹਾਲੇ ਤੱਕ ਇਹ ਕਿਸੇ ਸਿੱਟੇ 'ਤੇ ਨਹੀਂ ਪਹੁੰਚ ਰਹੀ।

ਕੁਝ ਜਾਣਕਾਰਾਂ ਅਨੁਸਾਰ ਭਾਜਪਾ ਸਿਰਫ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਗੱਠਜੋੜ ਕਰਨ ਦੀ ਚਾਹਵਾਨ ਸੀ, ਜਦਕਿ ਅਕਾਲੀ ਇਸ ਨੂੰ ਵਿਧਾਨ ਸਭਾ ਚੋਣਾਂ ਤੱਕ ਅੱਗੇ ਤੋਰਨ ਦੀ ਗੱਲ ਆਖ ਰਹੇ ਸਨ। ਇਸ ਤੋਂ ਇਲਾਵਾ ਲੋਕ ਸਭਾ ਦੀਆਂ ਸੀਟਾਂ ਦੀ ਵੰਡ ਵੰਡਾਈ ਨੂੰ ਲੈ ਕੇ ਵੀ ਰੇੜਕਾ ਚੱਲ ਰਿਹਾ ਸੀ। ਭਾਜਪਾ ਲੋਕ ਸਭਾ ਦੀਆਂ ਛੇ ਸੀਟਾਂ 'ਤੇ ਚੋਣ ਲੜਨ ਦੀ ਇੱਛਾ ਪਰਗਟ ਕਰ ਰਹੀ ਸੀ, ਜਦਕਿ ਅਕਾਲੀ ਦਲ ਭਾਜਪਾ ਨੂੰ ਸਿਰਫ 4 ਸੀਟਾਂ ਛੱਡਣ ਦੇ ਹੱਕ ਵਿੱਚ ਸੀ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਅਕਾਲੀ ਦਲ ਨੇ ਬੀਤੀ ਪਹਿਲੀ ਫਰਵਰੀ ਤੋਂ 'ਪੰਜਾਬ ਬਚਾਉ ਯਾਤਰਾ' ਸ਼ੁਰੂ ਕੀਤੀ ਹੋਈ ਹੈ। ਇਸ ਯਾਤਰਾ ਰਾਹੀਂ ਉਹ ਆਪਣਾ ਜਨਤਕ ਆਧਾਰ ਮੁੜ ਸੁਰਜੀਤ ਕਰਨ ਦਾ ਯਤਨ ਕਰ ਰਹੇ ਹਨ। ਉਧਰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਹੈ ਕਿ ਅਕਾਲੀਆਂ ਦੀ ਇਹ ਯਾਤਰਾ ਪੰਜਾਬ ਬਚਾਉ ਯਾਤਰਾ ਨਹੀਂ, ਸਗੋਂ 'ਪਰਿਵਾਰ ਬਚਾਉ ਯਾਤਰਾ' ਹੈ। ਅਕਾਲੀ ਦਲ ਦਾ ਆਖਣਾ ਹੈ ਕਿ ਆਮ ਆਦਮੀ ਪਾਰਟੀ ਰਾਜ ਦੇ ਹਿੱਤਾਂ ਨੂੰ ਦਾਅ 'ਤੇ ਲਗਾ ਕੇ ਆਪਣੀ ਕੌਮੀ ਸਿਆਸਤ ਪ੍ਰਮੋਟ ਕਰ ਰਹੀ ਹੈ, ਜਦਕਿ ਅਕਾਲੀ ਦਲ ਕਿਉਂਕਿ ਇੱਕ ਖੇਤਰੀ ਪਾਰਟੀ ਹੈ, ਇਸ ਲਈ ਰਾਜ ਦੇ ਹਿੱਤਾਂ ਨੂੰ ਸਮਰਪਿਤ ਹੈ।



# ਹਜ਼ੂਰ ਸਾਹਿਬ ਦੇ ਪ੍ਰਬੰਧਕੀ ਬੋਰਡ ਐਕਟ 'ਚ ਸੋਧ ਦਾ ਵਿਆਪਕ ਵਿਰੋਧ

## ਸਿੱਖ ਆਗੂਆਂ ਵੱਲੋਂ ਐਕਟ ਵਿੱਚ ਸੋਧ ਵਾਪਸ ਲੈਣ ਦੀ ਮੰਗ

**ਜਸਵੀਰ ਸਿੰਘ ਸ਼ੀਰੀ**

ਮਹਾਰਾਸ਼ਟਰ ਸਰਕਾਰ ਵੱਲੋਂ ਗੁਰਦੁਆਰਾ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਅਬਚਲ ਨਗਰ ਨਾਂਦੇੜ ਸਾਹਿਬ ਐਕਟ 1956 ਵਿੱਚ ਸੋਧ ਕੀਤੇ ਜਾਣ ਵਿਰੁਧ ਸਿੱਖ ਸੰਸਥਾਵਾਂ ਨੇ ਲਗਪਗ ਸਮੂਹਿਕ ਤੌਰ 'ਤੇ ਤਿੱਖੇ ਪ੍ਰਤੀਕਰਮ ਪ੍ਰਗਟ ਕੀਤੇ ਹਨ। ਇਸ ਸੋਧ ਖਿਲਾਫ ਸਿੱਖ ਭਾਈਚਾਰੇ ਵੱਲੋਂ ਨਾਂਦੇੜ ਸਾਹਿਬ ਵਿਖੇ ਲੰਘੀ 9 ਫਰਵਰੀ ਨੂੰ ਇੱਕ ਪ੍ਰਦਰਸ਼ਨ ਵੀ ਜਥੇਬੰਦ ਕੀਤਾ ਗਿਆ। ਸਥਾਨਕ ਸਿੱਖਾਂ ਤੋਂ ਇਲਾਵਾ ਇਸ ਪ੍ਰਦਰਸ਼ਨ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਡਾ. ਦਲਜੀਤ ਸਿੰਘ, ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੇ ਨੁਮਾਇੰਦੇ ਵਜੋਂ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ, ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਰਜਿੰਦਰ ਸਿੰਘ ਮਹਿਤਾ, ਮੈਂਬਰ ਅਜਮੇਰ ਸਿੰਘ ਖੇੜਾ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੇ ਓ.ਐਸ.ਡੀ. ਸਤਬੀਰ ਸਿੰਘ ਧਾਮੀ ਆਦਿ ਆਗੂਆਂ ਨੇ ਹਿੱਸਾ ਲਿਆ। ਇਸ ਰੋਸ ਮਾਰਚ ਵਿੱਚ ਸਿੱਖ ਸੰਗਤ ਵੱਲੋਂ ਸਰਕਾਰ ਦੇ ਉਸ ਫੈਸਲੇ ਦਾ ਵਿਰੋਧ ਕੀਤਾ ਗਿਆ, ਜਿਸ 'ਚ ਭਾਜਪਾ ਵੱਲੋਂ ਹਮਾਇਤ ਪ੍ਰਾਪਤ ਮਹਾਰਾਸ਼ਟਰ ਦੀ ਸਰਕਾਰ ਨੇ ਗੁਰਦੁਆਰਾ ਹਜ਼ੂਰ ਸਾਹਿਬ ਅਬਚਲ ਨਗਰ ਬੋਰਡ ਐਕਟ ਵਿੱਚ ਸੋਧ ਕਰ ਦਿੱਤੀ ਹੈ।

ਇਸ ਸੋਧੇ ਹੋਏ ਐਕਟ ਅਨੁਸਾਰ ਬੋਰਡ ਦੇ ਬਹੁਗਿਣਤੀ ਮੈਂਬਰ ਹੁਣ ਮਹਾਰਾਸ਼ਟਰ ਸਰਕਾਰ ਵੱਲੋਂ ਨਾਮਜ਼ਦ ਕੀਤੇ ਜਾਣਗੇ; ਜਦਕਿ ਹੁਣ ਤੱਕ 1956 ਦੇ ਐਕਟ ਅਨੁਸਾਰ 17 ਮੈਂਬਰੀ ਬੋਰਡ ਹੀ ਗੁਰਦੁਆਰਾ ਸਾਹਿਬ ਦੀ ਮੈਨੇਜਮੈਂਟ ਸੰਭਾਲਦਾ ਸੀ। ਬੋਰਡ ਵਿੱਚ 4 ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਾਮਜ਼ਦ ਕੀਤੇ ਜਾਂਦੇ ਸਨ। ਚਾਰ ਹੋਰ ਸੱਚਖੰਡ ਹਜ਼ੂਰ ਸਾਹਿਬ ਖਾਲਸਾ ਦੀਵਾਨ ਦੇ ਮੈਂਬਰ ਨਾਮਜ਼ਦ ਹੁੰਦੇ ਸਨ। ਇਸ ਤੋਂ ਇਲਾਵਾ ਦੋ ਸਿੱਖ ਪਾਰਲੀਮੈਂਟ ਮੈਂਬਰ ਬੋਰਡ ਦੇ ਮੈਂਬਰ ਬਣਾਏ ਜਾਂਦੇ ਸਨ। ਇੱਕ ਮੈਂਬਰ ਚੀਫ ਖਾਲਸਾ ਦੀਵਾਨ ਵੱਲੋਂ ਨਾਮਜ਼ਦ ਕੀਤਾ ਜਾਂਦਾ ਸੀ। ਇਸ ਬੋਰਡ ਦੇ ਤਿੰਨ ਮੈਂਬਰ ਮਰਾਠਵਾੜਾ ਦੇ ਸੱਤ ਜ਼ਿਲ੍ਹਿਆਂ ਵਿੱਚੋਂ ਸਿੱਧੇ ਤੌਰ 'ਤੇ ਚੁਣੇ ਜਾਂਦੇ ਸਨ। ਇੱਕ-ਇੱਕ ਮੈਂਬਰ ਮਹਾਰਾਸ਼ਟਰ ਅਤੇ ਆਂਧਰਾ ਪ੍ਰਦੇਸ਼ ਵਿੱਚੋਂ ਚੁਣਿਆ ਜਾਂਦਾ ਸੀ; ਪਰ ਨਵੀਂ ਸੋਧ ਅਨੁਸਾਰ 17 ਵਿੱਚੋਂ 12 ਮੈਂਬਰ ਮਹਾਰਾਸ਼ਟਰ ਸਰਕਾਰ ਵੱਲੋਂ ਨਾਮਜ਼ਦ ਕੀਤੇ ਜਾਣਗੇ। ਤਿੰਨ ਮੈਂਬਰਾਂ ਦੀ ਸਿੱਧੀ ਚੋਣ ਹੋਵੇਗੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 2 ਮੈਂਬਰ ਨਾਮਜ਼ਦ ਕੀਤੇ ਜਾ ਸਕਣਗੇ। ਸਿੱਖ ਪਾਰਲੀਮਾਨੀ ਮੈਂਬਰਾਂ ਦੀ ਕੋਈ ਨੁਮਾਇੰਦਗੀ ਨਹੀਂ ਹੋਵੇਗੀ। ਇਸ ਤਰ੍ਹਾਂ ਲਗਦਾ ਹੈ ਕਿ ਇਸ ਮਹੱਤਵਪੂਰਨ ਗੁਰਦੁਆਰਾ ਸਾਹਿਬ, ਜਿਸ ਦਾ ਸਾਲਾਨਾ ਬਜਟ 100 ਕਰੋੜ ਰੁਪਏ ਦਾ ਹੈ, ਦਾ ਪ੍ਰਬੰਧ ਮਹਾਰਾਸ਼ਟਰ ਸਰਕਾਰ ਨੇ ਸਿੱਧੇ ਤੌਰ 'ਤੇ ਆਪਣੇ ਪ੍ਰਭਾਵ ਹੇਠ ਲੈ ਲਿਆ ਹੈ। ਉਂਝ ਇਸ ਦੌਰਾਨ ਮਹਾਰਾਸ਼ਟਰ ਸਰਕਾਰ ਨੇ ਸਾਫ ਕੀਤਾ ਹੈ ਕਿ ਗੁਰਦੁਆਰਾ ਬੋਰਡ ਦੇ ਸਾਰੇ ਮੈਂਬਰ 'ਸਿੱਖ' ਹੋਣਗੇ।

ਮਹਾਰਾਸ਼ਟਰ ਸਰਕਾਰ ਵੱਲੋਂ ਕੀਤੀ ਗਈ ਉਪਰੋਕਤ ਸੋਧ ਖਿਲਾਫ ਸਿੱਖ ਜਗਤ ਵਿੱਚ ਵਿਆਪਕ ਵਿਰੋਧ ਦੀ ਆਵਾਜ਼ ਉਠ ਰਹੀ ਹੈ। ਹਰ ਰੰਗ ਦੀਆਂ ਸਿੱਖ ਜਥੇਬੰਦੀਆਂ ਇਸ ਦਾ ਵਿਰੋਧ ਕਰ ਰਹੀਆਂ ਹਨ। ਇਸੇ ਦੌਰਾਨ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਇਸ ਨੂੰ ਸਿੱਖ ਧਾਰਮਿਕ ਮਾਮਲਿਆਂ 'ਚ ਸਿੱਧਾ ਦਖਲ ਕਰਾਰ ਦਿੰਦਿਆਂ ਕਿਹਾ ਕਿ ਸਿੱਖ ਪੰਥ ਆਪਣੇ ਗੁਰਧਾਮਾਂ ਦੇ ਪ੍ਰਬੰਧ ਵਿੱਚ ਸਰਕਾਰੀ ਦਖਲ ਬਰਦਾਸ਼ਤ ਨਹੀਂ ਕਰੇਗਾ। ਉਨ੍ਹਾਂ ਸ਼੍ਰੋਮਣੀ ਕਮੇਟੀ ਨੂੰ ਆਦੇਸ਼ ਜਾਰੀ ਕੀਤਾ ਕਿ ਉਕਤ ਮਸਲੇ ਸਬੰਧੀ ਮਹਾਰਾਸ਼ਟਰ ਸਰਕਾਰ ਨਾਲ ਗੱਲਬਾਤ ਕਰਕੇ ਸਿੱਖ ਵਿਰੋਧ ਵਾਲਾ ਫੈਸਲਾ ਵਾਪਸ ਕਰਵਾਇਆ ਜਾਵੇ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਇਸ ਸੋਧ ਦੇ ਵਿਰੋਧ ਵਿੱਚ ਮਹਾਰਾਸ਼ਟਰ ਦੇ ਮੁੱਖ ਮੰਤਰੀ ਏਕਨਾਥ ਸ਼ਿੰਦੇ ਨੂੰ ਇੱਕ ਪੱਤਰ ਵੀ ਲਿਖਿਆ ਗਿਆ ਹੈ ਅਤੇ ਮੁਲਾਕਾਤ ਲਈ ਸਮਾਂ ਮੰਗਿਆ ਗਿਆ ਹੈ। ਸ. ਧਾਮੀ ਨੇ ਕਿਹਾ ਕਿ ਮਹਾਰਾਸ਼ਟਰ ਸਰਕਾਰ ਵੱਲੋਂ ਗੁਰਦੁਆਰਾ ਬੋਰਡ ਨਾਲ ਛੇੜ-ਛਾੜ ਸਿੱਖ ਧਾਰਮਿਕ ਸਥਾਨਾਂ 'ਤੇ ਕਬਜ਼ਾ ਕਰਨ ਦੀ ਕਾਰਵਾਈ ਹੈ। ਇਸੇ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਵੀ ਤਖਤ ਸ੍ਰੀ ਹਜ਼ੂਰ ਸਾਹਿਬ ਦੇ ਪ੍ਰਬੰਧਕੀ ਬੋਰਡ ਐਕਟ ਵਿੱਚ ਮਹਾਰਾਸ਼ਟਰ ਸਰਕਾਰ ਵੱਲੋਂ ਕੀਤੀ ਗਈ ਸੋਧ 'ਤੇ ਪ੍ਰਤੀਕਰਮ ਪ੍ਰਗਟ ਕਰਦਿਆਂ ਕਿਹਾ ਹੈ ਕਿ ਇਹ ਮਹਾਰਾਸ਼ਟਰ ਸਰਕਾਰ ਦੀ ਸਿੱਖ ਮਾਮਲਿਆਂ ਵਿੱਚ ਸਿੱਧੀ ਦਖਲਅੰਦਾਜ਼ੀ ਹੈ ਅਤੇ ਸਿੱਖ ਗੁਰਧਾਮਾਂ 'ਤੇ ਕਬਜ਼ਾ ਕਰਨ ਦੀ ਕਵਾਇਦ ਹੈ। ਇਸ ਨੂੰ ਸਿੱਖ ਭਾਈਚਾਰੇ ਵੱਲੋਂ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਕਿਸਮ ਦੀ ਹੀ ਵੰਡ ਪਾਊ ਕਾਰਵਾਈ ਹਰਿਆਣਾ ਦੀ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਾਇਮ ਕਰਕੇ ਕੀਤੀ ਗਈ ਹੈ।

ਉਪਰੋਕਤ ਆਗੂਆਂ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ, ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਐਕਟਿੰਗ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਵੀ ਸੋਧ ਐਕਟ ਨੂੰ ਸਿੱਖ ਮਾਮਲਿਆਂ ਵਿੱਚ ਸਿੱਧਾ ਦਖਲ ਕਿਹਾ ਹੈ। ਉਨ੍ਹਾਂ ਕਿਹਾ ਕਿ ਮਹਾਰਾਸ਼ਟਰ ਦੀ ਸਰਕਾਰ ਨੇ ਗੁਰਦੁਆਰਾ ਪ੍ਰਬੰਧਕੀ ਬੋਰਡ ਵਿੱਚ ਜਿਹੜੀ ਦਖਲਅੰਦਾਜ਼ੀ ਕੀਤੀ ਹੈ, ਇਸ ਕਿਸਮ ਦੀ ਦਖਲਅੰਦਾਜ਼ੀ ਕਾਂਗਰਸ ਸਰਕਾਰ ਵੇਲੇ ਵੀ ਕੀਤੀ ਜਾਂਦੀ ਰਹੀ ਹੈ, ਪਰ ਉਹ ਕਾਮਯਾਬ ਨਹੀਂ ਸੀ ਹੋਈ। ਉਨ੍ਹਾਂ ਕਿਹਾ ਕਿ ਤਖਤ ਸ੍ਰੀ ਹਜ਼ੂਰ ਸਾਹਿਬ ਦੇ ਪ੍ਰਬੰਧਕੀ ਬੋਰਡ ਵਿੱਚ ਉਥੋਂ ਦੇ ਸਥਾਨਕ ਸਿੱਖਾਂ ਨੂੰ ਵੱਧ ਤੋਂ ਵੱਧ ਨੁਮਾਇੰਦਗੀ ਮਿਲਣੀ ਚਾਹੀਦੀ ਹੈ। ਉਨ੍ਹਾਂ ਕਿਹਾ, ਮਹਾਰਾਸ਼ਟਰ ਸਰਕਾਰ ਨੇ ਸਿੱਖਾਂ ਨਾਲ ਬਹੁਤ ਵੱਡਾ ਧੱਕਾ ਕੀਤਾ ਹੈ ਅਤੇ ਇਸ ਸੋਧ ਨੂੰ ਤੁਰੰਤ ਵਾਪਸ ਲਿਆ ਜਾਣਾ ਚਾਹੀਦਾ ਹੈ।

ਕੇਂਦਰੀ ਸਿੰਘ ਸਭਾ, ਚੰਡੀਗੜ੍ਹ ਨੇ ਵੀ ਮਹਾਰਾਸ਼ਟਰ ਸਰਕਾਰ ਦੇ ਫੈਸਲੇ ਨੂੰ ਸਿੱਖ ਗੁਰਧਾਮਾਂ 'ਤੇ ਸਿੱਧੇ ਕਬਜ਼ੇ ਦੀ ਕੋਸ਼ਿਸ਼ ਕਰਾਰ ਦਿੱਤਾ ਹੈ। ਕੇਂਦਰੀ ਸਿੰਘ ਸਭਾ ਦੇ ਪ੍ਰਧਾਨ ਪ੍ਰੋ. ਸ਼ਾਮ ਸਿੰਘ ਤੇ ਜਨਰਲ ਸਕੱਤਰ ਡਾ. ਖੁਸ਼ਹਾਲ ਸਿੰਘ ਨੇ ਆਪਣੇ ਇੱਕ ਬਿਆਨ ਵਿੱਚ ਕਿਹਾ ਕਿ ਸਰਕਾਰ ਨੇ ਨਾਮਜ਼ਦ ਮੈਂਬਰਾਂ ਦੀ ਗਿਣਤੀ ਵਧਾ ਕੇ ਤਖਤ ਹਜ਼ੂਰ ਸਾਹਿਬ ਦੇ ਪ੍ਰਬੰਧਕੀ ਬੋਰਡ 'ਤੇ ਸਿੱਧਾ ਕਬਜਾ ਕਰ ਲਿਆ ਹੈ। ਸ਼੍ਰੋਮਣੀ ਪੰਥ ਅਕਾਲੀ ਬੁਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ਵੱਲੋਂ ਵੀ ਹਜ਼ੂਰ ਸਾਹਿਬ ਦੇ ਪ੍ਰਬੰਧਕੀ ਬੋਰਡ ਦੇ ਐਕਟ ਵਿੱਚ ਹੇਰ-ਫੇਰ ਦੀ ਨਿੰਦਾ ਕੀਤੀ ਗਈ ਹੈ।

**ਅਮਰੀਕਨ ਗੁਰਦੁਆਰਾ ਕਮੇਟੀ ਤੇ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਵੱਲੋਂ ਸੋਧ ਦਾ ਵਿਰੋਧ:** ਅਮਰੀਕਾ ਵਿੱਚ ਸਿੱਖ ਕੌਮ ਦੀ ਨੁਮਾਇੰਦਗੀ ਕਰਨ ਵਾਲੀਆਂ ਸਿਰਮੌਰ ਸੰਸਥਾਵਾਂ- ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਅਤੇ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ (ਏ.ਜੀ.ਪੀ.ਸੀ.) ਨੇ ਇੱਕ ਸਾਂਝੇ ਬਿਆਨ ਵਿੱਚ ਨਾਂਦੇੜ ਸਿੱਖ ਗੁਰਦੁਆਰਾ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਅਬਚਲ ਨਗਰ ਐਕਟ 1956 ਵਿੱਚ ਸੋਧ ਕਰਨ ਲਈ ਮਹਾਰਾਸ਼ਟਰ ਸਰਕਾਰ ਦੀ ਧੱਕੇਸ਼ਾਹੀ ਦਾ ਜ਼ੋਰਦਾਰ ਵਿਰੋਧ ਕੀਤਾ ਹੈ। ਇਸ ਸਬੰਧ ਵਿੱਚ ਇੱਕ ਸਾਂਝਾ ਬਿਆਨ ਜਾਰੀ ਕਰਦਿਆਂ ਏ.ਜੀ.ਪੀ.ਸੀ. ਦੇ ਕੋਆਰਡੀਨੇਟਰ ਪ੍ਰਿਤਪਾਲ ਸਿੰਘ ਅਤੇ ਐਸ.ਸੀ.ਈ.ਸੀ. ਦੇ ਕੋਆਰਡੀਨੇਟਰ ਹਿੰਮਤ ਸਿੰਘ ਨੇ ਕਿਹਾ ਕਿ ਮਹਾਰਾਸ਼ਟਰ ਸਰਕਾਰ ਦੀ ਇਹ ਸਿੱਖ ਗੁਰਧਾਮਾਂ 'ਤੇ ਸਿੱਧੇ ਕਬਜ਼ੇ ਦੀ ਕੋਸ਼ਿਸ਼ ਹੈ। ਉਨ੍ਹਾਂ ਕਿਹਾ ਕਿ ਇਸ ਕਾਰਵਾਈ ਨੂੰ ਦੁਨੀਆਂ ਭਰ ਵਿੱਚ ਵਸਦੇ 30 ਮਿਲੀਅਨ ਸਿੱਖ ਕਦਾਚਿਤ ਬਰਦਾਸ਼ਤ ਨਹੀਂ ਕਰਨਗੇ।

ਏ.ਜੀ.ਪੀ.ਸੀ. ਦੇ ਕੋਆਰਡੀਨੇਟਰ ਪ੍ਰਿਤਪਾਲ ਸਿੰਘ ਨੇ ਕਿਹਾ ਕਿ ਮਹਾਰਾਸ਼ਟਰ ਸਰਕਾਰ ਦੀ ਸਿੱਖ ਗੁਰਦੁਆਰਿਆਂ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਹਿਬ ਅਤੇ ਸਿੱਖ ਵਿਦਵਾਨ ਭਾਰਤ ਦੀ ਸੁਪਰੀਮ ਕੋਰਟ ਵਿੱਚ ਚੁਣੌਤੀ ਦੇਣ। ਉਨ੍ਹਾਂ ਕਿਹਾ, ਈਸਟ ਕੋਸਟ ਕਮੇਟੀ ਅਤੇ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਮਿਲ ਕੇ ਇਸ ਮਾਮਲੇ ਨੂੰ ਸੰਯੁਕਤ ਰਾਸ਼ਟਰ ਆਫਿਸ ਆਫ ਇੰਟਰਨੈਸ਼ਨਲ ਰਿਲੀਜੀਅਸ ਫਰੀਡਮ ਅਤੇ ਯੂਨਾਈਟਿਡ ਸਟੇਟਸ ਕਮਿਸ਼ਨ ਆਨ ਇੰਟਰਨੈਸ਼ਨਲ ਰਿਲੀਜੀਅਸ ਫਰੀਡਮ ਕੋਲ ਉਠਾਉਣਗੀਆਂ। ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਦੇ ਕੋਆਰਡੀਨੇਟਰ ਹਿੰਮਤ ਸਿੰਘ ਨੇ ਕਿਹਾ ਕਿ ਭਾਜਪਾ, ਸ਼ਿਵ ਸੇਨਾ ਅਤੇ ਆਰ.ਐਸ.ਐਸ. ਦਾ ਗੱਠਜੋੜ ਸਿੱਖ ਗੁਰੂ ਘਰਾਂ ਨੂੰ ਆਪਣੇ ਕਬਜ਼ੇ ਵਿੱਚ ਲੈਣ ਦਾ ਯਤਨ ਕਰ ਰਿਹਾ ਹੈ। ਅਜਿਹੀਆਂ ਹਿੰਦੂਤਵੀ ਬੁਰਾਈਆਂ ਕਾਰਨ ਹੀ ਸਿੱਖ ਪ੍ਰਭੂਸੱਤਾ ਸੰਪਨ ਰਾਜ ਖਾਲਿਸਤਾਨ ਦੀ ਮੰਗ ਕਰਦੇ ਹਨ।

# ਤਾਨਾਸ਼ਾਹੀ ਵਿਰੁੱਧ ਜਨਤਾ ਮੈਦਾਨ 'ਚ

**ਚੰਦ ਫਤਿਹਪੁਰੀ**

ਅੱਧ ਫਰਵਰੀ ਬੀਤ ਚੁੱਕੀ ਹੈ। ਠੰਢ ਜਾ ਰਹੀ ਹੈ ਤੇ ਬਸੰਤ ਦਾ ਆਗਮਨ ਹੋ ਗਿਆ ਹੈ। ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਦੇਸ਼ ਦਾ ਸਿਆਸੀ ਅਸਮਾਨ ਵੀ ਹਰ ਆਏ ਦਿਨ ਨਿੱਖਰ ਰਿਹਾ ਹੈ। 22 ਜਨਵਰੀ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਰਾਮ ਲੱਲਾ ਦੀ ਮੂਰਤੀ ਵਿੱਚ ਪ੍ਰਾਣਾਂ ਦਾ ਸੰਚਾਰ ਕਰਕੇ ਰਾਮ ਦੇ ਸ਼ਰਧਾਲੂਆਂ ਵਿੱਚ ਆਸਥਾ ਦੀ ਜੋ ਖੁਮਾਰੀ ਚਾੜ੍ਹੀ ਗਈ ਸੀ, ਉਸ ਦਾ ਕਾਫ਼ੀ ਹੱਦ ਤੱਕ ਨਸ਼ਾ ਉਤਰ ਚੁੱਕਾ ਹੈ। ਉਹ ਸ਼ਰਧਾਲੂ, ਜਿਹੜੇ ਹਾਲੇ ਵੀ ਹਵਾ ਵਿੱਚ ਉਡ ਰਹੇ ਹਨ, ਅਗਲੇ ਦੋ ਮਹੀਨਿਆਂ ਦੌਰਾਨ ਉਹ ਵੀ ਪਦਾਰਥਕ ਲੋੜਾਂ ਦੀ ਧਰਤੀ ਉੱਤੇ ਉੱਤਰ ਆਉਣਗੇ।

ਪਿਛਲੇ ਦਿਨੀਂ 'ਇੰਡੀਆ ਟੂਡੇ' ਤੇ 'ਸੀ ਵੋਟਰ' ਨੇ ਲੋਕ ਸਭਾ ਚੋਣਾਂ ਬਾਰੇ ਲੋਕਾਂ ਦੀ ਰਾਇ ਜਾਣਨ ਲਈ 'ਮੂਡ ਆਫ਼ ਨੇਸ਼ਨ' ਦੇ ਨਾਂ ਹੇਠ ਇੱਕ ਚੋਣ ਸਰਵੇ ਕੀਤਾ ਸੀ। ਏਜੰਸੀਆਂ ਮੁਤਾਬਕ ਉਨ੍ਹਾਂ ਵੱਲੋਂ ਹਰ ਲੋਕ ਸਭਾ ਹਲਕੇ ਵਿੱਚ ਜਾ ਕੇ ਔਸਤਨ 35801 ਵੋਟਰਾਂ ਦੀ ਰਾਇ ਲੈ ਕੇ ਆਪਣਾ ਨਤੀਜਾ ਕੱਢਿਆ ਗਿਆ ਹੈ। ਆਮ ਤੌਰ 'ਤੇ ਚੋਣਾਂ ਤੋਂ ਪਹਿਲਾਂ ਕੀਤੇ ਜਾਂਦੇ ਅਜਿਹੇ ਸਰਵੇਖਣ ਸੱਤਾਧਾਰੀ ਧਿਰ ਦੇ ਹੱਕ ਵਿੱਚ ਹਵਾ ਬੰਨ੍ਹਣ ਲਈ ਹੀ ਕੀਤੇ ਜਾਂਦੇ ਹਨ, ਪਰ ਨਤੀਜਾ ਕੱਢਣ ਸਮੇਂ ਏਜੰਸੀਆਂ ਨੂੰ ਆਪਣੀ ਸਾਖ ਬਚਾਉਣ ਦੀ ਵੀ ਫਿਕਰ ਹੁੰਦੀ ਹੈ। ਏਜੰਸੀਆਂ ਵੱਲੋਂ ਜਾਰੀ ਸਰਵੇਖਣ ਬਾਰੇ ਗੱਲ ਕਰਨ ਤੋਂ ਪਹਿਲਾਂ ਅਸੀਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਦਾਅਵੇ ਬਾਰੇ ਜਾਣਦੇ ਹਾਂ। ਰਾਸ਼ਟਰਪਤੀ ਦੇ ਭਾਸ਼ਣ 'ਤੇ ਧੰਨਵਾਦ ਮਤੇ ਬਾਰੇ ਬੋਲਦਿਆਂ ਉਨ੍ਹਾਂ ਦਾਅਵਾ ਕੀਤਾ ਸੀ ਕਿ ਇਸ ਵਾਰ ਐੱਨ.ਡੀ.ਏ. 400 ਪਾਰ ਤੇ ਭਾਜਪਾ ਇਕੱਲੀ 370 ਸੀਟਾਂ ਜਿੱਤੇਗੀ।

ਹੁਣ ਏਜੰਸੀਆਂ ਦੇ ਸਰਵੇ ਦੇ ਨਤੀਜੇ ਦੀ ਸੱਚਾਈ ਜਾਣਦੇ ਹਾਂ। ਏਜੰਸੀਆਂ ਦਾ ਸਰਵੇ ਕਹਿੰਦਾ ਹੈ ਕਿ ਇਸ ਵਾਰ ਭਾਜਪਾ 300 ਤੋਂ 304 ਸੀਟਾਂ ਜਿੱਤ ਸਕਦੀ ਹੈ। ਇਸ ਦਾ ਮਤਲਬ ਹੈ, ਬਹੁਮਤ ਤੋਂ ਸਿਰਫ਼ 30-32 ਕੁ ਸੀਟਾਂ ਵੱਧ। ਗੋਦੀ ਮੀਡੀਆ ਨੇ ਇਸ ਅੰਕੜੇ ਨੂੰ ਖੂਬ ਉਛਾਲਿਆ ਹੈ, ਪਰ ਇਸ ਸਰਵੇਖਣ ਵਿੱਚ ਪੇਸ਼ ਕੀਤੇ ਗਏ ਹੋਰ ਅੰਕੜਿਆਂ ਤੋਂ ਉਨ੍ਹਾਂ ਅੱਖਾਂ ਮੀਟ ਰੱਖੀਆਂ ਹਨ। ਇਹ ਅੰਕੜੇ ਦੱਸਦੇ ਹਨ ਕਿ ਦੇਸ਼ ਦੀ ਬਹੁਗਿਣਤੀ ਆਬਾਦੀ ਮੋਦੀ ਸਰਕਾਰ ਦੇ ਕੰਮਕਾਜ ਤੋਂ ਸੰਤੁਸ਼ਟ ਨਹੀਂ। ਦੇਸ਼ ਦੇ 54 ਫ਼ੀਸਦੀ ਲੋਕਾਂ ਦਾ ਕਹਿਣਾ ਹੈ ਕਿ ਬੇਰੁਜ਼ਗਾਰੀ ਦਾ ਸੰਕਟ ਗੰਭੀਰ ਹੈ, 17 ਫ਼ੀਸਦੀ ਕਹਿੰਦੇ ਹਨ ਕਿ ਇਹ ਕੋਈ ਸਮੱਸਿਆ ਨਹੀਂ। ਇਸ ਦੇ ਨਾਲ ਹੀ 56 ਫ਼ੀਸਦੀ ਲੋਕਾਂ ਦਾ ਕਹਿਣਾ ਹੈ ਕਿ ਸਰਕਾਰ ਰੁਜ਼ਗਾਰ ਪੈਦਾ ਕਰਨ ਵਿੱਚ ਨਾਕਾਮ ਰਹੀ ਹੈ।

ਇਸ ਸਰਵੇ ਵਿੱਚ 52 ਫ਼ੀਸਦੀ ਲੋਕਾਂ ਦਾ ਕਹਿਣਾ ਹੈ ਕਿ ਮੋਦੀ ਰਾਜ ਦੌਰਾਨ ਸਭ ਤੋਂ ਵੱਧ ਫਾਇਦਾ ਵੱਡੇ ਕਾਰੋਬਾਰੀਆਂ ਨੂੰ ਹੋਇਆ ਹੈ, ਜਦੋਂ ਕਿ 9 ਫੀਸਦੀ ਦਾ ਕਹਿਣਾ ਹੈ ਕਿਸਾਨਾਂ ਦਾ ਫਾਇਦਾ ਹੋਇਆ ਹੈ, 8 ਫ਼ੀਸਦੀ ਦਾ ਕਹਿਣਾ ਹੈ ਮੁਲਾਜ਼ਮਾਂ ਦਾ ਫਾਇਦਾ ਹੋਇਆ ਹੈ ਤੇ 11 ਫ਼ੀਸਦੀ ਦਾ ਕਹਿਣਾ ਹੈ ਛੋਟੇ ਵਪਾਰੀਆਂ ਦਾ ਫਾਇਦਾ ਹੋਇਆ ਹੈ। ਮੋਦੀ ਰਾਜ ਦੌਰਾਨ ਬੇਕਾਰੀ ਤੇ ਮਹਿੰਗਾਈ ਨੇ ਆਮ ਲੋਕਾਂ ਦਾ ਜਿਸ ਤਰ੍ਹਾਂ ਧੂੰਆਂ ਕੱਢਿਆ ਹੈ, ਉਸ ਬਾਰੇ 62 ਫ਼ੀਸਦੀ ਲੋਕਾਂ ਦਾ ਕਹਿਣਾ ਹੈ ਕਿ ਘਰ ਚਲਾਉਣਾ ਮੁਸ਼ਕਿਲ ਹੋ ਗਿਆ ਹੈ, ਜਦੋਂ ਕਿ 33 ਫ਼ੀਸਦੀ ਦਾ ਕਹਿਣਾ ਹੈ ਕਿ ਖਰਚ ਵਧ ਗਿਆ ਹੈ, ਪ੍ਰੰਤੂ ਹਾਲੇ ਗੁਜ਼ਾਰਾ ਚੱਲ ਰਿਹਾ ਹੈ। ਭਵਿੱਖ ਨੂੰ ਲੈ ਕੇ ਵੀ ਲੋਕਾਂ ਵਿੱਚ ਨਿਰਾਸ਼ਾ ਵਧੀ ਹੈ। 30 ਫ਼ੀਸਦੀ ਲੋਕ ਮੰਨਦੇ ਹਨ ਕਿ ਅੱਗੇ ਹਾਲਤ ਹੋਰ ਬਦਤਰ ਹੋਣਗੇ, 33 ਫ਼ੀਸਦੀ ਨੂੰ ਲਗਦਾ ਹੈ ਕਿ ਹਾਲਤ ਜਿਉਂ ਦੀ ਤਿਉਂ ਰਹੇਗੀ, ਜਦੋਂ ਕਿ 25 ਫ਼ੀਸਦੀ ਨੂੰ ਲੱਗਦੈ ਕਿ ਹਾਲਤ ਸੁਧਰੇਗੀ।

ਵਿਕਸਿਤ ਭਾਰਤ ਦੇ ਦਾਅਵੇ ਬਾਰੇ 34 ਫ਼ੀਸਦੀ ਨੂੰ ਲਗਦਾ ਹੈ ਕਿ ਅਗਲੇ 6 ਮਹੀਨਿਆਂ ਵਿੱਚ ਅਰਥ ਵਿਵਸਥਾ ਸੁਧਰੇਗੀ, ਜਦੋਂ ਕਿ 56 ਫ਼ੀਸਦੀ ਦਾ ਕਹਿਣਾ ਹੈ ਕਿ ਨਹੀਂ ਸੁਧਰੇਗੀ। 33 ਫ਼ੀਸਦੀ ਲੋਕਾਂ ਨੂੰ ਲਗਦਾ ਹੈ ਕਿ ਮੋਦੀ ਰਾਜ ਦੌਰਾਨ ਦੇਸ਼ ਦੀ ਆਰਥਿਕ ਹੈਸੀਅਤ ਵਧੀ ਹੈ, ਜਦੋਂ ਕਿ 64 ਫ਼ੀਸਦੀ ਦਾ ਕਹਿਣਾ ਹੈ ਕਿ ਨਹੀਂ ਵਧੀ। ਮੋਦੀ ਸਰਕਾਰ ਭ੍ਰਿਸ਼ਟਾਚਾਰ ਵਿਰੁੱਧ ਲੜਾਈ ਨੂੰ ਆਪਣੀ ਸਭ ਤੋਂ ਵੱਡੀ ਕਾਮਯਾਬੀ ਦੱਸਦੀ ਹੈ, ਪਰ ਇਸ ਸਵਾਲ ਉਤੇ ਵੀ 47 ਫ਼ੀਸਦੀ ਦਾ ਕਹਿਣਾ ਹੈ ਕਿ ਭ੍ਰਿਸ਼ਟਾਚਾਰ ਵਧਿਆ ਹੈ, ਜਦੋਂ 46 ਫ਼ੀਸਦੀ ਮੰਨਦੇ ਹਨ ਕਿ ਘੱਟ ਹੋਇਆ ਹੈ।

ਲੋਕਾਂ ਦੀਆਂ ਮੁਸੀਬਤਾਂ ਦਾ ਅਕਸ ਇਸ ਸਮੇਂ ਵੱਖ-ਵੱਖ ਵਰਗਾਂ ਦੇ ਫੁੱਟ ਰਹੇ ਗੁੱਸੇ ਤੋਂ ਵੀ ਦੇਖਿਆ ਜਾ ਸਕਦਾ ਹੈ। ਕਿਸਾਨ, ਮਜ਼ਦੂਰ, ਨੌਜਵਾਨ, ਵਿਦਿਆਰਥੀ, ਔਰਤਾਂ ਤੇ ਨਾਗਰਿਕ ਸਮਾਜ ਦੇ ਸੰਗਠਨ ਲਗਾਤਾਰ ਸੰਘਰਸ਼ ਕਰ ਰਹੇ ਹਨ। 28 ਫ਼ਰਵਰੀ ਨੂੰ ਆਇਸ਼ ਦੀ ਅਗਵਾਈ ਵਿੱਚ ਨੌਜਵਾਨ ਤੇ ਵਿਦਿਅਰਥੀ ਦਿੱਲੀ ਵਿੱਚ ਮੁਜ਼ਾਹਰਾ ਕਰਨਗੇ। ਪੰਜਾਬ ਇਸਤਰੀ ਸਭਾ ਪੰਜਾਬ ਭਰ ਵਿੱਚ ਪਿੰਡ-ਪਿੰਡ ਪਹੁੰਚ ਕੇ 'ਔਰਤਾਂ ਦੇ ਸਨਮਾਨ ਵਿੱਚ ਇਸਤਰੀ ਸਭਾ ਮੈਦਾਨ' ਦੇ ਨਾਅਰੇ ਹੇਠ ਔਰਤਾਂ ਨੂੰ ਜਥੇਬੰਦ ਕਰ ਰਹੀ ਹੈ। ਸਰਬ ਭਾਰਤ ਨੌਜਵਾਨ ਸਭਾ ਤੇ ਕੁਲ ਹਿੰਦ ਵਿਦਿਆਰਥੀ ਫੈਡਰੇਸ਼ਨ ਰੁਜ਼ਗਾਰ ਗਾਰੰਟੀ ਕਾਨੂੰਨ ਬਣਾਉਣ ਦੀ ਮੰਗ ਨੂੰ ਲੈ ਕੇ ਪੂਰੇ ਭਾਰਤ ਵਿੱਚ ਮੁਹਿੰਮ ਚਲਾ ਰਹੇ ਹਨ। ਮੋਦੀ ਜੇ ਸਮਝਦੇ ਹੋਣ ਕਿ ਉਹ ਆਪਣੇ ਸਿਆਸੀ ਵਿਰੋਧੀਆਂ ਨੂੰ ਡਰਾ, ਧਮਕਾ ਕੇ ਤੇ ਖਰੀਦ ਕੇ ਜੇਤੂ ਹੋ ਜਾਣਗੇ ਤਾਂ ਇਹ ਉਨ੍ਹਾ ਦਾ ਭਰਮ ਹੈ। ਇਤਿਹਾਸ ਗਵਾਹ ਹੈ ਕਿ ਜਦੋਂ ਸਿਆਸੀ ਪਾਰਟੀਆਂ ਵਿਰੋਧ ਦੀ ਜ਼ਿੰਮੇਵਾਰੀ ਤੋਂ ਭੱਜ ਜਾਣ ਤਾਂ ਜਨਤਾ ਖੁਦ ਆਪੋਜ਼ੀਸ਼ਨ ਦਾ ਰੂਪ ਧਾਰਨ ਕਰਕੇ ਵੱਡੇ-ਵੱਡੇ ਤਾਨਾਸ਼ਾਹਾਂ ਨੂੰ ਧੂੜ ਚਟਾ ਦਿੰਦੀ ਹੈ। ਇੰਦਰਾ ਗਾਂਧੀ ਨੇ 1975 ਵਿੱਚ ਐਮਰਜੈਂਸੀ ਲਾ ਕੇ ਜਦੋਂ ਸਾਰੀਆਂ ਸਿਆਸੀ ਪਾਰਟੀਆਂ ਦੇ ਆਗੂਆਂ ਨੂੰ ਜੇਲ੍ਹਾਂ ਵਿੱਚ ਡੱਕ ਦਿੱਤਾ ਸੀ ਤਾਂ ਜਨਤਾ ਨੇ ਮੈਦਾਨ ਵਿੱਚ ਨਿੱਤਰ ਕੇ ਅਗਲੀ ਚੋਣ ਵਿੱਚ ਇੰਦਰਾ ਗਾਂਧੀ ਨੂੰ ਅਣਕਿਆਸੀ ਹਾਰ ਦੇ ਦਿੱਤੀ ਸੀ। ਅੱਜ ਜ਼ਰੂਰਤ ਹੈ ਕਿ ਵਿਰੋਧੀ ਧਿਰਾਂ ਅਗਲੇ ਦੋ ਮਹੀਨੇ ਜਨਤਾ ਦੇ ਗੁੱਸੇ ਨੂੰ ਲੋਕ-ਪੱਖੀ ਪ੍ਰੋਗਰਾਮ ਤੇ ਉਸਾਰੂ ਵਾਅਦਿਆਂ ਵਿੱਚ ਤਬਦੀਲ ਕਰਕੇ ਲੋਕ ਉਭਾਰ ਨੂੰ ਰਾਜਨੀਤਕ ਬਦਲ ਦਾ ਰੂਪ ਦੇਣ, ਤਾਂ ਜੋ ਤਾਨਾਸ਼ਾਹ ਹਾਕਮਾਂ ਤੋਂ ਦੇਸ਼ ਨੂੰ ਨਿਜਾਤ ਦਿਵਾਈ ਜਾ ਸਕੇ।

**Matrimonials**

**ਲੜਕੀ ਦੀ ਭਾਲ**

**ਜੱਟ ਸਿੱਖ, ਕੱਦ 5'-11", 32 ਸਾਲਾ ਲੜਕੇ ਲਈ ਅਮਰੀਕਨ ਗਰੀਨ ਕਾਰਡ ਹੋਲਡਰ ਜਾਂ ਸਿਟੀਜ਼ਨ ਪ੍ਰਾਪਤ ਲੜਕੀ ਦੀ ਭਾਲ ਹੈ। ਪਰਿਵਾਰ ਅੰਮ੍ਰਿਤਸਰ ਰਹਿੰਦਾ ਹੈ। ਮੁੰਡਾ ਸ਼ਿਕਾਗੋ ਏਰੀਏ ਵਿੱਚ ਹੈ ਅਤੇ ਵਰਕ ਪਰਮਿਟ ਪ੍ਰਾਪਤ ਹੈ। ਸੰਪਰਕ ਕਰੋ, ਫੋਨ: 510-610-7391**

**DJ RJB Entertainment Inc.**
One of Chicagoland's leading Mobile DJ Companies.

We do all types of parties
*Weddings
*Private Parties
*Birthdays, Sweet 16's
*Engagements
*Retirement Parties
*Nightclubs
*Corporate Parties & much more!

Our company is located in Naperville, IL, but we travel nationwide.
We offer industry standard equipment, state of the art sound and lighting, and digital turntables. We will do all we can to make sure your party is one of the most memorable nights of your life

Social: Instagram
Facebook
Youtube: djrjbmusic

Website: djrjbmusic.com
Ph: 630-770-0007

## ਪਾਕਿ ਚੋਣ ਦ੍ਰਿਸ਼

# ਸੱਪਾਂ-ਸ਼ੇਰਾਂ ਦੋਸਤੀ, ਰੱਖ ਸਕਦੇ ਨਾ ਕਮਜ਼ੋਰ

**ਜੇ.ਐਸ. ਮਾਂਗਟ**

ਭਾਵੇਂ ਕ੍ਰਿਕਟ ਦੀ ਖੇਡ ਕਰਕੇ ਹੋਵੇ ਜਾਂ ਆਪਣੀ ਨਿੱਜੀ ਜ਼ਿੰਦਗੀ ਕਰਕੇ, ਜਾਂ ਆਪਣੀ ਸਿਆਸਤ ਕਾਰਨ, ਇਮਾਰਨ ਖਾਨ ਪਿਛਲੇ 40-45 ਸਾਲਾਂ ਤੋਂ ਪਾਕਿਸਤਾਨ ਵਿੱਚ ਦੰਦ ਕਥਾ ਬਣਿਆ ਰਿਹਾ ਹੈ। ਉਸ ਨੇ ਕਈ ਵਿਆਹ ਕਰਵਾਏ, ਕਈ ਤੋੜੇ। ਮੁਸ਼ਕਿਲ ਰਾਹੀ ਨਾਲ ਕਮਜ਼ੋਰ ਆਸ਼ਕ ਕਿੰਨੀ ਦੇਰ ਤੁਰ ਸਕਦੇ ਸਨ? ਕਹਿੰਦੇ ਹਨ, ਇਟਲੀ ਦੀ ਇੱਕ ਗੋਰੀ ਨਾਲ ਉਸ ਦੀ ਦੋਸਤੀ ਵੀ ਰਹੀ, ਉਨ੍ਹਾਂ ਦੇ ਰਿਸ਼ਤੇ ਵਿੱਚੋਂ ਇੱਕ ਲੜਕੀ ਨੇ ਵੀ ਜਨਮ ਲਿਆ, ਪਰ ਇਮਰਾਨ ਨੇ ਉਸ ਨੂੰ ਅਪਨਾਇਆ ਨਹੀਂ। 1987-88 ਵਿੱਚ ਉਸ ਦੀ ਇਸ ਇਟੈਲੀਅਨ ਗੋਰੀ ਸੀਤਾ ਵਾਈਟ ਨਾਲ ਲੰਡਨ ਵਿੱਚ ਮੁਲਾਕਾਤ ਹੋਈ ਸੀ। ਸੀਤਾ ਸ਼ਾਦੀ ਸ਼ੁਦਾ ਸੀ। ਉਹਨੇ ਇਮਰਾਨ ਨੂੰ ਦੱਸਿਆ ਵੀ ਕਿ ਉਹ ਉਸ ਦੇ ਬੱਚੇ ਦੀ ਮਾਂ ਬਣਨ ਵਾਲੀ ਹੈ; ਪਰ ਦਸਦੇ ਹਨ, ਇਮਰਾਨ ਮੁੰਡਾ ਚਾਹੁੰਦਾ ਸੀ। ਉਸ ਨੇ ਸਕੈਨ ਕਰਵਾਈ ਤਾਂ ਸੀਤਾ ਦੇ ਕੁੱਖ ਵਿੱਚ ਬੇਟੀ ਸੀ। ਇਮਰਾਨ ਨੇ ਗਰਭਪਾਤ ਕਰਵਾਉਣ ਲਈ ਕਿਹਾ, ਪਰ ਸੀਤਾ ਨੇ ਬੱਚਾ ਜੰਮਣ ਦਾ ਫੈਸਲਾ ਕਰ ਲਿਆ। ਇਮਰਾਨ ਉਸ ਨੂੰ ਛੱਡ ਕੇ ਤੁਰ ਗਿਆ। ਸੀਤਾ ਵਾਈਟ ਕੈਲੀਫੋਰਨੀਆ ਦੀ ਇੱਕ ਅਦਾਲਤ ਵਿੱਚ ਚਲੀ ਗਈ। ਮੁਕੱਦਮੇ ਰਾਹੀਂ ਸਿੱਧ ਹੋ ਗਿਆ ਕਿ ਬੇਟੀ ਇਮਰਾਨ ਦੀ ਹੀ ਹੈ, ਪਰ ਉਸ ਨੇ ਫਿਰ ਵੀ ਨਹੀਂ ਅਪਨਾਈ। ਹਾਲੇ ਵੀ ਨਹੀਂ। ਫਿਰ 1995 ਵਿੱਚ ਇਮਰਾਨ ਨੇ ਬਰਤਾਨੀਆ ਦੀ ਅਰਬਪਤੀ ਗੋਰੀ ਜਮੀਮਾ ਫਾਹ ਲਈ। ਵਿਆਹ ਹੋਇਆ, 9 ਸਾਲ ਰਿਸ਼ਤਾ ਕਾਇਮ ਰਿਹਾ। ਦੋ ਬੇਟਿਆਂ ਨੇ ਜਨਮ ਲਿਆ। ਇਮਰਾਨ ਅੰਦਰ ਸੁੱਤਾ ਪਿਆ ਸਿਆਸੀ ਇਸਲਾਮ ਹੌਲੀ-ਹੌਲੀ ਜਾਗਣ ਲੱਗਾ। ਕੱਟੜ ਮੁਲਾਣਿਆਂ ਵੱਲੋਂ ਜਮੀਮਾ 'ਤੇ ਤਰ੍ਹਾਂ-ਤਰ੍ਹਾਂ ਦੀਆਂ ਊਝਾਂ ਲੱਗਣ ਲੱਗੀਆਂ। ਜਮੀਮਾ ਨੇ ਵੀ ਇਮਰਾਨ ਤੇ ਉਸ ਦੇ ਪਾਕਿਸਤਾਨ ਨੂੰ ਅਲਵਿਦਾ ਆਖਣ ਦਾ ਫੈਸਲਾ ਕਰ ਲਿਆ। ਫਿਰ ਇੱਕ ਛੁੱਟੜ ਜਨਾਨੀ ਨਾਲ ਉਹਨੇ ਫਿਰ ਨਿਕਾਹ ਕਰਵਾਇਆ, ਪਰ ਕੁਝ ਮਹੀਨੇ ਹੀ ਚੱਲ ਸਕਿਆ। ਉਹਨੇ ਪੰਜਾਬੀ ਬਜ਼ੁਰਗਾਂ ਦਾ ਇਹ ਨਿਚੋੜ ਸੱਚ ਕਰ ਵਿਖਾਇਆ, ਬਈ 'ਸੱਪਾਂ-ਸ਼ੇਰਾਂ ਦੋਸਤੀ, ਰੱਖ ਸਕਦੇ ਨਾ ਕਮਜ਼ੋਰ।' ਆਖਰ ਪੰਜਾਬਣ ਸ਼ੀਹਣੀ ਬੀਬੀ ਬੁਸ਼ਰਾਂ ਇਮਰਾਨ ਦੇ ਲੜ ਲੱਗੀ, ਜਿਹੜੀ ਉਸ ਵਾਂਗੂੰ ਹੀ ਪਾਕਿਸਤਾਨ ਦੀ ਜੇਲ੍ਹ ਵਿੱਚ ਬੰਦ ਹੈ। ਭ੍ਰਿਸ਼ਟਾਚਾਰ ਦੇ ਦੋਸ਼ ਲੱਗੇ, ਜੇਲ੍ਹ ਅੰਦਰ ਭੇਜ ਦਿੱਤਾ, ਘਰਵਾਲੀ ਵੀ ਮਗਰੇ ਅੰਦਰ ਧੱਕ ਦਿੱਤੀ।

ਪਿਛਲੇ ਕੁੱਲ ਸਮੇਂ ਵਿੱਚ ਪਾਕਿਸਤਾਨੀ ਸੱਤਾ ਦੀ ਰੀੜ ਦੀ ਹੱਡੀ ਫੌਜ ਰਹੀ ਹੈ, ਜਮਹੂਰੀਅਤ ਬਰਾਏ ਨਾਮ। ਉਹੋ ਲੀਡਰ ਸੱਤਾ ਵਿੱਚ ਰਹਿ ਸਕਦੇ, ਜਿਨ੍ਹਾਂ 'ਤੇ ਫੌਜ ਮੇਹਰਬਾਨ ਹੋਵੇ। ਨਹੀਂ ਤਾਂ ਤਖਤੇ ਪਲਟ ਜਾਂਦੇ। ਲੀਡਰ ਕਤਲ ਹੋ ਜਾਂਦੇ, ਜੇਲ੍ਹੀਂ ਪੈਂਦੇ ਜਾਂ ਜਲਾਵਤਨ ਹੁੰਦੇ। ਜਨਰਲ ਮੁਸ਼ਰਫ ਹਾਲੇ ਵੀ ਜਲਾਵਤਨੀ ਕੱਟ ਰਿਹਾ, ਪਰ ਇਹ ਇਮਰਾਨ ਦਾ ਹੀ ਕ੍ਰਿਸ਼ਮਾ ਹੈ, ਜਿਹੜਾ ਜੇਲ੍ਹ ਵਿੱਚੋਂ ਵੀ ਆਪਣਾ ਜ਼ੋਰ ਚਲਾ ਗਿਆ ਹੈ। ਇਸ ਵਾਰ ਦੀਆਂ ਚੋਣਾਂ ਵਿੱਚ ਸਾਰੇ ਉਸ ਨੂੰ ਬੀਤੇ ਦੀ ਬਾਤ ਸਮਝ ਰਹੇ ਸਨ, ਪਰ ਨਤੀਜੇ ਆਏ ਤਾਂ ਉਸ ਨੇ ਪਾਕਿਸਤਾਨ ਦੇ ਸਿਆਸੀ ਅਖਾੜੇ ਵਿੱਚ ਸੇਹ ਦਾ ਤੱਕਲਾ ਗੱਡ ਦਿੱਤਾ। ਉਸ ਦੇ ਸਾਥੀਆਂ ਨੇ ਆਜ਼ਾਦ ਉਮੀਦਵਾਰਾਂ ਵਜੋਂ ਚੋਣ ਲੜੀ। 101 ਸੀਟਾਂ ਜਿੱਤ ਗਏ। ਸੱਤਾ ਦੀ ਛਤਰਛਾਇਆ ਭੋਗ ਰਹੇ ਨਵਾਜ਼ ਸ਼ਰੀਫ ਦੀ ਪਾਕਿਸਤਾਨ ਮੁਸਲਿਮ ਲੀਗ ਨੂੰ 75 ਸੀਟਾਂ ਮਿਲੀਆਂ। ਪਾਕਿਸਤਾਨ ਪੀਪਲ ਪਾਰਟੀ (ਪੀ.ਪੀ.ਪੀ.) ਨੂੰ ਸਿਰਫ 54 ਸੀਟਾਂ ਮਿਲੀਆਂ ਹਨ। ਨਤੀਜਿਆਂ ਤੋਂ ਬਾਅਦ ਇਮਰਾਨ ਬਾਗੋ-ਬਾਗ ਨਜ਼ਰ ਆਇਆ। ਬੁਝੇ ਚਿਹਰੇ 'ਤੇ ਨੂਰ ਦਮਕਣ ਲੱਗਾ। ਉਸ ਨੇ ਪਾਕਿਸਤਾਨੀ ਆਵਾਮ ਦੇ ਨਾਂ ਇੱਕ ਸੁਨੇਹੇ ਵਿੱਚ ਕਿਹਾ ਕਿ 'ਮੈਂ ਤੁਹਾਡਾ ਰਿਣੀ ਹਾਂ, ਜਿਨ੍ਹਾਂ ਮੈਨੂੰ ਜੇਲ੍ਹ ਵਿੱਚ ਬੈਠੇ ਨੂੰ ਵੀ ਇਡੀ ਵੱਡੀ ਵਡਿਆਈ ਬਖਸ਼ੀ।'



ਨਵਾਜ਼ ਸ਼ਰੀਫ ਨੇ ਧਿੰਗਾਣੇ ਹੀ ਜਿੱਤ ਦਾ ਐਲਾਨ ਕਰ ਦਿੱਤਾ। ਜਰਦਾਰੀ ਨਾਲ ਗੱਲ ਤੋਰੀ ਤਾਂ ਅਗਲਿਆਂ ਪ੍ਰਧਾਨ ਮੰਤਰੀ ਦਾ ਅਹੁਦਾ ਮੰਗ ਲਿਆ। ਕਈ ਕੁਝ ਹੋਰ। ਬਈ ਕਿੰਗ ਮੇਕਰ ਜਿਉਂ ਹੋਏ। ਐਮ.ਕਿਊ.ਐਮ. ਨਾਲ ਸੁਲਾਹ ਮਾਰ ਰਿਹਾ, ਹੋਰ ਛੋਟੀਆਂ ਪਾਰਟੀਆਂ ਨੂੰ ਸਰਕਾਰ ਬਣਾਉਣ ਦੇ ਸੱਦੇ ਦੇ ਰਿਹਾ ਨਵਾਜ਼। ਆਜ਼ਾਦ ਉਮੀਦਵਾਰਾਂ ਨੂੰ ਲਲਚਾਉਣ ਦਾ ਯਤਨ ਕਰ ਰਿਹਾ, ਪਰ ਹਾਲੇ ਕੋਈ ਗੱਲ ਬਣ ਨਹੀਂ ਰਹੀ। ਦਲ ਬਦਲੀਆਂ ਦਾ ਰਿਵਾਜ਼ ਹਾਲੇ ਪਾਕਿਸਤਾਨ ਵਿੱਚ ਸ਼ਾਇਦ ਏਨਾ ਭੈੜਾ ਨਹੀਂ, ਜਿਨਾ ਇਹ ਸਾਡੀ ਪਿਆਰੀ ਜਮਹੂਰੀਅਤ ਵਿੱਚ ਨਿਰਲੱਜ ਹੋ ਗਿਆ ਹੈ। ਇਮਰਾਨ ਪਾਕਿਸਤਾਨੀ ਫੌਜ ਦਾ ਸਕਾ ਬਣ ਕੇ ਸੱਤਾ ਵਿੱਚ ਆਇਆ ਸੀ, ਪਰ ਸੱਤਬਿਗਾਨਾ ਹੋ ਕੇ ਬਾਹਰ ਗਿਆ। ਹੁਣ ਫੌਜ ਨਾਲ ਯਾਰੀ ਨਵਾਜ਼ ਸ਼ਰੀਫ ਦੀ ਹੈ। ਕਦੀ ਇਹ ਇਸ ਤੋਂ ਉਲਟ ਹੁੰਦਾ ਸੀ। ਅਸਲ ਪਤੇ ਦੀ ਗੱਲ ਇਹ ਕਿ ਪਾਕਿਸਤਾਨੀ ਰਾਜਨੀਤਿਕ ਦ੍ਰਿਸ਼ ਫੌਜਸ਼ਾਹੀ ਦੇ ਹੱਥੋਂ ਨਿਕਲ ਕੇ ਸਿਵਲ ਸਪੇਸ ਗ੍ਰਹਿਣ ਕਰ ਰਿਹਾ ਹੈ; ਜਦਕਿ ਭਾਰਤ ਵਿੱਚ ਇਸ ਤੋਂ ਉਲਟ ਸਿਵਲ ਸਪੇਸ ਸੁੰਗੜ ਰਹੀ ਹੈ। ਸਵਾਲ ਸਿਮਟ ਰਹੇ ਹਨ। ਗੂੜ੍ਹੇ ਧਾਰਮਿਕ ਲਬਾਦੇ ਵਿੱਚ ਫੌਜੀਕਰਣ ਨੂੰ ਆਵਾਜ਼ਾਂ ਮਾਰੀਆਂ ਜਾ ਰਹੀਆਂ ਹਨ।

ਪਾਕਿਸਤਾਨੀ ਆਵਾਮ ਜਮਹੂਰੀਅਤ ਦਾ ਸਬਕ ਸਿੱਖ ਰਿਹਾ। ਫੌਜੀ ਸਾਹ ਘੁਟਣ ਨੂੰ ਤੋੜ ਕੇ ਸੌਖੇ ਸਾਹ ਲੈਣ ਦੇ ਆਹਰ ਵਿੱਚ ਹੈ; ਪਰ ਦੁਨੀਆਂ ਦੀ ਸਭ ਤੋਂ ਵੱਡੀ ਸਾਡੀ ਜਮਹੂਰੀਅਤ ਉਲਟੇ ਸਫਰ 'ਤੇ ਹੈ। ਚਲੋ ਹੁਣ ਕੋਈ ਕੰਮ ਦੀ ਗੱਲ ਵੀ ਕਰ ਲਈਏ।

ਪਾਕਿਸਤਾਨ ਅਸੈਂਬਲੀ ਵਿੱਚ 266 ਸੀਟਾਂ ਲਈ ਸਿੱਧੀ ਚੋਣ ਹੁੰਦੀ ਹੈ। ਬਹੁਮੱਤ ਲਈ ਇਨ੍ਹਾਂ ਵਿਚੋਂ 133 ਸੀਟਾਂ ਜਿੱਤਣੀਆਂ ਹੁੰਦੀਆ ਹਨ। 70 ਸੀਟਾਂ ਰਾਖਵੀਆਂ ਹਨ-60 ਔਰਤਾਂ ਲਈ, 10 ਘੱਟਗਿਣਤੀਆਂ ਲਈ। ਰਾਖਵੀਆਂ ਸੀਟਾਂ, ਜਿੱਤੀਆਂ ਸੀਟਾਂ ਦੇ ਅਨੁਪਾਤ ਵਿੱਚ ਹਰ ਪਾਰਟੀ ਨੂੰ ਵੰਡੀਆਂ ਜਾਂਦੀਆਂ ਹਨ। ਇਸ ਵਾਰ 133 ਸੀਟਾਂ ਦੇ ਲਾਗੇ ਕੋਈ ਪਾਰਟੀ ਵੀ ਨਹੀਂ ਪਹੁੰਚੀ। ਨਵਾਜ਼ ਸ਼ਰੀਫ ਤੇ ਬਿਲਾਵਲ ਭੁੱਟੋ ਜਰਦਾਰੀ ਮਿਲ ਕੇ ਵੀ ਇੱਥੋਂ ਤੱਕ ਨਹੀਂ ਪੁਜਦੇ। ਛੋਟੀਆਂ ਪਾਰਟੀਆਂ ਦੀ ਵੀ ਚਾਂਦੀ ਬਣ ਰਹੀ ਹੈ। ਮੁਤਾਹਿਦ ਕੌਮੀ ਮੂਵਮੈਂਟ ਨੇ 17 ਸੀਟਾਂ ਜਿੱਤੀਆਂ ਹਨ। ਕੁਝ ਹੋਰ ਛੋਟੀਆਂ ਪਾਰਟੀਆਂ ਦੇ ਵੀ 12 ਉਮੀਦਵਾਰ ਜਿੱਤ ਗਏ ਹਨ। ਮੁਤਾਹਿਦ ਕੌਮੀ ਮੂਵਮੈਂਟ ਨਾਲ ਨਵਾਜ਼ ਸ਼ਰੀਫ ਦੀ ਪਾਰਟੀ ਦੀ ਸਿਧਾਂਤਕ ਸਹਿਮਤੀ ਬਣ ਗਈ ਦੱਸੀ ਜਾਂਦੀ ਹੈ। ਜੇ ਪਾਕਿਸਤਾਨ ਪੀਪਲ ਪਾਰਟੀ ਨਾਲ ਨਹੀਂ ਆਉਂਦੀ ਤਾਂ ਸ਼ਰੀਫ ਟੱਬਰ ਦੀ ਗੱਲ ਛੋਟੀਆਂ ਪਾਰਟੀਆਂ ਨਾਲ ਵੀ ਨਹੀਂ ਬਣਨੀ। ਆਜ਼ਾਦ ਉਮੀਦਵਾਰਾਂ ਨੂੰ ਭਾਵੇਂ ਇਮਰਾਨ ਦੀ ਹਮਾਇਤ ਹਾਸਲ ਹੈ, ਪਰ ਪਾਰਟੀ ਦੀ ਗੈਰ-ਹਾਜ਼ਰੀ ਵਿੱਚ ਉਸ ਨੂੰ ਰਾਖਵੇਂ ਉਮੀਦਵਾਰਾਂ ਦਾ ਕੋਟਾ ਨਹੀਂ ਮਿਲ ਸਕਦਾ। ਇੰਜ ਪਾਰਟੀਆਂ ਦੇ ਨਜ਼ਰੀਏ ਤੋਂ ਪਾਕਿਸਤਾਨ ਦੇ ਸਿਆਸੀ ਦ੍ਰਿਸ਼ ਉਪਰ ਛੋਟੇ-ਵੱਡੇ ਚਾਰ-ਪੰਜ ਰੰਗ ਉਘੜ ਆਏ ਹਨ, ਜਿਨ੍ਹਾਂ ਵਿੱਚ ਇਮਰਾਨ ਦਾ ਦਿਉ ਕੱਦ ਪ੍ਰਛਾਵਾਂ ਸਾਰਿਆਂ ਨੂੰ ਬੌਣੇ ਕਰ ਰਿਹਾ ਹੈ। ਇਮਰਾਨ ਦੇ ਇੱਕ ਬੁਲਾਰੇ ਨੇ ਕਿਹਾ ਵੀ ਕਿ ਸਾਡੀਆਂ ਵੋਟਾਂ ਨਾਲ ਖੋਹ ਖਿੰਝ ਬੜੀ ਹੋਈ। ਸ਼ੇਰ ਦੇ ਬੱਚੇ ਜੇ ਖੁਲ੍ਹੇ ਹੁੰਦੇ ਤਾਂ ਘੁੱਗੀਆਂ ਘੁਕਾ ਦਿੰਦੇ। ਪੂਰਨ ਬਹੁਮੱਤ ਜਿੱਤਦੇ।

ਚੋਣ ਨਤੀਜਿਆਂ 'ਤੇ ਟਿੱਪਣੀ ਕਰਦਿਆਂ ਪਾਕਿਸਤਾਨ ਦੇ ਰਾਸ਼ਟਰਪਤੀ ਡਾ. ਆਰਿਫ ਅਲਵੀ ਨੇ ਕਿਹਾ ਕਿ ਵੋਟਰਾਂ, ਖਾਸ ਕਰਕੇ ਔਰਤਾਂ ਅਤੇ ਨੌਜਵਾਨਾਂ ਨੇ ਨਾ ਸਿਰਫ ਬੋਲ ਕੇ, ਸਗੋਂ ਉੱਚੀ ਆਵਾਜ਼ ਵਿੱਚ ਆਪਣੀ ਮਰਜ਼ੀ ਦੱਸ ਦਿੱਤੀ ਹੈ। ਇਸੇ ਦੌਰਾਨ ਇਹ ਵੀ ਖਬਰਾਂ ਹਨ ਕਿ ਚੋਣ ਧਾਂਦਲੀਆਂ ਬਾਰੇ ਪਟੀਸ਼ਨਾਂ ਦਾ ਪਾਕਿਸਤਾਨ ਦੀਆਂ ਅਦਾਲਤਾਂ ਵਿੱਚ ਹੜ੍ਹ ਆ ਗਿਆ ਹੈ। ਇਨ੍ਹਾਂ ਵਿੱਚੋਂ ਬਹੁਗਿਣਤੀ ਆਜ਼ਾਦ ਉਮੀਦਵਾਰ ਦੀਆਂ ਹਨ, ਜਿਨ੍ਹਾਂ ਨੂੰ ਇਮਰਾਨ ਦੀ ਪਾਰਟੀ ਦੀ ਹਮਾਇਤ ਪ੍ਰਾਪਤ ਹੈ। ਇਸ ਤੋਂ ਪਤਾ ਲਗਦਾ ਹੈ ਕਿ ਇਮਰਾਨ ਪੱਖੀ ਉਮੀਦਵਾਰਾਂ ਨੂੰ ਹਰਾਉਣ ਲਈ ਅੱਡੀ ਚੋਟੀ ਦਾ ਜ਼ੋਰ ਲੱਗਿਆ। ਫਿਰ ਵੀ ਉਹ ਬਾਕੀਆਂ ਦੇ ਸਿਰ ਉੱਤੋਂ ਦੀ ਲੱਤ ਫੇਰ ਗਏ ਹਨ। ਹਾਲੇ ਵੀ ਪਾਕਿਸਤਾਨੀ ਫੌਜ ਕਿਸੇ ਜੋੜ-ਤੋੜ ਜ਼ਰੀਏ ਸ਼ਰੀਫ ਕੋੜਮੇ ਨੂੰ ਗੱਦੀ 'ਤੇ ਬਿਠਾਉਣ ਦਾ ਯਤਨ ਕਰੇਗੀ। ਇਸ ਸਥਿਤੀ ਵਿੱਚ ਪਾਕਿਸਤਾਨ ਨੂੰ ਵੱਡੇ ਜਨਤਕ ਵਿਰੋਧ ਅਤੇ ਨਾਰਾਜ਼ਗੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਕੁਲੀਸ਼ਨ ਸਰਕਾਰ ਦੇ ਦੌਰ ਵਿੱਚ ਪਾਕਿਸਤਾਨ ਵਿੱਚ ਮੁਕਾਬਲਤਨ ਰਹਿਣ ਵਾਲੀ ਅਸਥਿਰਤਾ ਦੇਸ਼ ਦੀ ਮਾੜੀ ਆਰਥਿਕ ਸਥਿਤੀ ਨੂੰ ਹੋਰ ਨੀਵੇਂ ਰੁਖ ਪ੍ਰਭਾਵਤ ਕਰੇਗੀ। ਜਿਵੇਂ ਕਿ ਪਾਕਿਸਤਾਨ ਵਿੱਚ ਕਿਸੇ ਵੇਲੇ ਰਾਜਦੂਤ ਰਹੇ ਟੀ.ਸੀ.ਏ. ਰਾਘਵਨ ਨੇ ਕਿਹਾ, ਇਹ ਨਹੀਂ ਕਿ ਇਮਰਾਨ ਖਾਨ ਦੇ ਦੌਰ ਵਾਲੇ ਪਾਕਿਸਤਾਨ ਵਿੱਚ ਆਮ ਲੋਕਾਂ ਦੀ ਜ਼ਿੰਦਗੀ ਬੇਹਤਰ ਹੋਈ, ਪਰ ਜਦੋਂ ਉਸ ਨੂੰ ਲਾਹਿਆ ਗਿਆ ਤਾਂ ਉਸ ਦੀ ਪਾਰਟੀ ਨੇ ਇੱਕ ਰਜ਼ਿਸਟੈਂਸ ਦਿੱਤੀ ਅਤੇ ਆਪਣੇ ਖਿਲਾਫ ਵਿਦੇਸ਼ੀ (ਅਮਰੀਕਾ ਵੱਲ ਸੰਕੇਤ) ਸਾਜਿਸ਼ ਹੋਣ ਦਾ ਸਫਲ ਨੈਰੇਟਿਵ ਉਭਾਰਿਆ। ਇਸ ਦਾ ਉਨ੍ਹਾਂ ਨੂੰ ਫਾਇਦਾ ਹੋਇਆ। ਯਾਦ ਰਹੇ, ਇਮਰਾਨ ਦੇ ਦੌਰ ਵਿੱਚ ਪਾਕਿਸਤਾਨ ਆਪਣੇ ਆਰਥਿਕ ਵਿਕਾਸ ਲਈ ਚੀਨ ਵੱਲ ਵਧੇਰੇ ਝੁਕ ਰਿਹਾ ਸੀ। ਅਮਰੀਕਾ ਇਸ ਤੋਂ ਖਿਝਦਾ ਸੀ।


TASTE OF India
FINE DINING BISTRO
17115 W. Bluemound Rd, Suite D1, Brookfield, WI 53005
ਟੇਸਟ ਆਫ ਇੰਡੀਆ
ਮਸ਼ਹੂਰ ਨਾਮ ਅਤੇ ਮਸ਼ਹੂਰ ਖਾਣਾ
We Do Catering
ਵਧੀਆ ਖਾਣਾ ਤੇ ਵਧੀਆ ਸਰਵਿਸ ਹੀ ਸਾਡੀ ਪਹਿਲ ਹੈ

ਵਿਆਹ ਸਮਾਗਮਾਂ, ਜਨਮ ਦਿਨ ਪਾਰਟੀਆਂ ਅਤੇ ਹੋਰ ਸਮਾਜਿਕ ਤੇ ਭਾਈਚਾਰਕ ਸਮਾਗਮਾਂ ਸਮੇਤ ਨਿੱਕੀਆਂ-ਵੱਡੀਆਂ ਪਾਰਟੀਆਂ ਮੌਕੇ ਸਵਾਦਿਸ਼ਟ ਤੇ ਤਾਜ਼ਾ ਖਾਣੇ ਲਈ ਸਾਨੂੰ ਸੇਵਾ ਦਾ ਮੌਕਾ ਦਿਓ
BOLLYWOOD Grill
Restaurant - Bar - Banquet
1038 N. Jackson St,
Milwaukee, WI 53202
We Also Provide
Onsite Tandoor Service For Fresh Naan & KABABS and Onsite Fresh DOSA Service.
ਫੋਨ: 262-894-0913
ਜਾਂ 414-588-3325

ਖੇਤੀ ਤੇ ਵਪਾਰ

ਕਰਮ ਬਰਸਟ
ਫੋਨ: +91-9417073831



# ਖੇਤੀ ਖੇਤਰ ਵਿਚਲੀਆਂ ਨਵੀਆਂ ਤਕਨੀਕਾਂ ਬਾਰੇ ਖ਼ਦਸ਼ੇ ਅਤੇ ਹਕੀਕਤਾਂ

ਖੇਤੀ ਜਿਣਸਾਂ ਅਤੇ ਇਸ ਨਾਲ ਜੁੜੀ ਖੁਰਾਕ ਸਨਅਤ ਵਿੱਚ ਸਮੇਂ ਸਮੇਂ ਸੁਧਾਰ ਕਰ ਕੇ ਵਿਕਾਸ ਹੁੰਦਾ ਆਇਆ ਹੈ। ਹਰੇ ਇਨਕਲਾਬ ਦੀ ਤਕਨੀਕ ਤੋਂ ਪਹਿਲਾਂ ਦੀ ਖੇਤੀ ਵੱਲ ਨਜ਼ਰ ਮਾਰੀ ਜਾਵੇ ਤਾਂ ਮੰਡੀ 'ਚ ਵੇਚਣ ਲਈ ਤਾਂ ਕੀ ਬਚਣਾ ਸੀ, ਪਰਿਵਾਰ ਦਾ ਪੇਟ ਭਰਨਾ ਵੀ ਮੁਸ਼ਕਿਲ ਹੁੰਦਾ ਸੀ। ਸਰਦੇ ਪੁੱਜਦੇ ਘਰਾਂ ਵਿੱਚ ਕਣਕ ਦਾ ਆਟਾ ਮਹਿਮਾਨਾਂ ਲਈ ਹੀ ਵਰਤਿਆ ਜਾਂਦਾ ਸੀ; ਨਹੀਂ ਤਾਂ ਟੱਬਰ ਦੇ ਜੀਆਂ ਲਈ ਬਾਜਰਾ, ਜੌਂਅ ਅਤੇ ਜਵਾਰ ਹੀ ਵਰਤੀ ਜਾਂਦੀ ਸੀ। ਹਰੇ ਇਨਕਲਾਬ ਤੋਂ ਬਾਅਦ ਕਣਕ ਅਤੇ ਝੋਨੇ ਦੀਆਂ ਵੱਧ ਝਾੜ ਦੇਣ ਵਾਲੀਆਂ ਕਿਸਮਾਂ ਆਈਆਂ। ਪੰਜਾਬ, ਹਰਿਆਣਾ, ਪੱਛਮੀ ਉੱਤਰ ਪ੍ਰਦੇਸ਼ ਅਤੇ ਦੱਖਣੀ ਰਾਜਾਂ ਦੇ ਉਪਜਾਊ ਤੇ ਮਿੱਠੇ ਪਾਣੀ ਵਾਲੇ ਚੋਣਵੇਂ ਖਿੱਤੇ ਚੁਣ ਕੇ ਜਿਹੜੀ ਤਕਨੀਕ ਵਰਤੀ ਗਈ, ਉਸ ਨਾਲ ਨਾ ਸਿਰਫ ਭਾਰਤ ਅਨਾਜ ਵਿੱਚ ਆਤਮ-ਨਿਰਭਰ ਬਣਿਆ, ਸਗੋਂ ਕਣਕ ਤੇ ਚੌਲ਼ਾਂ ਦੀ ਬਰਾਮਦ ਕਰਨ ਵਾਲਾ ਮੁਲਕ ਵੀ ਬਣ ਗਿਆ।

ਭਾਰਤ ਦੀ ਖੇਤੀ ਦਾ ਵਿਕਾਸ ਰਵਾਇਤੀ ਫਸਲਾਂ ਤੋਂ ਵੱਧ ਝਾੜ ਦੇਣ ਵਾਲੀਆਂ ਕਿਸਮਾਂ ਨਾਲ ਜੁੜਿਆ ਹੋਇਆ ਹੈ। ਨਵੀਆਂ ਕਿਸਮਾਂ ਨਾਲ ਜੁੜ ਕੇ ਪਾਣੀ ਦੀ ਕਿੱਲਤ, ਜ਼ਮੀਨ ਤੇ ਹਵਾ ਪ੍ਰਦੂਸ਼ਣ, ਜ਼ਮੀਨੀ ਸਿਹਤ ਵਿੱਚ ਨਿਘਾਰ ਤੋਂ ਇਲਾਵਾ ਖੇਤੀ ਖੇਤਰ ਵਿੱਚੋਂ ਕਾਸ਼ਤਕਾਰਾਂ ਅਤੇ ਮਜ਼ਦੂਰਾਂ ਦਾ ਨਿਕਾਸ ਵੀ ਹੋਇਆ। ਬੇਰੁਜ਼ਗਾਰੀ ਵਿੱਚ ਅਥਾਹ ਵਾਧਾ ਹੋਇਆ, ਕੰਮ ਦੇ ਮੌਕਿਆਂ ਅੰਦਰ ਬੇਹਿਸਾਬ ਕਟੌਤੀ ਹੋਈ ਅਤੇ ਵਿਹਲੜਪੁਣੇ ਦਾ ਰੁਝਾਨ ਵੀ ਵਧਿਆ। ਖੇਤੀ ਅੰਦਰ ਹੋਏ ਤੇਜ਼ ਵਿਕਾਸ ਦੇ ਮੁਢਲੇ ਦਹਾਕਿਆਂ ਅੰਦਰ ਪੇਂਡੂ ਖੇਤਰ ਵਿੱਚ ਗਿਣਨਯੋਗ ਖ਼ੁਸ਼ਹਾਲੀ ਆਈ। ਸਿਹਤ ਤੇ ਸਿੱਖਿਆ ਦਾ ਫੈਲਾਅ ਹੋਇਆ। ਇਸ ਦੇ ਨਾਲ ਹੀ ਪੰਜਾਬ ਅੰਦਰ ਸਰਕਾਰੀ ਸੇਵਾਵਾਂ ਖਾਸ ਕਰ ਕੇ ਸਿੱਖਿਆ, ਬਿਜਲੀ ਮਹਿਕਮਾ, ਪੁਲਿਸ ਆਦਿ ਅੰਦਰ ਰੁਜ਼ਗਾਰ ਦੇ ਮੌਕੇ ਵੱਡੀ ਪੱਧਰ 'ਤੇ ਪੈਦਾ ਹੋਣ ਨਾਲ ਚੰਗਾ ਚੋਖਾ ਮੱਧ ਵਰਗ ਹੋਂਦ ਵਿੱਚ ਆਇਆ ਹੈ।

ਹਰ ਨਵੀਂ ਤਕਨੀਕ ਅੱਗੇ ਹੋਰ ਤਕਨੀਕ ਨੂੰ ਜਨਮ ਦਿੰਦੀ ਹੈ। ਵਧੇਰੇ ਝਾੜ ਵਾਲੀਆਂ ਫਸਲਾਂ, ਜੋ ਅਕਸਰ ਦੋ ਜਾਂ ਬਹੁਤੀਆਂ ਫਸਲਾਂ ਦਾ ਮੇਲ-ਜੋਲ ਕਰਵਾ ਕੇ ਕੀਤੀਆਂ ਜਾਂਦੀਆਂ ਸਨ, ਉਸ ਦੀ ਜਗ੍ਹਾ ਜੀਨ ਸੋਧੀਆਂ ਕਿਸਮਾਂ ਦਾ ਪਸਾਰਾ ਹੋਣ ਲੱਗ ਪਿਆ। ਜੀਨ ਸੋਧੇ ਬੀਜ, ਭਾਵ ਜੈਨੇਟਿਕਲੀ ਮੋਡੀਫਾਈਡ (ਜੀ.ਐੱਮ) ਬੀਜ ਖੇਤੀਬਾੜੀ ਫਸਲਾਂ ਦੇ ਉਤਪਾਦਨ ਵਿੱਚ ਅਗਲਾ ਅਹਿਮ ਕਦਮ ਹੈ। ਜੀਨ ਯੁਕਤ ਉਹ ਬੀਜ ਹੁੰਦੇ ਹਨ, ਜਿਨ੍ਹਾਂ ਨੂੰ ਕੁਝ ਵੱਖਰੀਆਂ ਵਿਸ਼ੇਸ਼ਤਾਵਾਂ ਨੂੰ ਸ਼ਾਮਲ ਕਰਨ ਲਈ ਸੋਧਿਆ ਜਾਂਦਾ ਹੈ, ਪਰ ਜੀਨ ਯੁਕਤ ਬੀਜ ਤਿਆਰ ਕਰਨ ਲਈ ਵਰਤਿਆ ਜਾਂਦਾ ਤਰੀਕਾ ਪਰੰਪਰਾ ਵਾਲੀ ਵਿਧੀ ਤੋਂ ਵੱਖਰਾ ਹੈ। ਹੁਣ ਜੀਨਾਂ ਨੂੰ ਕਰਾਸ-ਫਰਟੀਲਾਈਜ਼ੇਸ਼ਨ ਦੇ ਤਰੀਕਿਆਂ ਨਾਲ ਨਹੀਂ ਸੋਧਿਆ ਜਾਂਦਾ, ਬਲਕਿ ਕਿਸੇ ਹੋਰ ਬੀਜ ਦਾ ਜੀਨ ਸੋਧੇ ਜਾਣ ਵਾਲੇ ਬੀਜ ਦੇ ਡੀ.ਐੱਨ.ਏ. ਵਿੱਚ ਪਾਇਆ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਪੈਦਾਵਾਰ ਦੀ ਇਹ ਵਿਧੀ ਵਧੇਰੇ ਕੁਸ਼ਲ, ਘੱਟ ਖਕਚੀਲੀ ਅਤੇ ਕਈ ਗੁਣਾ ਵੱਧ ਝਾੜ ਦੇਣ ਵਾਲੀ ਹੈ। ਇਸ ਤਕਨੀਕ ਦੇ ਆਲੋਚਕਾਂ ਦਾ ਤਰਕ ਹੈ ਕਿ ਇਹ ਮਨੁੱਖੀ ਸਿਹਤ, ਬਾਕੀ ਜੈਵਿਕ ਪ੍ਰਕਿਰਤੀ ਅਤੇ ਵਾਤਾਵਰਨ ਉਪਰ ਘਾਤਕ ਪ੍ਰਭਾਵ ਪਾਉਂਦੀ ਹੈ। ਸਿੱਟੇ ਵਜੋਂ ਇਹ ਤਕਨਾਲੋਜੀ ਵਿਵਾਦਾਂ ਵਿੱਚ ਘਿਰ ਗਈ ਹੈ।

ਪੰਜਾਬ ਅੰਦਰ ਜੀਨ ਯੁਕਤ ਸਰੋਂ ਦੀ ਪ੍ਰੀਖਿਆ ਲਈ ਕੀਤੀ ਜਾਣ ਵਾਲੀ ਖੋਜ ਨੂੰ ਲੈ ਕੇ ਕਿਸਾਨ ਜਥੇਬੰਦੀਆਂ ਅਤੇ ਜੈਵਿਕ ਖੇਤੀ ਤਕਨੀਕ ਨਾਲ ਜੁੜੇ ਖੋਜੀਆਂ ਤੇ ਮਾਹਿਰਾਂ ਨੇ ਕਾਫ਼ੀ ਇਤਰਾਜ਼ ਪ੍ਰਗਟ ਕੀਤੇ ਸਨ। ਸਿੱਟੇ ਵਜੋਂ ਪੰਜਾਬ ਵਿਧਾਨ ਸਭਾ ਦੇ ਸਪੀਕਰ ਨੇ ਪਿਛਲੇ ਸਾਲ 16 ਜਨਵਰੀ 2023 ਨੂੰ ਜੀਨ ਸੋਧਕ ਸਰੋਂ ਵਿੱਚ ਦਿਲਚਸਪੀ ਰੱਖਣ ਵਾਲੀਆਂ ਵੱਖ-ਵੱਖ ਧਿਰਾਂ ਦੀ ਸਾਂਝੀ ਬੈਠਕ ਬੁਲਾ ਕੇ ਇਸ ਮਸਲੇ ਨੂੰ ਨਿਤਾਰਨ ਦੀ ਕੋਸ਼ਿਸ਼ ਕੀਤੀ ਸੀ। ਇਸ ਬੈਠਕ ਵਿੱਚ ਹੋਈ ਚਰਚਾ ਦਾ ਕੋਈ ਗਿਣਨਯੋਗ ਨਤੀਜਾ ਨਹੀਂ ਨਿਕਲ ਸਕਿਆ, ਪਰ ਕਿਸੇ ਮਸਲੇ ਨਾਲ ਵਾਹ ਵਾਸਤਾ ਰੱਖਦੀਆਂ ਧਿਰਾਂ ਨੂੰ ਮੰਚ ਮੁਹੱਈਆ ਕਰਵਾਉਣਾ ਜਮਹੂਰੀ ਵਿਵਸਥਾ ਨੂੰ ਤਕੜਾ ਕਰਨ ਲਈ ਸ਼ੁਭ ਸ਼ੁਰੂਆਤ ਸੀ।

ਸੰਸਾਰ ਪੱਧਰ 'ਤੇ ਇਸ ਨਵੀਂ ਜੀਨ ਯੁਕਤ ਤਕਨੀਕ ਨੂੰ ਲੈ ਕੇ ਕਿਸਾਨਾਂ ਨੇ ਰਲਵਾਂ-ਮਿਲਵਾਂ ਹੁੰਗਾਰਾ ਭਰਿਆ ਹੈ। ਯੂਰਪ ਦੇ ਅਨੇਕਾਂ ਦੇਸ਼ਾਂ ਨੇ ਇਸ ਤਕਨੀਕ ਨੂੰ ਉੱਕਾ-ਪੁੱਕਾ ਰੱਦ ਕਰਨ ਦਾ ਫੈਸਲਾ ਕੀਤਾ ਹੈ। ਇਸ ਦਾ ਇੱਕ ਕਾਰਨ ਇਸ ਤਕਨੀਕ ਦਾ ਪੇਟੈਂਟ ਅਮਰੀਕਾ ਦੀਆਂ ਮੌਨਸੈਂਟੋ ਵਰਗੀਆਂ ਵਿਸ਼ਾਲ ਕਾਰਪੋਰੇਸ਼ਨਾਂ ਦੇ ਹੱਥਾਂ ਵਿੱਚ ਹੈ। ਸੁਭਾਵਿਕ ਹੈ ਕਿ ਯੂਰਪੀਅਨ ਯੂਨੀਅਨ ਦੀ ਸਾਮਰਾਜੀ ਸਰਮਾਏਦਾਰੀ ਉਦੋਂ ਤੱਕ ਇਸ ਦੀ ਇਜਾਜ਼ਤ ਨਹੀਂ ਦੇਵੇਗੀ, ਜਦੋਂ ਤੱਕ ਉਹ ਬਦਲਵੀਂ ਤਕਨੀਕ ਵਿਕਸਿਤ ਨਹੀਂ ਕਰ ਲੈਂਦੀ ਜਾਂ ਮੁਨਾਫ਼ੇ ਦੀ ਵੰਡ ਨੂੰ ਲੈ ਕੇ ਅਮਰੀਕਨ ਕੰਪਨੀਆਂ ਨਾਲ ਉਸ ਦਾ ਸਮਝੌਤਾ ਨਹੀਂ ਹੋ ਜਾਂਦਾ। ਉੱਤਰੀ ਅਮਰੀਕਾ ਅਤੇ ਭਾਰਤ ਸਮੇਤ ਤੀਜੀ ਦੁਨੀਆ ਦੀਆਂ ਬਹੁਤ ਸਾਰੀਆਂ ਸਰਕਾਰਾਂ ਨੇ ਤਾਂ ਇਸ ਤਕਨੀਕ ਨੂੰ ਅਪਨਾ ਲਿਆ ਹੈ। ਜੀਨ ਯੁਕਤ ਫਸਲਾਂ ਦੁਆਲੇ ਜੁੜੇ ਵਿਵਾਦਾਂ ਸਦਕਾ ਬਾਕੀ ਮੁਲਕ ਅਤੇ ਖੇਤੀ ਮਾਹਿਰ ਖੇਤੀਬਾੜੀ ਕਾਰਜਾਂ ਵਾਸਤੇ ਇਨ੍ਹਾਂ ਬੀਜਾਂ ਦੀ ਵਰਤੋਂ ਕਰਨ ਤੋਂ ਝਿਜਕ ਰਹੇ ਹਨ।

ਅਸਲ ਵਿੱਚ ਵਿਗਿਆਨਕ ਤਰੱਕੀ ਨੂੰ ਦੋ ਪੱਖਾਂ ਤੋਂ ਦੇਖਣ ਦੀ ਲੋੜ ਹੁੰਦੀ ਹੈ। ਪਹਿਲਾ, ਕੀ ਇਹ ਸੱਚੀਂ-ਮੁੱਚੀਂ ਵਿਕਾਸ ਨੂੰ ਅੱਗੇ ਲਿਆਣ ਵਾਲੀ ਹੈ ਜਾਂ ਨਹੀਂ? ਆਮ ਨਿਯਮ ਵਜੋਂ (ਜੰਗੀ ਹਥਿਆਰਾਂ ਨੂੰ ਛੱਡ ਕੇ) ਹਰ ਨਵੀਂ ਖੋਜ ਅਗਾਂਹਵਧੂ ਹੀ ਸਮਝੀ ਜਾਂਦੀ ਹੈ। ਅਗਲੀ ਗੱਲ ਇਹ ਹੈ ਕਿ ਨਵੀਂ ਤਕਨੀਕ ਸਮੁੱਚੀ ਮਨੁੱਖਤਾ ਦੇ ਭਲੇ ਲਈ ਵਰਤੀ ਜਾ ਰਹੀ ਹੈ ਜਾਂ ਮੁੱਠੀ ਭਰ ਸਰਮਾਏਦਾਰ ਤੇ ਵਿਕਸਿਤ ਮੁਲਕ ਆਪਣੇ ਮੁਨਾਫ਼ੇ ਵਧਾਉਣ ਲਈ ਵਰਤ ਰਹੇ ਹਨ। ਜਦੋਂ ਨਵੀਂ ਤਕਨੀਕ ਵਿੱਚ ਮੁਨਾਫ਼ਾ ਪ੍ਰਧਾਨ ਹੋਵੇਗਾ ਤਾਂ ਲਾਲਚੀ ਸ਼ਕਤੀਆਂ ਦੀ ਮੁਨਾਫ਼ੇ ਦੀ ਹਵਸ ਕਾਰਨ ਮਨੁੱਖ, ਸਮਾਜ ਅਤੇ ਕੁਦਰਤ ਨਾਲ ਖਿਲਵਾੜ ਹੋਣਾ ਲਾਜ਼ਮੀ ਸ਼ਰਤ ਹੈ। ਨਵੀਆਂ ਫਸਲਾਂ ਬੀਜੀਆਂ ਜਾਣਗੀਆਂ, ਕਾਰਖਾਨੇ ਲੱਗਣਗੇ, ਹਵਾ ਤੇ ਪਾਣੀ ਵੀ ਦੂਸ਼ਿਤ ਹੋਣਗੇ। ਕੀ ਇਹਦੇ ਲਈ ਨਵੀਂ ਤਕਨੀਕ ਜਾਂ ਖੋਜ ਜ਼ਿੰਮੇਵਾਰ ਹੈ ਜਾਂ ਇਨ੍ਹਾਂ ਦੀ ਵਰਤੋਂ ਲਈ ਸੁਰੱਖਿਆ ਪ੍ਰਬੰਧਾਂ ਦੀ ਜ਼ਾਮਨੀ ਕਰਨ ਵਾਲੀਆਂ ਸਰਕਾਰਾਂ ਅਤੇ ਨਿਗਰਾਨ ਅਦਾਰੇ?

ਖੇਤੀ ਮਾਹਿਰਾਂ, ਵਾਤਾਵਰਨ ਪ੍ਰੇਮੀਆਂ ਅਤੇ ਕਿਸਾਨਾਂ ਨੂੰ ਜੀ.ਐੱਮ. ਬੀਜਾਂ ਦੀ ਵਰਤੋਂ ਦੇ ਫਾਇਦਿਆਂ ਤੇ ਨੁਕਸਾਨਾਂ- ਦੋਹਾਂ ਦਾ ਹੀ ਮੁਲੰਕਣ ਕਰਨਾ ਹੋਵੇਗਾ। ਕਿਸੇ ਵੀ ਨਵੀਂ ਤਕਨੀਕ ਤੇ ਅੰਨ੍ਹੇਵਾਹ ਪਾਬੰਦੀ ਹੋਰ ਖੋਜਾਂ ਨੂੰ ਨਿਰਉਤਸ਼ਾਹਿਤ ਕਰੇਗੀ। ਜੀਨ ਯੁਕਤ ਤਕਨੀਕ ਦੇ ਲਾਭਾਂ ਵਿੱਚ ਫਸਲਾਂ ਦੀ ਪੈਦਾਵਾਰ ਵਿੱਚ ਬੇਸ਼ੁਮਾਰ ਵਾਧਾ, ਕੀਟਨਾਸ਼ਕਾਂ ਤੇ ਨਦੀਨ ਨਾਸ਼ਕਾਂ ਦੀ ਵਰਤੋਂ ਵਿੱਚ ਕਮੀ ਅਤੇ ਵਧੀ ਹੋਈ ਪੈਦਾਵਾਰ ਕਾਰਨ ਵਾਧੂ ਮੁਨਾਫੇ ਸ਼ਾਮਲ ਹਨ। ਇਹ ਤਕਨਾਲੋਜੀ ਅਪਨਾਉਣ ਤੋਂ ਪਹਿਲਾਂ ਕਿਸਾਨਾਂ ਨੂੰ ਜਿਨ੍ਹਾਂ ਚਿੰਤਾਵਾਂ ਦਾ ਹੱਲ ਕਰਨਾ ਚਾਹੀਦਾ ਹੈ, ਉਨ੍ਹਾਂ ਵਿੱਚ ਕਿਸਾਨਾਂ ਤੇ ਬੀਜ ਕੰਪਨੀਆਂ ਵਿਚਕਾਰ ਨਿੱਜੀ ਇਕਰਾਰਨਾਮੇ, ਨਵੇਂ ਬੀਜਾਂ ਨਾਲ ਗੁਆਂਢੀ ਖੇਤ ਨੂੰ ਲੱਗਣ ਵਾਲੀ ਲਾਗ, ਤਕਨਾਲੋਜੀ ਦਾ ਵਾਤਾਵਰਨ ਉੱਤੇ ਪ੍ਰਭਾਵ ਅਤੇ ਜੀਨ ਸੋਧਕ ਫਸਲਾਂ ਲਈ ਮਾਰਕੀਟ ਤੱਕ ਰਸਾਈ ਤੇ ਖਪਤਕਾਰਾਂ ਦੀ ਫਿਕਰਮੰਦੀ ਸ਼ਾਮਲ ਹੈ।

> **ਆਇਓਵਾ ਸਟੇਟ ਯੂਨੀਵਰਸਿਟੀ (ਅਮਰੀਕਾ) ਦੇ ਇੱਕ ਹੋਰ ਅਧਿਐਨ ਵਿੱਚ ਪਾਇਆ ਗਿਆ ਹੈ ਕਿ ਬੀਟੀ ਫਸਲਾਂ ਗੈਰ-ਬੀਟੀ ਫਸਲਾਂ ਨਾਲੋਂ ਵੱਧ ਝਾੜ ਦਿੰਦੀਆਂ ਹਨ। ਯੂਨੀਵਰਸਿਟੀ ਨੇ 377 ਖੇਤਾਂ ਦਾ ਅਧਿਐਨ ਕਰਨ ਉਪਰੰਤ ਨੋਟ ਕੀਤਾ ਹੈ ਕਿ ਜੀ.ਐੱਮ. ਬੀਜਾਂ ਨਾਲ ਉਗਾਈ ਗਈ ਮੱਕੀ ਦੀਆਂ ਫਸਲਾਂ ਪ੍ਰਤੀ ਏਕੜ ਵਿੱਚ 56 ਕੁਇੰਟਲ ਦੀ ਉਪਜ ਦਿੰਦੀਆਂ ਹਨ; ਗੈਰ-ਜੀ.ਐੱਮ. ਬੀਜਾਂ ਨਾਲ ਉਗਾਈਆਂ ਗਈਆਂ ਫਸਲਾਂ ਨੇ 51 ਕੁਇੰਟਲ ਪੈਦਾਵਾਰ ਦਿੱਤੀ ਸੀ।**



ਇਸ ਗੱਲ ਵਿੱਚ ਕੋਈ ਰੱਟਾ ਨਹੀਂ ਹੈ ਕਿ ਜੀਨ ਯੁਕਤ ਬੀਜਾਂ ਨਾਲ ਫਸਲ ਦੀ ਪੈਦਾਵਾਰ ਵਿੱਚ ਅਥਾਹ ਵਾਧਾ ਹੁੰਦਾ ਹੈ। ਇਹ ਵੀ ਸੱਚ ਹੈ ਕਿ ਜੀਨ ਯੁਕਤ ਫਸਲਾਂ ਦੀ ਪੈਦਾਵਾਰ ਅਤੇ ਉਪਜ ਉਪਰ ਬਾਇਓਟੈਕਨਾਲੌਜੀ ਦੇ ਮਾੜੇ ਅਸਰਾਂ ਦੀ ਅਜੇ ਤਕ ਵਿਆਪਕ ਖੋਜ ਵੀ ਨਹੀਂ ਕੀਤੀ ਗਈ ਹੈ, ਪਰ ਜੋ ਵੀ ਖੋਜ ਆਧਾਰਿਤ ਅੰਕੜੇ ਪ੍ਰਾਪਤ ਹਨ, ਉਨ੍ਹਾਂ ਵਿੱਚ ਆਰਥਿਕ ਖੋਜ ਸੇਵਾ (ਈ.ਆਰ.ਐੱਸ.) ਦੇ ਅਧਿਐਨ ਵਿਚ ਫਸਲ ਦੀ ਵਧੀ ਹੋਈ ਪੈਦਾਵਾਰ ਨੂੰ ਸਵੀਕਾਰ ਕੀਤਾ ਗਿਆ ਹੈ। ਜੀਨ ਯੁਕਤ (ਜੀ.ਐੱਮ.) ਬੀਜਾਂ ਨੂੰ ਨਦੀਨਾਂ ਅਤੇ ਕੀਟਨਾਸ਼ਕਾਂ ਲਈ ਲਾਭਕਾਰੀ ਪਾਇਆ ਗਿਆ ਹੈ। ਕਪਾਹ ਅਤੇ ਸੋਇਆਬੀਨ ਦੀਆਂ ਬੀਟੀ ਫਸਲਾਂ ਦੀ ਪੈਦਾਵਾਰ ਵਿੱਚ ਅਹਿਮ ਵਾਧਾ ਹੁੰਦਾ ਹੈ।

ਆਇਓਵਾ ਸਟੇਟ ਯੂਨੀਵਰਸਿਟੀ (ਅਮਰੀਕਾ) ਦੇ ਇੱਕ ਹੋਰ ਅਧਿਐਨ ਵਿੱਚ ਪਾਇਆ ਗਿਆ ਹੈ ਕਿ ਬੀਟੀ ਫਸਲਾਂ ਗੈਰ-ਬੀਟੀ ਫਸਲਾਂ ਨਾਲੋਂ ਵੱਧ ਝਾੜ ਦਿੰਦੀਆਂ ਹਨ। ਯੂਨੀਵਰਸਿਟੀ ਨੇ 377 ਖੇਤਾਂ ਦਾ ਅਧਿਐਨ ਕਰਨ ਉਪਰੰਤ ਨੋਟ ਕੀਤਾ ਹੈ ਕਿ ਜੀ.ਐੱਮ. ਬੀਜਾਂ ਨਾਲ ਉਗਾਈ ਗਈ ਮੱਕੀ ਦੀਆਂ ਫਸਲਾਂ ਪ੍ਰਤੀ ਏਕੜ ਵਿੱਚ 56 ਕੁਇੰਟਲ ਦੀ ਉਪਜ ਦਿੰਦੀਆਂ ਹਨ; ਗੈਰ-ਜੀ.ਐੱਮ. ਬੀਜਾਂ ਨਾਲ ਉਗਾਈਆਂ ਗਈਆਂ ਫਸਲਾਂ ਨੇ 51 ਕੁਇੰਟਲ ਪੈਦਾਵਾਰ ਦਿੱਤੀ ਸੀ।

ਈ.ਆਰ.ਐੱਸ. ਦੇ ਅਧਿਐਨ ਵਿੱਚ ਪਾਇਆ ਗਿਆ ਹੈ ਕਿ ਜਦੋਂ ਕਿਸਾਨਾਂ ਨੇ ਜੀ.ਐੱਮ. ਬੀਜ ਅਪਨਾਏ ਤਾਂ ਨਦੀਨ ਨਾਸ਼ਕਾਂ ਦੀ ਵਰਤੋਂ ਕਾਫ਼ੀ ਘਟ ਗਈ। ਕੀਟਨਾਸ਼ਕਾਂ ਦੀ ਵਰਤੋਂ ਵਿੱਚ ਤਾਂ ਇਹ ਕਮੀ ਹੋਰ ਵੀ ਮਹੱਤਵਪੂਰਨ ਸੀ। ਜੜੀ-ਬੂਟੀਆਂ ਦੇ ਗਲਾਈਫੋਸੇਟ ਨੂੰ ਛੱਡ ਕੇ ਜਿਸ ਲਈ ਖੋਜ ਵਿੱਚ ਮਹੱਤਵਪੂਰਨ ਵਾਧਾ ਹੋਇਆ ਹੈ, ਜੜੀ-ਬੂਟੀਆਂ ਦੀ ਵਰਤੋਂ ਵਿੱਚ ਇਹ ਕਮੀ ਵੀ ਅਹਿਮ ਸੀ। ਕਈ ਅਧਿਐਨਾਂ ਵਿੱਚ ਪੈਦਾਵਾਰ ਬਨਾਮ ਨਦੀਨ ਤੇ ਕੀਟਨਾਸ਼ਕਾਂ ਵਿੱਚ ਗਹਿਰਾ ਸਬੰਧ ਨਹੀਂ ਪਾਇਆ ਗਿਆ, ਪਰ ਆਇਓਵਾ ਸਟੇਟ ਯੂਨੀਵਰਸਿਟੀ ਦੇ ਅਧਿਐਨ ਵਿੱਚ ਦਾਅਵਾ ਕੀਤਾ ਗਿਆ ਕਿ ਜੀ.ਐੱਮ. ਫਸਲਾਂ ਕਿਸਾਨਾਂ ਨੇ ਗੈਰ-ਜੀ.ਐੱਮ. ਫਸਲਾਂ ਤੇ 18% ਅਤੇ ਜੀ.ਐੱਮ. ਫਸਲਾਂ 'ਤੇ 12% ਕੀਟਨਾਸ਼ਕਾਂ ਦੀ ਵਰਤੋਂ ਕੀਤੀ ਹੈ। ਪੱਛਮੀ ਯੂਨੀਵਰਸਿਟੀਆਂ ਦੇ ਅਧਿਐਨ ਦਰਸਾਉਂਦੇ ਹਨ ਕਿ ਜਿਨ੍ਹਾਂ ਕਿਸਾਨਾਂ ਨੇ ਜੀ.ਐੱਮ. ਬੀਜ ਅਪਨਾਏ, ਉਨ੍ਹਾਂ ਨੇ ਸੋਇਆਬੀਨ ਦੀ ਫਸਲ ਦਾ ਪ੍ਰਤੀ ਏਕੜ ਔਸਤਨ 208.42 ਡਾਲਰ (ਕਰੀਬ 17056 ਰੁਪਏ) ਦਾ ਸ਼ੁੱਧ ਮੁੱਲ ਪੈਦਾ ਕੀਤਾ; ਹੋਰ ਫਸਲਾਂ ਨੇ 191.56 ਡਾਲਰ (15708 ਰੁਪਏ) ਪ੍ਰਤੀ ਏਕੜ ਸ਼ੁੱਧ ਮੁੱਲ ਪੈਦਾ ਕੀਤਾ। ਉੱਤਰੀ ਕੈਰੋਲੀਨਾ ਦੇ ਅਧਿਐਨ ਨੇ ਸੰਕੇਤ ਦਿੱਤਾ ਕਿ ਜੀ.ਐੱਮ. ਸੋਇਆਬੀਨ ਨੇ ਰਵਾਇਤੀ ਕਿਸਮਾਂ ਨਾਲੋਂ ਪ੍ਰਤੀ ਏਕੜ ਛੇ ਡਾਲਰ ਕੀਮਤ ਤੋਂ ਵੱਧ ਝਾੜ ਦਿੱਤਾ ਹੈ।

ਜੀ.ਐੱਮ. ਬੀਜਾਂ ਦਾ ਵਿਰੋਧ ਕਰਨ ਵਾਲੇ ਖੋਜੀਆਂ ਤੇ ਖੇਤੀ ਮਾਹਿਰਾਂ ਦੀ ਚਿੰਤਾ ਹੈ ਕਿ ਜੀ.ਐੱਮ. ਬੀਜਾਂ ਦੀ ਵਰਤੋਂ ਨਾਲ ਮਹਾਂ ਨਦੀਨ ਜਾਂ ਮਹਾਂ ਕੀਟ ਪੈਦਾ ਹੋਣਗੇ, ਜੋ ਸਮੇਂ ਦੇ ਨਾਲ ਨਾਲ ਜੀ.ਐੱਮ. ਬੀਜਾਂ ਤੇ ਫਸਲਾਂ ਅਤੇ ਹੋਰ ਜੜੀ-ਬੂਟੀਆਂ ਤੇ ਕੀਟਨਾਸ਼ਕਾਂ ਪ੍ਰਤੀਰੋਧਕ (ਸਹਿਣਸ਼ੀਲ) ਬਣ ਜਾਂਦੇ ਹਨ। ਜੀ.ਐੱਮ. ਬੀਜਾਂ ਦੇ ਆਲੋਚਕਾਂ ਦਾ ਇਲਜ਼ਾਮ ਹੈ ਕਿ ਬੀਜ ਪੈਦਾ ਕਰਨ ਵਾਲੀਆਂ ਕਾਰਪੋਰੇਸ਼ਨਾਂ ਜੀ.ਐੱਮ. ਉਤਪਾਦਾਂ ਦਾ ਮਨੁੱਖੀ ਸਿਹਤ 'ਤੇ ਪੈਣ ਵਾਲੇ ਅਸਰਾਂ ਉਪਰ ਪਰਦਾ ਪਾਉਂਦੀਆਂ ਹਨ। ਉਨ੍ਹਾਂ ਦਾ ਤਰਕ ਹੈ ਕਿ ਸਿਹਤ ਲਈ ਸਭ ਤੋਂ ਵੱਡਾ ਖਤਰਾ ਜੀ.ਐੱਮ. ਭੋਜਨ ਸਪਲਾਈ ਵਿੱਚ ਅਣਜਾਣ ਐਲਰਜੀਨਾਂ ਦੀ ਮੌਜੂਦਗੀ ਹੈ। ਇਸ ਗੱਲ ਦੇ ਸਬੂਤ ਮਿਲਦੇ ਹਨ ਕਿ ਐਲਰਜੀਨ ਨਾਲ ਪ੍ਰਤੀਕਿਰਿਆ ਕਰਨ ਵਾਲੇ ਮਨੁੱਖ ਉਸ ਐਲਰਜੀਨ ਪ੍ਰਤੀ ਵੀ ਉਸੇ ਤਰ੍ਹਾਂ ਦੀ ਪ੍ਰਤੀਕਿਰਿਆ ਕਰਨਗੇ, ਜਦੋਂ ਇਹ ਕਿਸੇ ਹੋਰ ਜੀਵ ਨਾਲ ਤਬਦੀਲ ਕੀਤਾ ਜਾਂਦਾ ਹੈ।

ਮੋਟੇ ਤੌਰ 'ਤੇ ਸਿੱਟਾ ਇਹ ਨਿਕਲਦਾ ਹੈ ਕਿ ਜੀਨ ਯੁਕਤ ਤਕਨੀਕ ਨੂੰ ਨਾ ਤਾਂ ਪੂਰੇ ਪੈਮਾਨੇ 'ਤੇ ਅਪਨਾਉਣਾ ਅਤੇ ਨਾ ਹੀ ਪੂਰੀ ਤਰ੍ਹਾਂ ਰੱਦ ਕਰਨਾ ਚਾਹੀਦਾ ਹੈ। ਇਹ ਤਕਨੀਕ ਉਨ੍ਹਾਂ ਕਿਸਾਨਾਂ ਲਈ ਵਧੇਰੇ ਢੁਕਵੀਂ ਹੋ ਸਕਦੀ ਹੈ, ਜਿਨ੍ਹਾਂ ਨੂੰ ਕੀਟਨਾਸ਼ਕਾਂ ਅਤੇ ਜੜੀ-ਬੂਟੀਆਂ ਦੇ ਛਿੜਕਾਅ ਕਰਨ ਵਿੱਚ ਮੁਸ਼ਕਿਲ ਆਉਂਦੀ ਹੈ। ਇਹ ਬੀਜ ਉਪਜਾਊ ਖੇਤੀ ਵਾਲੀਆਂ ਵੱਡੀਆਂ ਜੋਤਾਂ ਵਿੱਚ ਵਧੀਆ ਕੰਮ ਕਰ ਸਕਦੇ ਹਨ, ਜਿੱਥੇ ਲਾਗ ਦਾ ਘੱਟ ਖਤਰਾ ਹੈ। ਇਹ ਉਨ੍ਹਾਂ ਖੇਤਾਂ ਲਈ ਵੀ ਸਹਾਈ ਹੋ ਸਕਦੇ ਹਨ, ਜੋ ਟਰੈਕਟਰਾਂ ਦੀ ਪਹੁੰਚ ਤੋਂ ਬਾਹਰ ਹਨ ਜਾਂ ਜਲ ਸਰੋਤਾਂ ਦੇ ਨੇੜੇ ਹਨ, ਜਾਂ ਉਨ੍ਹਾਂ ਥਾਵਾਂ 'ਤੇ ਹਨ ਜਿੱਥੇ ਹਵਾ ਹੌਲੀ ਵਗਦੀ ਹੈ। ਇਸ ਦੇ ਉਲਟ ਜੀ.ਐੱਮ. ਬੀਜ ਉਨ੍ਹਾਂ ਕਿਸਾਨਾਂ ਲਈ ਘੱਟ ਢੁਕਵੇਂ ਹੋ ਸਕਦੇ ਹਨ, ਜੋ ਖਾਸ ਤੌਰ 'ਤੇ ਪੱਕੀ ਮੰਡੀ ਜਾਂ ਆੜ੍ਹਤੀਏ 'ਤੇ ਭਰੋਸਾ ਕਰਦੇ ਹਨ। ਵੱਡੀਆਂ ਜਾਂ ਵਿਦੇਸ਼ੀ ਮੰਡੀਆਂ ਵੱਡਾ ਜੋਖ਼ਮ ਹਨ, ਜੋ ਭਾਰਤ ਵਰਗੇ ਛੋਟੇ ਕਿਸਾਨਾਂ ਲਈ ਕਿਸੇ ਤਰ੍ਹਾਂ ਵੀ ਮੁਆਫ਼ਕ ਨਹੀਂ ਹੋ ਸਕਦੀਆਂ।

ਫਿਰ ਵੀ ਪੰਜਾਬ ਸਰਕਾਰ ਨੂੰ ਜੀਨ ਯੁਕਤ ਸਰ੍ਹੋਂ ਜਾਂ ਹੋਰ ਫਸਲਾਂ ਦੀ ਅਜ਼ਮਾਇਸ਼ ਦੀ ਇਜਾਜ਼ਤ ਦੇਣ ਤੋਂ ਪਹਿਲਾਂ ਇਨ੍ਹਾਂ ਬੀਜਾਂ ਦੇ ਚੰਗੇ ਜਾਂ ਮੰਦੇ ਅਸਰਾਂ ਦਾ ਵਿਆਪਕ ਮੁਲੰਕਣ ਕਰਵਾ ਲੈਣਾ ਚਾਹੀਦਾ ਹੈ। ਕਿਸਾਨਾਂ ਨੂੰ ਵਾਜਬ ਤਰੀਕੇ ਨਾਲ ਭਰੋਸੇ ਵਿੱਚ ਲੈ ਕੇ ਹੀ ਜੀ.ਐੱਮ. ਬੀਜਾਂ ਬਾਰੇ ਕਾਹ਼ਲੀ ਨਾਲ ਕੋਈ ਫੈਸਲਾ ਕਰਨ ਦੀ ਬਜਾਇ ਸਾਰੀਆਂ ਸਬੰਧਿਤ ਧਿਰਾਂ ਦੇ ਖ਼ਦਸ਼ੇ ਦੂਰ ਕਰਨ ਦੀ ਲੋੜ ਹੈ।

ਜ਼ਰੂਰੀ

'ਪੰਜਾਬੀ ਪਰਵਾਜ਼' ਵਿੱਚ ਵੱਖ-ਵੱਖ ਲੇਖਕਾਂ ਦੇ ਲੇਖ ਸਿਰਫ ਵਿਚਾਰਾਂ ਦੇ ਵਟਾਂਦਰੇ ਅਤੇ ਇੱਕ-ਦੂਜੇ ਤੱਕ ਜਾਣਕਾਰੀ ਜਾਂ ਅਨੁਭਵ ਪਹੁੰਚਦੇ ਕਰਨ ਦੇ ਮਕਸਦ ਨਾਲ ਛਾਪੇ ਗਏ ਹਨ। ਲੇਖਾਂ ਵਿਚਲੇ ਵਿਚਾਰਾਂ/ਤੱਥਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਪਾਠਕਾਂ ਦਾ ਨਿੱਜੀ ਮਸਲਾ ਹੈ। ਲੇਖਾਂ/ਰਚਨਾਵਾਂ ਵਿੱਚ ਹਲਕੀ ਕਿਸਮ ਦੀ ਭਾਸ਼ਾ ਤੋਂ ਗੁਰੇਜ ਕਰਨਾ ਅਤੇ ਲੋਕ-ਪੱਖੀ ਤੇ ਮਿਆਰੀ ਲਿਖਤਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨਾ 'ਪੰਜਾਬੀ ਪਰਵਾਜ਼' ਦੀ ਪਹਿਲ ਹੋਵੇਗੀ।

Punjabi Parwaz LLC
DBA Punjabi Parwaz

Address:
827 E. Kings Row, Unit# 7,
Palatine, IL 60074

Managed by:
Anureet Kaur
Kuljeet Singh

'ਪੰਜਾਬੀ ਪਰਵਾਜ਼' ਨੂੰ ਆਪਣੇ ਫੋਨ ਉਤੇ ਪੜ੍ਹਨ ਲਈ ਫੋਨ: 224-386-4548 ਅਤੇ ਈਮੇਲ: punjabiparwaz@gmail.com ਉਤੇ ਸੰਪਰਕ ਕਰੋ ਜਾਂ ਸਾਡੀ ਵੈਬਸਾਈਟ www.punjabiparwaz.com ਉਤੇ ਈਪੇਪਰ ਦਾ ਬਟਨ ਕਲਿੱਕ ਕਰੋ

ਪੰਜਾਬੀ ਪਰਵਾਜ਼ Punjabi Parwaz ਬੋਰਡ ਮੈਂਬਰ

ਬਲਵਿੰਦਰ ਸਿੰਘ (ਬੌਬ) ਸੰਧੂ
ਮਨਜਿੰਦਰ ਸਿੰਘ (ਮੈਕ) ਭਮਰਾ
ਗੁਰਿੰਦਰਜੀਤ ਸਿੰਘ ਗਰੇਵਾਲ
ਜੋਧ ਸਿੰਘ ਸਿੱਧੂ
ਯਾਦਵਿੰਦਰ ਸਿੰਘ (ਰਿੰਪੀ) ਖੱਟੜਾ
ਅਮਰੀਕ ਸਿੰਘ ਸ਼ਿਕਾਗੋ
ਸੰਨੀ ਧੂੜ (ਮਿਸ਼ੀਗਨ)
ਅੰਮ੍ਰਿਤਪਾਲ ਸਿੰਘ ਗਿੱਲ
ਦੀਦਾਰ ਸਿੰਘ ਧਨੋਆ
ਅਮਰਜੀਤ ਸਿੰਘ ਢੀਂਡਸਾ
ਬੇਅੰਤ ਸਿੰਘ ਬੋਪਾਰਾਏ
ਦਰਸ਼ਨ ਸਿੰਘ ਪੰਮਾ

ਬਲਵਿੰਦਰ ਸਿੰਘ ਚੱਠਾ
ਕਿਰਪਾਲ ਸਿੰਘ ਰੰਧਾਵਾ
ਅਜੈਬ ਸਿੰਘ ਲੱਖਣ
ਹਰਕੇਵਲ ਲਾਲੀ
ਬਿਕਰਮ ਸਿੰਘ ਸਿੱਧੂ
ਮਿੰਨੀ ਮੁਲਤਾਨੀ
ਗੁਰਪ੍ਰੀਤ ਕੇ. ਸਿੰਘ
ਅਮਨਦੀਪ ਸਿੰਘ ਕੁਲਾਰ
ਇੰਦਰ ਹੁੰਜਣ
ਪਰਮਿੰਦਰ ਸਿੰਘ (ਯੂਬਾ ਸਿਟੀ)
ਜਗਜੀਤ ਸਿੰਘ ਖੇੜਾ (ਓਕਲਾਹੋਮਾ)
ਜਿਗਰਦੀਪ ਸਿੰਘ ਢਿੱਲੋਂ
ਹਰਮੀਕ ਸਿੰਘ ਗਿਰਨ

# ਕੇਸਾਧਾਰੀ ਗੋਲਡ ਕੱਪ ਹਾਕੀ ਟੂਰਨਾਮੈਂਟ ‘ਚ ਐੱਸ.ਜੀ.ਪੀ.ਸੀ. ਮਿਸਲ ਸ਼ੁੱਕਰਚੱਕੀਆਂ ਬਣੀ ਚੈਂਪੀਅਨ

## ਪੀ.ਆਈ.ਐੱਸ. ਮੁਹਾਲੀ ਮਿਸਲ ਆਹਲੂਵਾਲੀਆ ਉਪ-ਜੇਤੂ, ਰਾਊਂਡ ਗਲਾਸ ਮੁਹਾਲੀ ਮਿਸਲ ਨਿਸ਼ਾਨਾਂਵਾਲੀ ਤੀਜੇ ਅਤੇ ਪੀ.ਆਈ.ਐੱਸ. ਲੁਧਿਆਣਾ ਮਿਸਲ ਭੰਗੀਆਂ ਚੌਥੇ ਸਥਾਨ ‘ਤੇ ਰਹੇ

ਰਿਪੋਰਟ
ਅਮਰੀਕ ਸਿੰਘ ਭਾਗੋਵਾਲੀਆ
ਫੋਨ: +91-9815535596



ਉਲੰਪੀਅਨ ਬਲਬੀਰ ਸਿੰਘ ਸੀਨੀਅਰ ਅੰਤਰ-ਰਾਸ਼ਟਰੀ ਹਾਕੀ ਸਟੇਡੀਅਮ ਮੁਹਾਲੀ ਵਿਖੇ ਇੰਟਰਨੈਸ਼ਨਲ ਸਿੱਖ ਸਪੋਰਟਸ ਕੌਂਸਲ ਵੱਲੋਂ ਚੌਥਾ ਪੰਜ ਰੋਜ਼ਾ ਕੇਸਾਧਾਰੀ ਗੋਲਡ ਕੱਪ ਹਾਕੀ ਟੂਰਨਾਮੈਂਟ ਅੰਡਰ-19 ਜੋਸ਼ੋ ਖਰੋਸ਼ ਨਾਲ ਕਰਵਾਇਆ ਗਿਆ। ਇਸ ਟੂਰਨਾਮੈਂਟ ਵਿੱਚ ਸ਼ਾਮਿਲ ਹੋਈਆਂ ਕੁੱਲ 8 ਟੀਮਾਂ ਵਿੱਚ 150 ਦੇ ਕਰੀਬ ਖਿਡਾਰੀਆਂ ਨੇ ਆਪਣੀ ਸਟਿੱਕ ਦੇ ਜੌਹਰ ਦਿਖਾਏ।




ਜਿਸ ਵਿੱਚ ਰਾਊਂਡ ਗਲਾਸ ਮੁਹਾਲੀ ਮਿਸਲ ਨਿਸ਼ਾਨਾਂਵਾਲੀ ਦੀ ਟੀਮ ਨੂੰ ਨਰੋਆ ਪੰਜਾਬ ਵੱਲੋਂ, ਹਾਕਸ ਅਕੈਡਮੀ ਰੂਪਨਗਰ ਮਿਸਲ ਸ਼ਹੀਦਾਂ ਨੂੰ ਗੁਰਦੁਆਰਾ ਸਿੰਘ-ਸ਼ਹੀਦਾਂ ਸੋਹਾਣਾ ਵੱਲੋਂ, ਪੀ.ਆਈ.ਐੱਸ. ਮੁਹਾਲੀ ਮਿਸਲ ਆਹਲੂਵਾਲੀਆ ਨੂੰ ਮੁਹਾਲੀ ਵਾਕ ਵੱਲੋਂ, ਪੀ.ਆਈ.ਐੱਸ. ਲੁਧਿਆਣਾ ਮਿਸਲ ਭੰਗੀਆਂ ਨੂੰ ਜਸਵਾਲ ਸੰਨਜ਼ ਯੂ.ਐੱਸ.ਏ. ਵੱਲੋਂ, ਐੱਸ.ਜੀ.ਪੀ.ਸੀ. ਮਿਸਲ ਸ਼ੁੱਕਰਚੱਕੀਆਂ ਨੂੰ ਜੁਗਰਾਜ ਸਿੰਘ ਗਿੱਲ ਟਰੱਸਟ ਚੰਡੀਗੜ੍ਹ ਵੱਲੋਂ, ਫਲਿੱਕਰ ਬ੍ਰਦਰਜ਼ ਸ਼ਾਹਬਾਦ ਮਿਸਲ ਫੂਲਕੀਆਂ ਨੂੰ ਬਾਬਾ ਗਾਜੀਦਾਸ ਕਲੱਬ ਚੱਕਲਾਂ ਰੂਪਨਗਰ ਵੱਲੋਂ, ਹੌਲੀ ਵਰਲਡ ਅਕੈਡਮੀ ਬਟਾਲਾ ਮਿਸਲ ਸਿੰਘਪੁਰੀਆਂ ਨੂੰ ਇੰਟਰਨੈਸ਼ਨਲ ਸਿੱਖ ਸਪੋਰਟਸ ਕੌਂਸਲ ਵੱਲੋਂ ਅਤੇ ਰਾਊਂਡ ਗਲਾਸ ਬੁਤਾਲਾ ਮਿਸਲ ਡੱਲੇਵਾਲੀਆਂ ਨੂੰ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਚੰਡੀਗੜ੍ਹ ਵੱਲੋਂ ਸਪਾਂਸਰ ਕੀਤਾ ਗਿਆ।

ਕੌਂਸਲ ਦੇ ਪ੍ਰਧਾਨ ਅਤੇ ਟੂਰਨਾਮੈਂਟ ਦੇ ਮੁੱਖ ਪ੍ਰਬੰਧਕ ਜਸਬੀਰ ਸਿੰਘ ਮੁਹਾਲੀ ਦੀ ਅਗਵਾਈ ਵਿੱਚ ਕਰਵਾਏ ਗਏ ਇਸ ਟੂਰਨਾਮੈਂਟ ਦੇ ਪਹਿਲੇ ਸੈਮੀ-ਫਾਇਨਲ ਮੈਚ ਵਿੱਚ ਮੁਹਾਲੀ ਵਾਕ ਦੀ ਟੀਮ ਪੀ.ਆਈ.ਐੱਸ. ਮੁਹਾਲੀ ਮਿਸਲ ਆਹਲੂਵਾਲੀਆ ਦੀ ਜਸਵਾਲ ਸੰਨਜ਼ ਯੂ.ਐੱਸ.ਏ. ਦੀ ਟੀਮ ਪੀ.ਆਈ.ਐੱਸ. ਲੁਧਿਆਣਾ ਮਿਸਲ ਭੰਗੀਆਂ ਨਾਲ ਟੱਕਰ ਹੋਈ। ਇਸ ਵਿੱਚ ਪੀ.ਆਈ.ਐੱਸ. ਮੁਹਾਲੀ ਦੇ ਤੇਜ-ਤਰਾਰ ਖਿਡਾਰੀ ਲਵਨੂਰ ਸਿੰਘ ਨੇ ਮੈਚ ਦੇ ਦੂਜੇ ਅਤੇ 7ਵੇਂ ਮਿੰਟਾਂ ਵਿੱਚ ਉਪਰੋਥਲੀ 2 ਫੀਲਡ ਗੋਲ ਕਰਕੇ ਆਪਣੀ ਟੀਮ ਨੂੰ 2 ਗੋਲਾਂ ਨਾਲ ਅੱਗੇ ਕਰ ਦਿੱਤਾ। ਪੀ.ਆਈ.ਐੱਸ. ਲੁਧਿਆਣਾ ਨੂੰ ਕਈ ਪੈਨਲਟੀ ਕਾਰਨਰ ਮਿਲੇ, ਪਰ ਇਨ੍ਹਾਂ ਵਿੱਚੋਂ ਮੈਚ ਦੇ 41ਵੇਂ ਮਿੰਟ ਵਿੱਚ ਪ੍ਰਭਜੋਤ ਸਿੰਘ ਸਿਰਫ਼ ਇੱਕ ਪੈਨਲਟੀ ਕਾਰਨਰ ਨੂੰ ਗੋਲ ਵਿੱਚ ਬਦਲਣ ਵਿੱਚ ਕਾਮਯਾਬ ਰਿਹਾ। ਮੁਹਾਲੀ ਵੱਲੋਂ ਮੈਚ ਦੇ 43ਵੇਂ ਮਿੰਟ ਵਿੱਚ ਜਪਨੀਤ ਸਿੰਘ ਨੇ ਅਤੇ 54ਵੇਂ ਮਿੰਟ ਮਨਦੀਪ ਸਿੰਘ ਨੇ 1-1 ਗੋਲ ਕਰਕੇ ਆਪਣੀ ਟੀਮ ਦਾ ਗੋਲ ਸਕੋਰ 4-1 ਕਰਕੇ ਆਪਣੀ ਟੀਮ ਨੂੰ ਫਾਈਨਲ ਵਿੱਚ ਪਹੁੰਚਾ ਦਿੱਤਾ। ਇਸ ਮੈਚ ਵਿੱਚ ਪੀ.ਆਈ.ਐੱਸ. ਮੁਹਾਲੀ ਦੇ ਗੋਲਕੀਪਰ ਪ੍ਰੀਤਇੰਦਰ ਸਿੰਘ ਨੂੰ ਮੈਨ ਆਫ਼ ਦੀ ਮੈਚ ਦਾ ਅਵਾਰਡ ਮਿਲਿਆ।

ਦੂਸਰਾ ਸੈਮੀਫਾਈਨਲ ਮੈਚ ਜੁਗਰਾਜ ਸਿੰਘ ਗਿੱਲ ਟਰੱਸਟ ਚੰਡੀਗੜ੍ਹ ਦੀ ਟੀਮ ਐੱਸ.ਜੀ.ਪੀ.ਸੀ. ਮਿਸਲ ਸ਼ੁੱਕਰਚੱਕੀਆਂ ਅਤੇ ਨਰੋਆ ਪੰਜਾਬ ਦੀ ਟੀਮ ਰਾਊਂਡ ਗਲਾਸ ਮੁਹਾਲੀ ਮਿਸਲ ਨਿਸ਼ਾਨਾਂਵਾਲੀ ਵਿਚਕਾਰ ਖੇਡਿਆ ਗਿਆ। ਇਸ ਮੈਚ ਦੌਰਾਨ ਐੱਸ.ਜੀ.ਪੀ.ਸੀ. ਵੱਲੋਂ ਜਗਜੀਤ ਸਿੰਘ ਨੇ ਮੈਚ ਦੇ 15ਵੇਂ ਤੇ 31ਵੇਂ ਮਿੰਟ ਵਿੱਚ ਅਤੇ ਹਰਸ਼ਦੀਪ ਸਿੰਘ ਨੇ 22ਵੇਂ ਤੇ 33ਵੇਂ ਮਿੰਟ 2-2 ਗੋਲ ਕਰਕੇ ਮੈਚ ਉੱਤੇ ਆਪਣੀ ਪਕੜ ਮਜ਼ਬੂਤ ਕਰ ਲਈ। ਰਾਊਂਡ ਗਲਾਸ ਵੱਲੋਂ ਇਕਲੌਤਾ ਗੋਲ ਜਰਮਨ ਸਿੰਘ ਵੱਲੋਂ ਮੈਚ ਦੇ 48ਵੇਂ ਮਿੰਟ ਵਿੱਚ ਕੀਤਾ ਗਿਆ। ਇਸ ਤਰ੍ਹਾਂ ਐੱਸ.ਜੀ.ਪੀ.ਸੀ. ਅੰਮ੍ਰਿਤਸਰ ਨੇ ਰਾਊਂਡ ਗਲਾਸ ਨੂੰ 4-1 ਗੋਲਾਂ ਨਾਲ ਮਾਤ ਦੇ ਕੇ ਫਾਈਨਲ ਲਈ ਆਪਣੀ ਥਾਂ ਪੱਕੀ ਕਰ ਲਈ। ਇਸ ਮੈਚ ਵਿੱਚ ਐੱਸ.ਜੀ.ਪੀ.ਸੀ. ਦੇ ਗੋਲਕੀਪਰ ਕਰਨਦੀਪ ਸਿੰਘ ਨੂੰ ਮੈਨ ਆਫ਼ ਦੀ ਮੈਚ ਦੇ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ।

ਫਾਈਨਲ ਮੈਚ ਜੁਗਰਾਜ ਸਿੰਘ ਗਿੱਲ ਟਰੱਸਟ ਚੰਡੀਗੜ੍ਹ ਦੀ ਟੀਮ ਐੱਸ.ਜੀ.ਪੀ.ਸੀ. ਮਿਸਲ ਸ਼ੁੱਕਰਚੱਕੀਆਂ ਅਤੇ ਮੁਹਾਲੀ ਵਾਕ ਦੀ ਟੀਮ ਪੀ.ਆਈ.ਐੱਸ. ਮੁਹਾਲੀ ਮਿਸਲ ਆਹਲੂਵਾਲੀਆ ਵਿੱਚ ਮੁਕਾਬਲਾ ਬਹੁਤ ਹੀ ਸੰਘਰਸ਼ਪੂਰਨ ਰਿਹਾ। ਐੱਸ.ਜੀ.ਪੀ.ਸੀ. ਦੇ ਖਿਡਾਰੀ ਕਮਲਦੀਪ ਸਿੰਘ ਵੱਲੋਂ ਇਕਲੌਤਾ ਜੇਤੂ ਗੋਲ ਮੈਚ ਦੇ 24ਵੇਂ ਮਿੰਟ ਵਿੱਚ ਕੀਤਾ ਗਿਆ। ਇਸ ਗੋਲ ਨੂੰ ਉਤਾਰਨ ਲਈ ਮੁਹਾਲੀ ਦੀ ਟੀਮ ਦੇ ਖਿਡਾਰੀਆਂ ਨੇ ਐੱਸ.ਜੀ.ਪੀ.ਸੀ. ਦੇ ਗੋਲ ਤੇ ਤਾਬੜਤੋੜ ਹਮਲੇ ਕੀਤੇ, ਪਰ ਐੱਸ.ਜੀ.ਪੀ.ਸੀ. ਦੇ ਗੋਲਕੀਪਰ ਕਰਨਦੀਪ ਸਿੰਘ ਨੇ ਵਿਰੋਧੀਆਂ ਦੀ ਪੇਸ਼ ਨਾ ਜਾਣ ਦਿੱਤੀ। ਆਖਰਕਾਰ ਮਿਸਲ ਸ਼ੁੱਕਰਚੱਕੀਆਂ ਨੇ 1-0 ਗੋਲ ਦੇ ਫ਼ਰਕ ਨਾਲ ਚੈਂਪੀਅਨ ਖਿਤਾਬ ਹਾਸਿਲ ਕਰਕੇ ਗੋਲਡ ਕੱਪ ‘ਤੇ ਆਪਣਾ ਕਬਜ਼ਾ ਜਮਾ ਲਿਆ। ਮੁਹਾਲੀ ਦੀ ਟੀਮ ਨੂੰ ਉਪ-ਚੈਂਪੀਅਨ ਦਾ ਖਿਤਾਬ ਮਿਲਿਆ। ਨਰੋਆ ਪੰਜਾਬ ਦੀ ਟੀਮ ਰਾਊਂਡ ਗਲਾਸ ਮੁਹਾਲੀ ਮਿਸਲ ਨਿਸ਼ਾਨਾਂਵਾਲੀ ਨੇ ਜਸਵਾਲ ਸੰਨਜ਼ ਯੂ.ਐੱਸ.ਏ. ਦੀ ਟੀਮ ਪੀ.ਆਈ.ਐੱਸ. ਲੁਧਿਆਣਾ ਮਿਸਲ ਭੰਗੀਆਂ ਨੂੰ 3-1 ਗੋਲਾਂ ਨਾਲ ਹਰਾ ਕੇ ਤੀਸਰਾ ਸਥਾਨ ਪ੍ਰਾਪਤ ਕੀਤਾ ਅਤੇ ਲੁਧਿਆਣਾ ਦੀ ਟੀਮ ਨੂੰ ਚੌਥੇ ਸਥਾਨ ਤੇ ਰਹਿ ਕੇ ਸਬਰ ਦਾ ਘੁੱਟ ਭਰਨਾ ਪਿਆ।


ਇਨ੍ਹਾਂ ਤੋਂ ਇਲਾਵਾ ਐੱਸ.ਜੀ.ਪੀ.ਸੀ. ਦੇ ਖਿਡਾਰੀ ਨੂੰ ਜਗਜੀਤ ਸਿੰਘ ਪਲੇਅਰ ਆਫ਼ ਦਾ ਟੂਰਨਾਮੈਂਟ, ਕਰਨਦੀਪ ਸਿੰਘ ਨੂੰ ਸਰਵੋਤਮ ਗੋਲਕੀਪਰ, ਰਾਊਂਡ ਗਲਾਸ ਦੇ ਪਾਵੇਲ ਸਿੰਘ ਨੂੰ ਟਾਪ ਸਕੋਰਰ, ਐੱਸ.ਜੀ.ਪੀ.ਸੀ. ਦੇ ਹਰਸ਼ਦੀਪ ਸਿੰਘ ਨੂੰ ਬੈਸਟ ਫਾਰਵਰਡ, ਪੀ.ਆਈ.ਐੱਸ. ਦੇ ਜੈਪਾਲ ਸਿੰਘ ਨੂੰ ਬੈਸਟ ਡਿਫੈਂਡਰ ਦੇ ਅਵਾਰਡ ਨਾਲ ਸਨਮਾਨਿਤ ਕੀਤਾ। ਇਸ ਮੌਕੇ ਉੱਘੇ ਸਮਾਜ ਸੇਵੀ ਭਾਈ ਸ਼ਮਸ਼ੇਰ ਸਿੰਘ ਪ੍ਰਭ ਆਸਰਾ ਪਡਿਆਲਾ, ਕਿਸਾਨ ਆਗੂ ਪਰਮਦੀਪ ਸਿੰਘ ਬੈਦਵਾਨ, ਸਮਾਜ ਸੇਵੀ ਨਸੀਬ ਸਿੰਘ ਸੰਧੂ ਅਤੇ ਸਮਾਜ ਸੇਵੀ ਬੀਬੀ ਸੰਦੀਪ ਕੌਰ ਨੂੰ ਗੁਰਦੀਪ ਸਿੰਘ ਜਸਵਾਲ ਯੂ.ਐੱਸ.ਏ. ਨੇ 21-21 ਹਜ਼ਾਰ ਰੁਪਏ ਤੇ ਸਨਮਾਨ ਚਿੰਨ੍ਹ ਨਾਲ ਵਿਸ਼ੇਸ਼ ਤੌਰ ‘ਤੇ ਸਨਮਾਨਿਤ ਕੀਤਾ।

ਇਨਾਮ ਵੰਡ ਸਮਾਰੋਹ ਵਿੱਚ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਕੁਲਤਾਰ ਸਿੰਘ ਸੰਧਵਾਂ ਬਤੌਰ ਮੁੱਖ ਮਹਿਮਾਨ ਜੇਤੂ ਟੀਮਾਂ ਤੇ ਖਿਡਾਰੀਆਂ ਨੂੰ ਇਨਾਮ ਤਕਸੀਮ ਕੀਤੇ। ਇਸ ਮੌਕੇ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਖਿਡਾਰੀਆਂ ਦੇ ਖੇਡ ਅਤੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਵਚਨਬੱਧ ਹੈ। ਉਨ੍ਹਾਂ ਨੇ ਕੌਂਸਲ ਨੂੰ 2 ਲੱਖ ਰੁਪਏ ਦੀ ਵਿੱਤੀ ਸਹਾਇਤਾ ਦੇਣ ਦਾ ਐਲਾਨ ਵੀ ਕੀਤਾ। ਐੱਸ.ਜੀ.ਪੀ.ਸੀ. ਦੀ ਜੇਤੂ ਟੀਮ ਨੂੰ 1 ਲੱਖ ਰੁਪਏ ਦਾ ਨਗਦ ਇਨਾਮ ਅਤੇ ਉਘੇ ਸਮਾਜ ਸੇਵੀ ਐੱਸ.ਪੀ. ਸਿੰਘ ਓਬਰਾਏ ਵੱਲੋਂ ਸਪਾਂਸਰ ਕੀਤਾ ਗਿਆ ਰਨਿੰਗ ਗੋਲਡ ਕੱਪ, ਪੀ.ਆਈ.ਐੱਸ. ਮੁਹਾਲੀ ਦੀ ਉਪ-ਜੇਤੂ ਟੀਮ ਨੂੰ 51 ਹਜ਼ਾਰ ਰੁਪਏ ਦਾ ਇਨਾਮ ਤੇ ਉਪ-ਜੇਤੂ ਟਰਾਫ਼ੀ, ਤੀਸਰੇ ਸਥਾਨ ‘ਤੇ ਰਹੀ ਰਾਊਂਡ ਗਲਾਸ ਮੁਹਾਲੀ ਦੀ ਟੀਮ ਨੂੰ 21 ਹਜ਼ਾਰ ਰੁਪਏ ਤੇ ਟਰਾਫ਼ੀ ਅਤੇ ਪੀ.ਆਈ.ਐੱਸ. ਲੁਧਿਆਣਾ ਦੀ ਟੀਮ ਨੂੰ 11 ਹਜ਼ਾਰ ਰੁਪਏ ਦੇ ਨਗਦ ਅਤੇ ਟਰਾਫ਼ੀ ਵੀ ਇਨਾਮ ਵੱਜੋਂ ਦਿੱਤੀ ਗਈ।

ਇਸੇ ਦੌਰਾਨ ਐੱਸ.ਜੀ.ਪੀ.ਸੀ. ਦੇ ਖਿਡਾਰੀ ਜਗਜੀਤ ਸਿੰਘ ਨੂੰ ਪਲੇਅਰ ਆਫ਼ ਦਾ ਟੂਰਨਾਮੈਂਟ, ਕਰਨਦੀਪ ਸਿੰਘ ਨੂੰ ਸਰਵੋਤਮ ਗੋਲਕੀਪਰ, ਰਾਊਂਡ ਗਲਾਸ ਦੇ ਪਾਵੇਲ ਸਿੰਘ ਨੂੰ ਟਾਪ ਸਕੋਰਰ, ਐੱਸ.ਜੀ.ਪੀ.ਸੀ. ਦੇ ਹਰਸ਼ਦੀਪ ਸਿੰਘ ਨੂੰ ਵਧੀਆ ਫਾਰਵਰਡ, ਪੀ.ਆਈ.ਐੱਸ. ਮੁਹਾਲੀ ਦੇ ਜਪਨੀਤ ਸਿੰਘ ਨੂੰ ਬੈਸਟ ਡਿਫੈਂਡਰ ਦੇ ਅਵਾਰਡ ਨਾਲ ਸਨਮਾਨਿਤ ਕੀਤਾ। ਇਸ ਮੌਕੇ ਕਈ ਉਘੀਆਂ ਸ਼ਖਸੀਅਤਾਂ ਨੇ ਵੀ ਵਿਸ਼ੇਸ਼ ਤੌਰ ਤੇ ਸ਼ਿਰਕਤ ਕਰਕੇ ਖਿਡਾਰੀਆਂ ਦੀ ਹੌਂਸਲਾ ਅਫ਼ਜਾਈ ਕੀਤੀ।

# ਅੰਮ੍ਰਿਤਪਾਲ ਗਿੱਲ ਦੀ ਭਰਜਾਈ ਬੀਬੀ ਕੁਲਦੀਪ ਕੌਰ ਦਾ ਦੇਹਾਂਤ

**ਸ਼ਿਕਾਗੋ (ਪੰਜਾਬੀ ਪਰਵਾਜ਼ ਬਿਊਰੋ):** ਸ਼ੇਰ-ਏ-ਪੰਜਾਬ ਸਪੋਰਟਸ ਕਲੱਬ ਸ਼ਿਕਾਗੋ (ਮਿਡਵੈਸਟ) ਦੇ ਲੰਮਾ ਸਮਾਂ ਪ੍ਰਧਾਨ ਰਹੇ ਨਾਮੀ ਭਾਈਚਾਰਕ ਸ਼ਖਸੀਅਤ ਤੇ ਕਾਰੋਬਾਰੀ ਅੰਮ੍ਰਿਤਪਾਲ ਸਿੰਘ ਗਿੱਲ ਨੂੰ ਲੰਘੇ ਦਿਨੀਂ ਉਦੋਂ ਸਦਮਾ ਪੁੱਜਾ, ਜਦੋਂ ਉਨ੍ਹਾਂ ਦੇ ਵੱਡੇ ਭਾਬੀ ਜੀ ਬੀਬੀ ਕੁਲਦੀਪ ਕੌਰ ਗਿੱਲ ਲੰਘੀ 6 ਫਰਵਰੀ ਨੂੰ ਅਕਾਲ ਚਲਾਣਾ ਕਰ ਗਏ। ਉਹ ਕਰੀਬ 66 ਸਾਲਾਂ ਦੇ ਸਨ ਅਤੇ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਗਿੱਲ ਵਿਖੇ ਆਪਣੇ ਪਰਿਵਾਰ ਨਾਲ ਫਾਰਮ ਹਾਊਸ ਵਿੱਚ ਰਹਿੰਦੇ ਸਨ।


ਸਵਰਗੀ ਕੁਲਦੀਪ ਕੌਰ ਗਿੱਲ

ਅੰਮ੍ਰਿਤਪਾਲ ਸਿੰਘ ਗਿੱਲ ਨੇ ਦੱਸਿਆ ਕਿ ਲੰਘੀ 5 ਤੇ 6 ਫਰਵਰੀ ਦੀ ਦਰਮਿਆਨੀ ਰਾਤ ਨੂੰ ਬੀਬੀ ਕੁਲਦੀਪ ਕੌਰ ਗਿੱਲ ਨੂੰ ਛਾਤੀ ਵਿੱਚ ਦਰਦ ਦੀ ਸ਼ਿਕਾਇਤ ਹੋਈ, ਪਰ ਦਿਲ ਦੇ ਦੌਰੇ (ਹਰਟ ਅਟੈਕ) ਬਾਰੇ ਨਾ ਸੋਚ ਕੇ ਉਹ ਆਪਣੇ ਕਮਰੇ ਵਿੱਚ ਹੀ ਪਏ ਰਹੇ। ਜਦੋਂ ਉਨ੍ਹਾਂ ਨੂੰ ਸਾਹ ਲੈਣ ਵਿੱਚ ਜ਼ਿਆਦਾ ਦਿੱਕਤ ਆਈ ਤਾਂ ਸਵੇਰੇ ਉਨ੍ਹਾਂ ਆਪਣੇ ਪੁੱਤਰ ਬਲਜੋਤ ਸਿੰਘ ਨੂੰ ਫੋਨ ਕਰਕੇ ਆਪਣੀ ਤਕਲੀਫ ਤੋਂ ਜਾਣੂ ਕਰਵਾਇਆ। ਘਰ ਦੇ ਜੀਅ ਤੁਰੰਤ ਉਨ੍ਹਾਂ ਨੂੰ ਹਸਪਤਾਲ ਲੈ ਗਏ, ਪਰ ਡਾਕਟਰਾਂ ਨੇ ਹਰਟ ਅਟੈਕ ਆਏ ਹੋਣ ਬਾਰੇ ਸਪਸ਼ਟ ਕੀਤਾ। ਉਨ੍ਹਾਂ ਨੂੰ ਬਚਾਉਣ ਦੀ ਆਖਰੀ ਕੋਸ਼ਿਸ਼ ਦੇ ਮੱਦੇਨਜ਼ਰ ਵੈਂਟੀਲੇਟਰ ਲਾ ਕੇ ਰੱਖਿਆ, ਪਰ ਅਖੀਰ ਡਾਕਟਰਾਂ ਨੇ ਜਵਾਬ ਦੇ ਦਿੱਤਾ।

ਪਰਿਵਾਰ ਅਨੁਸਾਰ ਬੀਬੀ ਕੁਲਦੀਪ ਕੌਰ ਗਿੱਲ ਸਿਹਤ ਪੱਖੋਂ ਚੰਗੇ-ਭਲੇ ਸਨ। ਉਂਜ ਗੋਡਿਆਂ ਵਿੱਚ ਦਰਦ ਦੀ ਸ਼ਿਕਾਇਤ ਰਹਿੰਦੀ ਸੀ। ਉਹ ਆਪਣੇ ਪਿੱਛੇ ਪਤੀ ਇਕਬਾਲ ਸਿੰਘ ਗਿੱਲ, ਪੁੱਤਰ ਬਲਜੋਤ ਸਿੰਘ ਗਿੱਲ, ਨੂੰਹ ਬੇਅੰਤ ਕੌਰ ਗਿੱਲ ਤੇ ਦੋ ਪੋਤਰੇ ਛੱਡ ਗਏ ਹਨ। ਬੀਬੀ ਕੁਲਦੀਪ ਕੌਰ ਨਮਿੱਤ ਸਹਿਜ ਪਾਠ ਦਾ ਭੋਗ ਤੇ ਅੰਤਿਮ ਅਰਦਾਸ ਲੰਘੀ 14 ਫਰਵਰੀ ਨੂੰ ਗੁਰਦੁਆਰਾ ਬਾਬਾ ਦੀਪ ਸਿੰਘ ਨਗਰ ਵਿਖੇ ਹੋਏ। ਪਰਿਵਾਰ ਨਾਲ ਸੰਪਰਕ ਇਕਬਾਲ ਸਿੰਘ ਗਿੱਲ ਫੋਨ: +91-98884-80673 (ਭਾਰਤ) ਜਾਂ ਅੰਮ੍ਰਿਤਪਾਲ ਸਿੰਘ ਗਿੱਲ ਫੋਨ: 920-460-1001 (ਅਮਰੀਕਾ) ਰਾਹੀਂ ਕੀਤਾ ਜਾ ਸਕਦਾ ਹੈ।

ਇਸੇ ਦੌਰਾਨ ਸ਼ੇਰ-ਏ-ਪੰਜਾਬ ਸਪੋਰਟਸ ਕਲੱਬ ਸ਼ਿਕਾਗੋ (ਮਿਡਵੈਸਟ) ਦੇ ਨੁਮਾਇੰਦਿਆਂ ਤੇ ਹੋਰ ਭਾਈਚਾਰਕ ਜਾਣੂਆਂ ਨੇ ਦੁੱਖ ਦੀ ਇਸ ਘੜੀ ਗਿੱਲ ਪਰਿਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ ਹੈ ਅਤੇ ਵਿਛੜੀ ਰੂਹ ਦੀ ਆਤਮਿਕ ਸ਼ਾਂਤੀ ਲਈ ਵਾਹਿਗੁਰੂ ਅੱਗੇ ਅਰਦਾਸ ਕੀਤੀ ਹੈ।

SONA
WEDDING & EVENT PLANNERS
ONE STOP FOR YOUR DREAM EVENTS
- Weddings/Destination Weddings
- Social & Corporate Events
- Quinceañera/Themed Parties
- Catered Events
- Bridal Makeup/Henna
- Designer Dresses/Rental for Bride/Groom/Family/Friends
- Photography/Videography
- Photobooth rental of all types!
- Custom Decor
- DJ/Singer/Emcee/Lighting
- Venues

for more information and details contact us:
Mona Bhalla
Planner & Event Consultant
224.369.6100
info@sona-events.com
www.sona-events.com
sonaeventss
sonaeventss

# ਹੱਕਾਂ ਦੀ ਗੱਲ: ਦੂਜੇ ਗੇੜ ਦੇ ਕਿਸਾਨ ਸੰਘਰਸ਼ ਨੇ ਗਤੀ ਫੜੀ

⇒ ਸਫਾ ਇੱਕ ਦੀ ਬਾਕੀ ...

ਵਿਖਾਈ ਦੇ ਰਹੀਆਂ ਹਨ। ਸ਼ੰਭੂ ਬਾਰਡਰ 'ਤੇ ਟਰੈਕਟਰ ਟਰਾਲੀਆਂ ਦੀ 10-11 ਕਿਲੋਮੀਟਰ ਲੰਮੀ ਲਾਈਨ ਵਿਖਾਈ ਦਿੱਤੀ। 13 ਫਰਵਰੀ ਨੂੰ ਆਪਣੇ ਦਿੱਲੀ ਕੂਚ ਦੇ ਪਹਿਲੇ



ਦਿਨ ਦੋ ਬੈਰੀਕੇਡ, ਪਰ ਸਮੁੱਚਾ ਘੇਰਾ ਤੋੜਨ ਵਿੱਚ ਅਸਫਲ ਰਹਿਣ ਬਾਅਦ ਕਿਸਾਨਾਂ ਨੇ ਸ਼ਾਮ ਨੂੰ ਸੁਰੱਖਿਆ ਦਸਤਿਆਂ ਨਾਲ ਕਸ਼ਮਕਸ਼ ਰੋਕਣ ਦਾ ਫੈਸਲਾ ਕੀਤਾ, ਪਰ ਹਰਿਆਣਾ ਵਾਲੇ ਪਾਸਿਉਂ ਰਾਤ ਭਰ ਅੱਥਰੂ ਗੈਸ ਦੇ ਗੋਲਿਆਂ ਦੀ ਸ਼ੈਲਿੰਗ ਹੁੰਦੀ ਰਹੀ। ਜ਼ਖਮੀ ਹੋਏ ਵਿਅਕਤੀਆਂ ਵਿੱਚੋਂ ਕੁਝ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ, ਉਨ੍ਹਾਂ ਨੂੰ ਵੱਖ-ਵੱਖ ਹਸਪਤਾਲਾਂ ਵਿੱਚ ਦਾਖਲ ਕਰਵਾਇਆ ਗਿਆ ਹੈ।

ਇਸੇ ਦੌਰਾਨ ਪੰਜਾਬ ਸਰਕਾਰ ਨੇ ਪੰਜਾਬ ਵਿੱਚ ਹਾਈ ਅਲਰਟ ਦਾ ਐਲਾਨ ਕਰ ਦਿੱਤਾ ਹੈ ਅਤੇ ਪੰਜਾਬ-ਹਰਿਆਣਾ ਸਰਹੱਦ ਨਾਲ ਲਗਦੇ ਹਸਪਤਾਲਾਂ ਨੂੰ ਤਿਆਰ-ਬਰ-ਤਿਆਰ ਰਹਿਣ ਲਈ ਕਿਹਾ ਹੈ। ਸਰਹੱਦ ਨਾਲ ਲੱਗਦੇ ਪੰਜਾਬ ਹਰਿਆਣਾ ਦੇ ਇਲਾਕਿਆਂ ਵਿੱਚ ਇੰਟਰਨੈਟ ਬੰਦ ਕਰ ਦਿੱਤਾ ਗਿਆ। ਹਰਿਆਣਾ ਦੇ ਤਕਰੀਬਨ ਇੱਕ ਦਰਜਨ ਜ਼ਿਲ੍ਹਿਆਂ ਵਿੱਚ ਇੰਟਰਨੈਟ ਠੱਪ ਹੈ, ਜਿਸ ਕਾਰਨ ਪੱਤਰਕਾਰ ਜਾਂ ਮੀਡੀਆ ਚੈਨਲ ਵਾਪਰਨ ਵਾਲੀਆਂ ਘਟਨਾਵਾਂ ਨੂੰ ਲਾਈਵ ਨਹੀਂ ਵਿਖਾ ਪਾ ਰਹੇ। ਚੱਪੇ ਚੱਪੇ 'ਤੇ ਪੁਲਿਸ ਤਾਇਨਾਤ ਹੈ।

ਰਿਪੋਰਟਾਂ ਅਨੁਸਾਰ ਹਰਿਆਣਾ ਦੀ ਭਾਜਪਾ ਸਰਕਾਰ ਵੱਲੋਂ ਸ਼ੰਭੂ ਬਾਰਡਰ ਵਾਂਗ ਹੀ ਅੰਬਾਲਾ, ਪਾਨੀਪਤ, ਸੋਨੀਪਤ ਅਤੇ ਕੁਰੂਕਸ਼ੇਤਰ ਵਿੱਚ ਤੀਹਰੀਆਂ-ਚੌਹਰੀਆਂ ਪਰਤਾਂ ਵਾਲੇ ਬੈਰੀਕੇਡ ਖੜ੍ਹੇ ਕੀਤੇ ਗਏ ਹਨ। ਪੁਲਾਂ ਦੇ ਪਾਸੇ ਖੰਦਕਾਂ ਪੁੱਟ ਦਿੱਤੀਆਂ ਗਈਆਂ ਹਨ। ਹਰਿਆਣਾ ਪੁਲਿਸ ਦੀ ਸਪੋਕਸਮੈਨ, ਏ.ਆਈ.ਜੀ. ਮਨੀਸ਼ਾ ਚੌਧਰੀ ਨੇ ਦੱਸਿਆ ਕਿ ਕਿਸਾਨਾਂ ਵੱਲੋਂ ਕੀਤੇ ਕਥਿਤ ਪਥਰਾਅ ਕਾਰਨ ਹਰਿਆਣਾ ਵਾਲੇ ਪਾਸੇ 10 ਪੁਲਿਸ ਮੁਲਾਜ਼ਮ ਸ਼ੰਭੂ ਬਾਰਡਰ 'ਤੇ ਜ਼ਖਮੀ ਹੋਏ ਹਨ, ਉਨ੍ਹਾਂ ਨੂੰ ਵੱਖ-ਵੱਖ ਹਸਪਤਾਲਾਂ ਵਿੱਚ ਡਾਕਟਰਾਂ ਦੀ ਨਿਗਰਾਨੀ ਵਿੱਚ ਰੱਖਿਆ ਗਿਆ ਹੈ। ਹਰਿਆਣਾ ਪੁਲਿਸ ਵੱਲੋਂ ਜਾਰੀ ਇੱਕ ਬਿਆਨ ਅਨੁਸਾਰ ਇੱਕ ਡੀ.ਐਸ.ਪੀ. ਸਮੇਤ ਕੁੱਲ 24 ਸੁਰੱਖਿਆ ਮੁਲਾਜ਼ਮ ਜ਼ਖਮੀ ਹੋਏ ਹਨ।

ਕਿਸਾਨ ਲੀਡਰ ਸੁਰਜੀਤ ਸਿੰਘ ਫੂਲ ਨੇ ਕਿਹਾ ਕਿ ਵਧੇਰੇ ਗਿਣਤੀ ਵਿੱਚ ਕਿਸਾਨਾਂ ਦੇ ਜ਼ਖਮੀ ਹੋਣ ਦੇ ਵੇਰਵੇ ਦੱਸਦੇ ਹਨ ਕਿ ਕਿਸਾਨ ਸ਼ਾਂਤਮਈ ਢੰਗ ਨਾਲ ਆਪਣਾ ਪ੍ਰੋਟੈਸਟ ਕਰ ਰਹੇ ਹਨ, ਜਦੋਂ ਕਿ ਪੁਲਿਸ ਉਨ੍ਹਾਂ 'ਤੇ ਹਮਲਾ ਕਰ ਰਹੀ ਹੈ। ਇਸ ਦੌਰਾਨ ਹਰਿਆਣਾ ਪੁਲਿਸ ਦੇ ਆਈ.ਜੀ. ਸਿਬਾਸ਼ ਕਬੀਰਾਜ ਨੇ ਕਿਹਾ ਕਿ ਪੰਜਾਬ ਦੇ ਕਿਸਾਨ ਟਰੈਕਟਰਾਂ ਤੋਂ ਬਿਨਾ ਆਉਣ ਤਾਂ ਉਨ੍ਹਾਂ ਨੂੰ ਕੁਝ ਨਹੀਂ ਕਿਹਾ ਜਾਵੇਗਾ। ਉਹ ਬੱਸਾਂ, ਟਰੇਨਾਂ ਅਤੇ ਪੈਦਲ ਹਰਿਆਣਾ ਵਿੱਚ ਜਦੋਂ ਮਰਜ਼ੀ ਪਰਵੇਸ਼ ਕਰ ਸਕਦੇ ਹਨ, ਟਰੈਕਟਰਾਂ ਦੀ ਆਮਦ ਸਮੱਸਿਆ ਪੈਦਾ ਕਰਦੀ ਹੈ।

ਯਾਦ ਰਹੇ, ਐਮ.ਐਸ.ਪੀ. ਦੀ ਗਾਰੰਟੀ ਅਤੇ ਕਿਸਾਨਾਂ ਮਜ਼ਦੂਰਾਂ ਦੇ ਸਮੁੱਚੇ ਕਰਜ਼ੇ 'ਤੇ ਲੀਕ ਮਾਰਨ ਤੋਂ ਇਲਾਵਾ ਜਥੇਬੰਦੀਆਂ ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਲਾਗੂ ਕਰਨ, ਕਿਸਾਨਾਂ ਅਤੇ ਖੇਤ ਮਜ਼ਦੂਰਾਂ ਲਈ ਪੈਨਸ਼ਨ, ਪਿਛਲੇ ਅੰਦੋਲਨ ਸਮੇਂ ਦਰਜ ਹੋਏ ਕੇਸ ਵਾਪਸ ਲੈਣ ਅਤੇ 2021 ਦੀ ਲਖੀਮਪੁਰ ਖੀਰੀ ਹਿੰਸਾ ਦੇ ਪੀੜਤਾਂ ਨੂੰ ਨਿਆਂ ਦਿੱਤੇ ਜਾਣ ਦੀ ਮੰਗ ਕਰ ਰਹੇ ਹਨ। ਉਧਰ ਕੇਂਦਰੀ ਖੇਤੀਬਾੜੀ ਮੰਤਰੀ ਅਰਜੁਨ ਮੁੰਡਾ ਨੇ ਆਪਣੇ ਇੱਕ ਬਿਆਨ ਵਿੱਚ ਕਿਹਾ ਹੈ ਕਿ ਵੱਖ-ਵੱਖ ਧਿਰਾਂ ਨੂੰ ਵਿਸ਼ਵਾਸ ਵਿੱਚ ਲਏ ਬਿਨਾ 23 ਫਸਲਾਂ 'ਤੇ ਐਮ.ਐਸ.ਪੀ. ਦੀ ਗਾਰੰਟੀ ਫੌਰੀ ਨਹੀਂ ਲਿਆਂਦੀ ਜਾ ਸਕਦੀ, ਇਸ 'ਤੇ ਵਿਚਾਰ ਕੀਤੇ ਜਾਣ ਦੀ ਲੋੜ ਹੈ।

ਯਾਦ ਰਹੇ, 12 ਫਰਵਰੀ ਨੂੰ ਕਿਸਾਨ ਜਥੇਬੰਦੀਆਂ ਦੇ ਆਗੂਆਂ ਅਤੇ ਕੇਂਦਰੀ ਖੇਤੀਬਾੜੀ ਮੰਤਰੀ, ਖੁਰਾਕ ਤੇ ਖਪਤ ਮਾਮਲਿਆਂ ਬਾਰੇ ਮੰਤਰੀ ਪਿਊਸ਼ ਗੋਇਲ ਅਤੇ ਗ੍ਰਹਿ ਰਾਜ ਮੰਤਰੀ ਨਿਤਿਆਨੰਦ ਰਾਏ ਵਿਚਕਾਰ ਇੱਕ ਗੱਲਬਾਤ ਹੋਈ ਸੀ, ਜਿਸ ਵਿੱਚ ਐਮ.ਐਸ.ਪੀ. ਅਤੇ ਕਰਜ਼ੇ ਖਤਮ ਕਰਨ ਦੇ ਮਸਲੇ ਤੋਂ ਇਲਾਵਾ ਕਈ ਹੋਰ ਮੰਗਾਂ ਮੰਨੇ ਜਾਣ 'ਤੇ ਸਹਿਮਤੀ ਬਣ ਗਈ ਸੀ; ਪਰ ਕਿਸਾਨ ਐਮ.ਐਸ.ਪੀ. ਦੀ ਕਾਨੂੰਨੀ ਗਾਰੰਟੀ ਕਰਨ ਅਤੇ ਕਿਸਾਨਾਂ-ਮਜ਼ਦੂਰਾਂ ਦੇ ਸਮੁੱਚੇ ਕਰਜ਼ਿਆਂ 'ਤੇ ਲੀਕ ਮਾਰਨ ਦੀਆਂ ਮੰਗਾਂ ਨੂੰ ਲੈ ਕੇ ਅੜੇ ਰਹੇ, ਜਿਸ ਕਾਰਨ ਰਾਤ ਦੇ ਸਾਢੇ ਗਿਆਰਾਂ ਵਜੇ ਤੱਕ ਚੱਲੀ ਉਪਰੋਕਤ ਗੱਲਬਾਤ ਟੁੱਟ ਗਈ ਸੀ। ਕੇਂਦਰੀ ਮੰਤਰੀ ਨੇ ਫਿਰ ਕਿਹਾ ਹੈ ਕਿ ਕਿਸਾਨਾਂ ਲਈ ਗੱਲਬਾਤ ਦੇ ਦਰਵਾਜ਼ੇ ਹਾਲੇ ਵੀ ਖੁੱਲ੍ਹੇ ਹਨ। ਉਧਰ ਕਿਸਾਨ ਲੀਡਰ ਜਗਜੀਤ ਸਿੰਘ ਡੱਲੇਵਾਲ ਨੇ ਵੀ ਕਿਹਾ ਹੈ ਕਿ ਉਹ ਗੱਲਬਾਤ ਕਰਨ ਲਈ ਹਮੇਸ਼ਾ ਤਿਆਰ ਹਨ, ਪਰ ਅੱਗੇ ਗੱਲਬਾਤ ਤੋਰਨ ਨੂੰ ਲੈ ਕੇ ਉਨ੍ਹਾਂ ਨੂੰ ਹਾਲੇ ਕੋਈ ਸੱਦਾ ਨਹੀਂ ਮਿਲਿਆ।

ਮੌਜੂਦਾ ਕਿਸਾਨ ਸੰਘਰਸ਼ ਦੇ ਐਨ ਦਰਮਿਆਨ ਵਿਰੋਧੀ ਸਿਆਸੀ ਪਾਰਟੀਆਂ ਵੀ ਸਰਗਰਮ ਹੋ ਗਈਆਂ ਹਨ ਤੇ ਕਿਸਾਨ ਸੰਘਰਸ਼ ਦੀ ਹਮਾਇਤ 'ਤੇ ਉਤਰ ਆਈਆਂ ਹਨ। ਦੂਜੇ ਗੇੜ ਦੀ ਭਾਰਤ ਜੋੜੋ ਯਾਤਰਾ ਵਿੱਚ ਰੁੱਝੇ ਰਾਹੁਲ ਗਾਂਧੀ ਨੇ ਆਪਣੇ ਬਿਆਨ ਵਿੱਚ ਕਿਹਾ ਕਿ ਜੇ ਚੋਣਾਂ ਤੋਂ ਬਾਅਦ ਉਨ੍ਹਾਂ ਦੀ ਪਾਰਟੀ ਸੱਤਾ ਵਿੱਚ ਆਈ ਤਾਂ ਕਿਸਾਨਾਂ ਨੂੰ ਐਮ.ਐਸ.ਪੀ. ਦੀ ਕਾਨੂੰਨੀ ਗਾਰੰਟੀ ਦਿੱਤੀ ਜਾਵੇਗੀ ਅਤੇ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਲਾਗੂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇੱਕ ਪਾਸੇ ਤਾਂ ਸਰਕਾਰ ਜਸਟਿਸ ਸਵਾਮੀਨਾਥਨ ਦਾ ਭਾਰਤ ਰਤਨ ਨਾਲ ਸਨਮਾਨ ਕਰ ਰਹੀ ਹੈ, ਦੂਜੇ ਪਾਸੇ ਉਨ੍ਹਾਂ ਦੀਆਂ ਹੀ ਸਿਫਾਰਸ਼ਾਂ ਨੂੰ ਲਾਗੂ ਕਰਨ ਤੋਂ ਇਨਕਾਰ ਕਰ ਰਹੀ ਹੈ। ਇੱਥੇ ਜ਼ਿਕਰਯੋਗ ਹੈ ਕਿ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਅਨੁਸਾਰ ਕਿਸਾਨਾਂ ਦੇ ਸਮੁੱਚੇ ਫਸਲੀ ਖਰਚਿਆਂ ਵਿੱਚ 50 ਫੀਸਦੀ ਮੁਨਾਫਾ ਜੋੜ ਕੇ ਫਸਲਾਂ ਦਾ ਮੁੱਲ ਤੈਅ ਕੀਤਾ ਜਾਣਾ ਚਾਹੀਦਾ ਹੈ।

ਇਸ ਘਟਨਾਕ੍ਰਮ ਵਿਚਕਾਰ 'ਆਪ' ਦੀ ਦਿੱਲੀ ਸਰਕਾਰ ਨੇ ਸ਼ਹਿਰ ਦੀਆਂ ਜਨਤਕ ਥਾਂਵਾਂ ਨੂੰ ਆਰਜੀ ਜੇਲ੍ਹਾਂ ਵਿੱਚ ਤਬਦੀਲ ਕਰਨ ਦੇ ਕੇਂਦਰ ਸਰਕਾਰ ਦੇ ਫੈਸਲੇ ਨੂੰ ਦਰ ਕਿਨਾਰ ਕਰ ਕੇ ਇਸ ਦੀ ਇਜਾਜ਼ਤ ਨਹੀਂ ਦਿੱਤੀ। ਹਰਿਆਣਾ ਵਿੱਚ ਸਰਕਾਰ ਵੱਲੋਂ ਇਸ ਕਿਸਮ ਦੀਆਂ ਆਰਜੀ ਜੇਲ੍ਹਾਂ ਕਾਇਮ ਕੀਤੀਆਂ ਗਈਆਂ ਹਨ।

ਯਾਦ ਰਹੇ, ਪਿਛਲੇ ਸੰਘਰਸ਼ ਤੋਂ ਬਾਅਦ ਵੀ ਸਰਕਾਰ ਵੱਲੋਂ ਐਮ.ਐਸ.ਪੀ. ਅਤੇ ਕਰਜ਼ੇ ਖਤਮ ਕਰਨ ਬਾਰੇ ਇੱਕ ਕਮੇਟੀ ਕਾਇਮ ਕੀਤੀ ਗਈ ਸੀ, ਪਰ ਦੋ-ਢਾਈ ਸਾਲ ਗੁਜ਼ਰ ਜਾਣ ਪਿੱਛੋਂ ਵੀ ਕੋਈ ਫੈਸਲਾ ਨਹੀਂ ਹੋ ਸਕਿਆ। ਸਰਕਾਰ ਦੇ ਨੁਮਾਇੰਦੇ ਅਜਿਹਾ ਨਾ ਹੋ ਸਕਣ ਲਈ ਸੰਯੁਕਤ ਕਿਸਾਨ ਮੋਰਚੇ ਵੱਲੋਂ ਕਮੇਟੀ ਵਿੱਚ ਆਪਣੇ ਨੁਮਾਇੰਦੇ ਨਾ ਭੇਜਣ ਨੂੰ ਜ਼ਿੰਮੇਵਾਰ ਠਹਿਰਾ ਰਹੇ ਹਨ। ਜਿਉਂ-ਜਿਉਂ ਕਿਸਾਨ ਸੰਘਰਸ਼ 'ਤੇ ਸਰਕਾਰੀ ਤਸ਼ੱਦਦ ਵਧ ਰਿਹਾ ਹੈ, ਤਿਉਂ-ਤਿਉਂ ਦੂਸਰੀਆਂ ਕਿਸਾਨ ਜਥੇਬੰਦੀਆਂ ਵੀ ਲੜ ਰਹੀਆਂ ਜਥੇਬੰਦੀਆਂ ਦੀ ਹਮਾਇਤ 'ਤੇ ਆਉਣ ਲੱਗੀਆਂ ਹਨ। ਸੰਯੁਕਤ ਕਿਸਾਨ ਮੋਰਚੇ ਦੇ ਆਗੂ ਰਾਕੇਸ਼ ਟਕਾਇਤ ਨੇ ਕਿਹਾ ਕਿ ਜੇ ਸਰਕਾਰ ਨੇ ਪ੍ਰਦਰਸ਼ਨ ਕਰ ਰਹੇ ਕਿਸਾਨਾਂ 'ਤੇ ਤਸ਼ੱਦਦ ਕੀਤਾ ਤਾਂ ਸਾਡੇ ਲਈ ਦਿੱਲੀ ਦੂਰ ਨਹੀਂ ਹੈ। ਅਸੀਂ ਇਨ੍ਹਾਂ ਦੀ ਹਮਾਇਤ 'ਤੇ ਆ ਜਾਵਾਂਗੇ। ਇਸੇ ਤਰ੍ਹਾਂ ਪੰਜਾਬ ਦੇ ਇੱਕ ਹੋਰ ਕਿਸਾਨ ਆਗੂ ਜੁਗਿੰਦਰ ਸਿੰਘ ਉਗਰਾਹਾਂ ਨੇ ਵੀ ਕਿਸਾਨਾਂ 'ਤੇ ਤਸ਼ੱਦਦ 'ਤੇ ਚਿੰਤਾ ਜ਼ਾਹਰ ਕੀਤੀ ਹੈ। ਭਾਰਤੀ ਕਿਸਾਨ ਯੂਨੀਅਨ ਦੁਆਬਾ ਪਹਿਲਾਂ ਹੀ ਸੰਘਰਸ਼ ਵਿੱਚ ਸ਼ਾਮਲ ਹੋ ਗਈ ਹੈ। ਸਰਕਾਰੀ ਅੜਬਾਈ ਦੀ ਸੂਰਤ ਵਿੱਚ ਦੋਵੇਂ ਸੰਯੁਕਤ ਕਿਸਾਨ ਮੋਰਚੇ ਇੱਕ ਮੰਚ 'ਤੇ ਵੀ ਆ ਸਕਦੇ ਹਨ।

# ਪੰਜਾਬ 'ਚ ਚੋਣ ਅਖਾੜਾ ਮਘਿਆ

⇒ ਸਫਾ ਇੱਕ ਦੀ ਬਾਕੀ ...

ਨੇ 'ਸੰਯੁਕਤ ਕਿਸਾਨ ਮੋਰਚਾ ਗੈਰ-ਸਿਆਸੀ' ਵੱਲੋਂ ਜਥੇਬੰਦ ਕੀਤੇ ਜਾ ਰਹੇ 'ਦਿੱਲੀ ਚਲੋ ਅੰਦੋਲਨ' ਦਾ ਸਮਰਥਨ ਕੀਤਾ। ਉਨ੍ਹਾਂ ਕਿਹਾ ਕਿ ਅਸੀਂ ਪਹਿਲਾਂ ਵੀ ਕਿਸਾਨ ਅੰਦੋਲਨ ਨਾਲ ਖੜ੍ਹੇ ਰਹੇ ਹਾਂ, ਹੁਣ ਵੀ ਇਸ ਅੰਦੋਲਨ ਦਾ ਸਾਥ ਦਿਆਂਗੇ। ਉਨ੍ਹਾਂ ਕਿਹਾ ਕਿ ਪਿਛਲੇ ਕਿਸਾਨ ਅੰਦੋਲਨ ਨੂੰ ਸਮਾਪਤ ਕਰਵਾਉਣ ਲਈ ਭਾਜਪਾ ਨੇ ਤਿੰਨ ਕਾਲੇ ਕਾਨੂੰਨਾਂ ਨੂੰ ਰੱਦ ਕਰਨ ਦਾ ਐਲਾਨ ਕੀਤਾ ਸੀ, ਪਰ ਇਸ ਸਬੰਧ ਵਿੱਚ ਹਾਲੇ ਤੱਕ ਵੀ ਨੋਟੀਫਿਕੇਸ਼ਨ ਜਾਰੀ ਨਹੀਂ ਕੀਤਾ ਗਿਆ। ਇਹ ਸਿਰਫ ਕਿਸਾਨਾਂ ਦਾ ਅੰਦੋਲਨ ਸਮਾਪਤ ਕਰਨ ਦੀ ਇੱਕ ਚਾਲ ਸੀ।

ਇਸ ਮੌਕੇ ਉਨ੍ਹਾਂ ਕਿਹਾ ਕਿ 2024 ਵਿੱਚ ਜੇ ਕਾਂਗਰਸ ਦੀ ਸਰਕਾਰ ਸੱਤਾ ਵਿੱਚ ਆਈ ਤਾਂ ਤਿੰਨ ਕਾਲੇ ਕਾਨੂੰਨ ਖਤਮ ਕਰ ਦਿੱਤੇ ਜਾਣਗੇ। ਉਨ੍ਹਾਂ ਹੋਰ ਕਿਹਾ ਕਿ ਪੰਜਾਬ



ਕਿਸਾਨਾਂ ਅਤੇ ਜਵਾਨਾਂ (ਫੌਜੀਆਂ) ਦਾ ਦੇਸ਼ ਹੈ, ਦੋਹਾਂ ਨੂੰ ਭਾਜਪਾ ਸਰਕਾਰ ਨੇ ਤਬਾਹ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜਵਾਨਾਂ ਦੀ ਰੈਗੂਲਰ ਭਰਤੀ ਖਤਮ ਕਰ ਦਿੱਤੀ ਗਈ ਹੈ। ਕਿਸਾਨਾਂ ਦੀ ਜ਼ਮੀਨ ਸਰਕਾਰ ਵੱਡੇ-ਵੱਡੇ ਕਾਰਪੋਰੇਟਸ ਦੇ ਹਵਾਲੇ ਕਰਨਾ ਚਾਹੁੰਦੀ ਹੈ। ਇਸ ਰੈਲੀ ਦਾ ਵੀ ਇਹ ਦਿਲਚਸਪ ਪੱਖ ਰਿਹਾ ਕਿ ਲੋਕ ਸਭਾ ਚੋਣਾਂ ਦੀ ਦ੍ਰਿਸ਼ਟੀ ਤੋਂ ਖੜਗੇ ਨੇ 'ਆਪ' ਨਾਲ ਕਿਸੇ ਸਾਂਝ ਭਿਆਲੀ ਦੀ ਗੱਲ ਨਹੀਂ ਕੀਤੀ। ਰਾਜ ਕਾਂਗਰਸ ਦੇ ਅੰਦਰੂਨੀ ਕਲੇਸ਼ ਕਾਰਨ ਹੀ ਰਵਨੀਤ ਸਿੰਘ ਬਿੱਟੂ ਅਤੇ ਨਵਜੋਤ ਸਿੰਘ ਸਿੱਧੂ ਰੈਲੀ ਮੌਕੇ ਵਿਖਾਈ ਨਹੀਂ ਦਿੱਤੇ; ਜਦਕਿ ਬੇਅੰਤ ਸਿੰਘ ਟੱਬਰ ਦਾ ਇੱਕ ਹੋਰ ਆਗੂ ਗੁਰਕੀਰਤ ਸਿੰਘ ਕੋਟਲੀ ਰੈਲੀ ਦੇ ਪ੍ਰਮੁੱਖ ਆਗੂਆਂ ਵਿੱਚ ਸ਼ਾਮਲ ਸੀ। ਪੰਜਾਬ ਦੇ ਮੁੱਖ ਮੰਤਰੀ ਨੇ ਦਿੱਲੀ ਵਿੱਚ ਕੇਰਲਾ ਦੇ ਮੁੱਖ ਮੰਤਰੀ ਪਿਨਾਰਾਈ ਵਿਜਯਨ ਵੱਲੋਂ ਆਯੋਜਤ ਕੀਤੀ ਗਈ ਇੱਕ ਰੈਲੀ ਵਿੱਚ ਕੇਂਦਰ ਦੇ ਸੰਘਵਾਦ 'ਤੇ ਹਮਲੇ ਦਾ ਮਸਲਾ ਵੀ ਉਠਾਇਆ। ਉਨ੍ਹਾਂ ਕਿਹਾ ਕਿ ਰਾਜਪਾਲ ਰਾਜਾਂ ਦੀਆਂ ਸਰਕਾਰਾਂ ਦੇ ਵਿਰੋਧੀਆਂ ਵਜੋਂ ਕੰਮ ਕਰ ਰਹੇ ਹਨ। ਕੇਂਦਰ ਸਰਕਾਰ ਰਾਜ ਸਰਕਾਰਾਂ ਦੇ ਫੰਡ ਤੇ ਟੈਕਸ ਦਾ ਹਿੱਸਾ ਰੋਕ ਕੇ ਵਿਕਾਸ ਵਿੱਚ ਵਿਘਨ ਪਾਉਣ ਪਾ ਰਹੀ ਹੈ। ਸੜਕਾਂ ਨਹੀਂ ਬਣਨ ਦੇ ਰਹੀ।

ਦੇਸ਼ ਪੱਧਰ 'ਤੇ ਭਾਵੇਂ ਭਾਰਤੀ ਜਨਤਾ ਪਾਰਟੀ ਆਪਣੇ ਹਰ ਈਵੈਂਟ ਨੂੰ ਚੋਣ ਮੁਹਿੰਮ ਦਾ ਸੰਦ ਬਣਾਉਣ ਦਾ ਯਤਨ ਕਰ ਰਹੀ ਹੈ, ਪਰ ਨਿਤੀਸ਼ ਕੁਮਾਰ ਦੇ ਦਗੇ ਕਾਰਨ ਕਮਜ਼ੋਰ ਹੋਇਆ 'ਇੰਡੀਆ' ਗੱਠਜੋੜ ਹਾਲੇ ਵੀ ਇੱਕ ਸੁਰ ਅਤੇ ਇਕਜੁੱਟ ਹੋਇਆ ਵਿਖਾਈ ਨਹੀਂ ਦੇ ਰਿਹਾ। ਨਿਤੀਸ਼ ਕੁਮਾਰ ਦੇ ਪਾਲਾ ਬਦਲ ਲੈਣ ਤੋਂ ਬਾਅਦ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਆਪਣੇ ਰਾਜ ਵਿੱਚ ਇਕੱਲਿਆਂ ਚੋਣਾਂ ਲੜਨ ਦਾ ਐਲਾਨ ਕਰ ਦਿੱਤਾ ਹੈ। ਇਸ ਤੋਂ ਬਾਅਦ ਪਿਛਲੇ ਦਿਨੀਂ ਪੰਜਾਬ ਵਿੱਚ ਕੀਤੀਆਂ ਗਈਆਂ ਆਪਣੀਆਂ ਰੈਲੀਆਂ ਦੌਰਾਨ ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਅਤੇ ਭਗਵੰਤ ਮਾਨ ਨੇ ਵੀ ਲੋਕ ਸਭਾ ਚੋਣਾਂ ਇਕੱਲਿਆਂ ਲੜਨ ਦਾ ਐਲਾਨ ਕਰ ਦਿੱਤਾ ਹੈ। ਇਹ ਸਿਰਫ ਕਾਂਗਰਸ ਪਾਰਟੀ ਹੈ, ਜਿਹੜੀ ਇੰਡੀਆ ਗੱਠਜੋੜ ਨੂੰ ਬਚਾਉਣ ਦਾ ਯਤਨ ਕਰ ਰਹੀ ਹੈ। ਕਾਂਗਰਸ ਪਾਰਟੀ ਦੇ ਆਗੂ ਜ਼ਰੂਰ ਇਹ ਆਖ ਰਹੇ ਹਨ ਕਿ ਸੀਟਾਂ ਦੀ ਵੰਡ ਲਈ ਗੱਲਬਾਤ ਚੱਲ ਰਹੀ ਹੈ।

ਉਂਝ ਮਲਵੀਂ ਜਿਹੀ ਜੀਭ ਨਾਲ ਆਮ ਆਦਮੀ ਪਾਰਟੀਆਂ ਦੇ ਆਗੂਆਂ ਨੇ ਇਹ ਜ਼ਰੂਰ ਕਿਹਾ ਕਿ ਸੀਟਾਂ ਦੀ ਵੰਡ ਵਿੱਚ ਦੇਰੀ ਕੀਤੀ ਜਾ ਰਹੀ ਹੈ, ਇਸ ਲਈ ਉਨ੍ਹਾਂ ਦੀ ਪਾਰਟੀ ਲੋਕ ਸਭਾ ਦੀਆਂ ਚੋਣਾਂ ਵਿੱਚ ਇਕੱਲਿਆਂ ਉਤਰ ਰਹੀ ਹੈ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਸਰਕਾਰ ਨਾਲ ਟਕਰਾਅ ਕਾਰਨ ਪੰਜਾਬ ਕਾਂਗਰਸ ਲੋਕ ਸਭਾ ਚੋਣਾਂ ਇਕੱਲਿਆਂ ਲੜਨ ਦੀ ਗੱਲ ਦੇਰ ਤੋਂ ਆਖ ਰਹੀ ਹੈ। ਸਿਟਿੰਗ ਐਮ.ਐਲ.ਏ. ਸੁਖਪਾਲ ਸਿੰਘ ਖਹਿਰਾ ਸਮੇਤ ਕਈ ਆਗੂਆਂ ਖਿਲਾਫ ਕੇਸ ਦਰਜ ਕਰਨ ਕਰਕੇ ਵੀ ਪੰਜਾਬ ਵਿੱਚ ਆਮ ਆਦਮੀ ਪਾਰਟੀ ਅਤੇ ਕਾਂਗਰਸ ਵਿਚਕਾਰ ਟਕਰਾਅ ਵਾਲੀ ਸਥਿਤੀ ਬਣੀ ਹੋਈ ਹੈ। ਉਂਝ ਚੰਡੀਗੜ੍ਹ ਦੇ ਮੇਅਰ ਲਈ ਚੋਣ ਵਿੱਚ ਦੋਹਾਂ ਪਾਰਟੀਆਂ ਦੀ ਸਾਂਝ ਵੇਖਣ ਨੂੰ ਮਿਲੀ, ਜਿਸ ਕਾਰਨ ਭਾਜਪਾ ਘਾਟੇ ਵਾਲੀ ਸਥਿਤੀ ਵਿੱਚ ਸੀ, ਪਰ ਰਿਟਰਨਿੰਗ ਅਫਸਰ ਰਾਹੀਂ ਕਾਂਗਰਸ ਅਤੇ 'ਆਪ' ਦੀਆਂ ਵੋਟਾਂ ਨੂੰ ਰੱਦ ਕਰਵਾ ਕੇ ਭਾਜਪਾ ਉਮੀਦਵਾਰ ਜੇਤੂ ਐਲਾਨ ਦਿੱਤੇ ਗਏ। ਇਹ ਮਸਲਾ ਸੁਪਰੀਮ ਕੋਰਟ ਕੋਲ ਵੀ ਗਿਆ ਅਤੇ ਹਾਈਕੋਰਟ ਵਿੱਚ ਵੀ, ਜਿੱਥੇ ਚੀਫ ਜਸਟਿਸ ਨੇ ਵੋਟਾਂ ਰੱਦ ਕਰਦੇ ਰਿਟਰਨਿੰਗ ਅਫਸਰ ਦੀ ਵੋਟਾਂ ਟੈਂਪਰ ਕਰਦੇ ਦੀ ਫੋਟੋ ਵੇਖ ਕੇ ਕਿਹਾ ਕਿ 'ਇਹ ਜਮਹੂਰੀਅਤ ਦਾ ਕਤਲ' ਹੈ। ਫਿਰ ਵੀ ਇਸ ਚੋਣ ਸਬੰਧੀ ਕੋਈ 'ਅਦਾਲਤੀ ਇਨਸਾਫ' ਹਾਲੇ ਤੱਕ ਸਾਹਮਣੇ ਨਹੀਂ ਆਇਆ। ਇਸ ਤੋਂ ਲਗਦਾ ਇਸ ਤਰ੍ਹਾਂ ਹੈ ਕਿ ਲੋਕ ਸਭਾ ਚੋਣਾਂ ਤੋਂ ਪਹਿਲਾਂ ਭਾਰਤੀ ਜਨਤਾ ਪਾਰਟੀ ਹਰ ਰਾਜ, ਸ਼ਹਿਰ, ਕਸਬੇ ਵਿੱਚ ਰਾਜ ਅਤੇ ਸਥਾਨਕ ਸਰਕਾਰਾਂ 'ਤੇ ਕਬਜ਼ਾ ਜਮਾ ਲੈਣਾ ਚਾਹੁੰਦੀ ਹੈ ਤਾਂ ਕਿ ਆ ਰਹੀਆਂ ਲੋਕ ਸਭਾ ਚੋਣਾਂ ਵਿੱਚ ਆਪਣੀ ਜਿੱਤ ਨੂੰ ਹਰ ਹੀਲੇ ਯਕੀਨੀ ਬਣਾਇਆ ਜਾ ਸਕੇ। ਆਪਣੇ ਅਜਿਹੇ ਹੀਲੇ ਵਸੀਲਿਆਂ 'ਤੇ ਵਿਸ਼ਵਾਸ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲਗਾਤਾਰ ਆਖ ਰਹੇ ਹਨ ਕਿ ਇਸ ਵਾਰ ਭਾਜਪਾ ਅਤੇ ਉਸ ਦੇ ਭਾਈਵਾਲ 400 ਤੋਂ ਉਪਰ ਸੀਟਾਂ ਜਿੱਤਣਗੇ।

ਅਜਿਹੀ ਸਥਿਤੀ ਵਿੱਚ ਜਦੋਂ ਕਾਂਗਰਸ ਦੇ ਸੀਨੀਅਰ ਆਗੂਆਂ ਦਾ ਚੋਣ ਮੁਹਿੰਮ ਵਿੱਚ ਹੋਣਾ ਅਤਿ ਜ਼ਰੂਰੀ ਹੈ ਤਾਂ ਰਾਹੁਲ ਗਾਂਧੀ 'ਭਾਰਤ ਜੋੜੋ (ਨਿਆਏ) ਯਾਤਰਾ' ਕਰਨ ਵਿੱਚ ਮਸ਼ਰੂਫ ਹਨ। ਦੂਜੇ ਪਾਸੇ ਭਾਰਤੀ ਜਨਤਾ ਪਾਰਟੀ ਇਨ੍ਹਾਂ ਚੋਣਾਂ ਨੂੰ ਇੱਕ ਜੰਗ ਸਮਝ ਕੇ ਲੜ ਰਹੀ ਹੈ, ਜਿਸ ਨੇ ਪ੍ਰਧਾਨ ਮੰਤਰੀ ਅਨੁਸਾਰ ਆਉਣ ਵਾਲੇ ਇੱਕ ਹਜ਼ਾਰ ਸਾਲ ਦਾ ਇਤਿਹਾਸ ਤੈਅ ਕਰ ਦੇਣਾ ਹੈ। ਇਸ ਦਰਮਿਆਨ ਕਾਂਗਰਸ ਅਤੇ ਉਸ ਦਾ ਗੱਠਜੋੜ ਹਾਲੇ ਰਾਈਂ ਬਾਗੀਂ ਫਿਰ ਰਿਹਾ ਹੈ। ਇਸ ਸਥਿਤੀ 'ਤੇ ਟਿੱਪਣੀ ਕਰਦਿਆਂ ਬੀਤੇ ਦਿਨੀਂ ਮਸ਼ਹੂਰ ਚੋਣ ਰਣਨੀਤੀਕਾਰ ਪ੍ਰਸ਼ਾਂਤ ਕਿਸ਼ੋਰ ਨੇ ਕਿਹਾ ਕਿ ਉਸ ਵਕਤ ਜਦੋਂ ਰਾਹੁਲ ਗਾਂਧੀ ਨੂੰ ਚੋਣ ਮੁਹਿੰਮ ਦੀ ਅਗਵਾਈ ਕਰਨ ਦੀ ਜ਼ਰੂਰਤ ਸੀ, ਉਹ ਭਾਰਤ ਜੋੜੋ ਯਾਤਰਾ 'ਤੇ ਤੁਰੇ ਹੋਏ ਹਨ। ਉਨ੍ਹਾਂ ਕਿਹਾ ਕਿ ਭਾਰਤ ਜੋੜੋ ਨਿਆਏ ਯਾਤਰਾ ਲਈ ਇਹ ਮੌਕਾ ਸਹੀ ਨਹੀਂ ਹੈ, ਜਦੋਂ ਚੋਣ ਜੰਗ ਸਿਰ 'ਤੇ ਖੜ੍ਹੀ ਹੈ। ਉਂਝ ਉਨ੍ਹਾਂ ਮੰਨਿਆ ਕਿ ਭਾਜਪਾ ਅਜਿੱਤ ਨਹੀਂ ਹੈ, ਪਰ ਵਿਰੋਧੀਆਂ ਕੋਲ ਜਥੇਬੰਦ ਤਾਕਤ ਅਤੇ ਚੋਣ ਜਿੱਤਣ ਲਈ ਹਿੰਦੀ ਬੈਲਟ ਵਿੱਚ ਜ਼ੋਰਦਾਰ ਸਰਗਰਮੀ ਜ਼ਰੂਰੀ ਹੈ। ਯਾਦ ਰਹੇ, ਇਹ ਹਿੰਦੀ ਬੈਲਟ ਹੀ ਹੈ, ਜਿੱਥੇ ਕਾਂਗਰਸ ਪਾਰਟੀ ਘਾਟੇ ਵਾਲੀ ਸਥਿਤੀ ਵਿੱਚ ਹੈ। ਜਦੋਂ ਭਾਜਪਾ ਕੋਲ ਰਾਮ ਮੰਦਰ ਦੀ ਲਹਿਰ ਵੀ ਮੌਜੂਦ ਹੈ, ਤਦ ਵੀ ਉਹ ਚੋਣਾਂ ਜਿੱਤਣ ਲਈ ਸਿਰਤੋੜ ਯਤਨ ਕਰ ਰਹੀ ਹੈ। ਹਰ ਪੁੱਠਾ ਸਿੱਧਾ ਹੀਲਾ ਵਸੀਲਾ ਵਰਤ ਰਹੀ ਹੈ। ਦੱਖਣ ਅਤੇ ਪੂਰਬੀ ਭਾਰਤ ਵਿੱਚ ਆਪਣੀ ਸਥਿਤੀ ਬੇਹਤਰ ਬਣਾਉਣ ਲਈ ਯਤਨਸ਼ੀਲ ਹੈ।

Prepare for Tomorrow Now With Comprehensive Retirement Planning

■Annuities ■Life Insurance ■Long-Term Care
■Medicare Planning ■Disability Income



Call Gurpreet Singh
Retirement and Insurance Advisor
Cell: 630-677-6144
Email: Preetisingh@ffig.com

FUTURITY FIRST
Retirement | Life | Health

Futurity First Insurance Group

# ਸਿੱਧੂ ਇੱਕ ਵਾਰ ਫਿਰ ਚੌਰਾਹੇ ‘ਤੇ?

ਸਿਆਸੀ ਪਿੜ
ਕਮਲਜੀਤ ਸਿੰਘ ਬਨਵੈਤ
ਫੋਨ: +91-9814734035



ਇੱਕ ਵੇਲਾ ਸੀ ਜਦੋਂ ਨਵਜੋਤ ਸਿੰਘ ਸਿੱਧੂ ਦੀ ਤੂਤੀ ਬੋਲਦੀ ਸੀ। ਪਾਕਿਸਤਾਨ ਸਥਿਤ ਗੁਰਦੁਆਰਾ ਕਰਤਾਰਪੁਰ ਸਾਹਿਬ ਲਈ ਲਾਂਘਾ ਖੁਲ੍ਹਵਾਉਣ ਪਿੱਛੋਂ ਉਹ ਲੋਕਾਂ ਦੇ ਮਨਾ ਉੱਤੇ ਰਾਜ ਕਰਨ ਲੱਗ ਪਿਆ ਸੀ। ਉਹ ਭਾਰਤੀ ਜਨਤਾ ਪਾਰਟੀ ਵਿੱਚ ਰਿਹਾ ਹੋਵੇ ਜਾਂ ਫਿਰ ਪੰਜਾਬ ਕਾਂਗਰਸ ਦਾ ਪ੍ਰਧਾਨ- ਤੂਤੀ ਤਦ ਵੀ ਬੋਲਦੀ ਰਹੀ ਸੀ; ਪਰ ਉਸ ਵਿੱਚ ਇੱਕੋ ਭੈੜ ਹੈ ਕਿ ਉਹ ਕਿਸੇ ਨੂੰ ਲੰਮੇ ਸਮੇਂ ਲਈ ਨਾਲ ਲੈ ਕੇ ਨਹੀਂ ਤੁਰ ਸਕਿਆ। ਇਸ ਤੋਂ ਪਹਿਲਾਂ ਕ੍ਰਿਕਟ ਖੇਡਦਿਆਂ ਵੀ ਉਸ ਦਾ ਮੂੰਹ ਵਿੰਗਾ ਹੀ ਰਿਹਾ ਸੀ। ਸਾਨੂੰ ਇਹ ਵੀ ਨਹੀਂ ਭੁੱਲਿਆ ਹੋਇਆ ਕਿ ਪਾਕਿਸਤਾਨ ਦੇ ਉਸ ਵੇਲੇ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਅਤੇ ਫੌਜ ਦੇ ਮੁਖੀ ਜਨਰਲ ਬਾਜਵਾ ਨਾਲ ਜੱਫੀਆਂ ਪਾਉਣ ਬਦਲੇ ਉਸ ਨੂੰ ਸੋਨੀ ਟੀ.ਵੀ. ਦੇ ਚਲਦੇ ਸ਼ੋਅ ਵਿੱਚੋਂ ਬਾਹਰ ਆਉਣਾ ਪਿਆ ਸੀ।

ਕਾਂਗਰਸ ਵਿੱਚ ਉਸ ਦੀ ਨਿਭ ਨਹੀਂ ਰਹੀ। ਭਾਰਤੀ ਜਨਤਾ ਪਾਰਟੀ ਵਿੱਚ ਹੁੰਦਿਆਂ ਉਸ ਦਾ ਸ਼੍ਰੋਮਣੀ ਅਕਾਲੀ ਦਲ ਦੇ ਦੋ ਸੀਨੀਅਰ ਨੇਤਾਵਾਂ- ਸੁਖਬੀਰ ਸਿੰਘ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ ਨਾਲ ਇੱਟ ਖੜਕਾ ਹੁੰਦਾ ਰਿਹਾ। ਇੱਕ ਹੋਰ ਵੱਡੀ ਗੱਲ ਕਿ ਉਹ ਭਾਰਤੀ ਜਨਤਾ ਪਾਰਟੀ ਵਿੱਚ ਹੁੰਦਿਆਂ ਕਾਂਗਰਸ ਦੇ ਸੋਹਲੇ ਗਾਉਂਦਾ ਰਿਹਾ ਤੇ ਹੁਣ ਕਾਂਗਰਸ ਵਿੱਚ ਰਹਿ ਕੇ ਉਹ ਭਾਰਤੀ ਜਨਤਾ ਪਾਰਟੀ ਦਾ ਗੁਣਗਾਨ ਕਰਨ ਲੱਗਾ ਹੈ। ਇਸ ਗੁਣਗਾਨ ਪਿੱਛੋਂ ਕਈ ਤਰ੍ਹਾਂ ਦੀਆਂ ਚਰਚਾਵਾਂ ਛਿੜਨ ਲੱਗੀਆਂ ਹਨ ਕਿ ਉਸ ਨੇ ਮੁੜ ਇੱਟ ਖੂਹ ਵਿੱਚ ਸੁੱਟ ਦਿੱਤੀ ਹੈ, ਟਿੰਡ ਵਿੱਚ ਕਾਨਾ ਪਾ ਦਿੱਤਾ ਹੈ। ਪੰਜਾਬ ਪ੍ਰਦੇਸ਼ ਕਾਂਗਰਸ ਜਦੋਂ ਆਲ ਇੰਡੀਆ ਕਾਂਗਰਸ ਦੇ ਪ੍ਰਧਾਨ ਮਲਿਕਾਰਜੁਨ ਖੜਗੇ ਦੀ ਸਮਰਾਲਾ ਰੈਲੀ ਦੀਆਂ ਤਿਆਰੀਆਂ ਲਈ ਪੱਬਾ ਭਾਰ ਰਹੀ ਤਾਂ ਉਨ੍ਹਾਂ ਨੇ ਭਾਜਪਾ ਨਾਲ ਕੋਈ ਲੜਾਈ ਨਾ ਹੋਣ ਦਾ ਬਿਆਨ ਦੇ ਕੇ ਮੁੜ ਆਨੇ ਵਾਲੀ ਥਾਂ ਪਰਤਣ ਦਾ ਇਸ਼ਾਰਾ ਦੇ ਦਿੱਤਾ। ਇਸ ਤੋਂ ਪਹਿਲਾਂ ਉਨ੍ਹਾਂ ਨੇ ਕਾਂਗਰਸ ਦੇ ਚਾਰ ਸਾਬਕਾ ਪ੍ਰਧਾਨਾਂ ਨਾਲ ਅੱਡ ਤੌਰ ‘ਤੇ ਚਾਹ ਵਿੱਚ ਬਿਸਕੁਟ ਡਬੋ ਡਬੋ ਕੇ ਖਾਧੇ ਸਨ।

ਸਿੱਧੂ ਨੇ ਕਿਹਾ ਹੈ ਕਿ ਭਾਰਤੀ ਜਨਤਾ ਪਾਰਟੀ ਨਾਲ ਮੇਰੀ ਕੋਈ ਲੜਾਈ ਨਹੀਂ ਹੈ, ਪਰ ਜਿਹੜੇ ਕਾਂਗਰਸੀ ਆਗੂ ਮੇਰੇ ਦੁਸ਼ਮਣ ਬਣ ਕੇ ਬਿਨਾ ਕਾਰਨ ਮੇਰਾ ਵਿਰੋਧ ਕਰ ਰਹੇ ਹਨ, ਉਨ੍ਹਾਂ ਦੇ ਪੱਲੇ ਕੁਝ ਵੀ ਨਹੀਂ ਹੈ। ਉਸ ਨੇ ਪੰਜਾਬ ਦੇ ਕਈ ਸਿਆਸੀ ਲੀਡਰਾਂ ਉੱਤੇ ਵੱਡੇ ਦੋਸ਼ ਮੜ੍ਹਦਿਆਂ ਕਿਹਾ ਕਿ ਮਾਫੀਆ ਚਲਾ ਕੇ ਕਮਾਈ ਕਰਨ ਵਾਲੇ ਕਦੇ ਕਿਸੇ ਦਾ ਭਲਾ ਨਹੀਂ ਕਰ ਸਕਦੇ। ਉਸ ਹੋਰ ਕਿਹਾ ਕਿ ਉਸ ਨੇ ਕਦੇ ਭਾਜਪਾ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਨਹੀਂ ਕੀਤੀ, ਪਰ ਹਾਈ ਕਮਾਂਡ ਵੱਲੋਂ ਬਾਦਲਾਂ ਨਾਲ ਕੀਤੇ ਸਮਝੌਤੇ ਕਾਰਨ ਉਸ ਨੂੰ ਪਾਰਟੀ ਨੂੰ ਅਲਵਿਦਾ ਕਹਿਣੀ ਪਈ ਸੀ।

ਉਸ ਨੇ ਇੱਕ ਹੋਰ ਚਤੁਰਾਈ ਵਾਲਾ ਬਿਆਨ ਇਹ ਦਿੱਤਾ ਹੈ ਕਿ ਭਾਜਪਾ ਬਿਹਾਰ ਤੋਂ ਬਾਅਦ ਪੰਜਾਬ ਵਿੱਚ ਅਜਿਹੇ ਆਗੂ ਦੀ ਭਾਲ ਵਿੱਚ ਹੈ, ਜੋ ਚੱਲਿਆ ਹੋਇਆ ਕਾਰਤੂਸ ਨਾ ਹੋਵੇ ਅਤੇ ਸਿੱਖ ਚਿਹਰਾ ਵੀ ਹੋਵੇ। ਹਮੇਸ਼ਾ ਦੀ ਤਰ੍ਹਾਂ ਆਪਣੀ ਸਿਫਤ ਕਰਦਿਆਂ ਨਵਜੋਤ ਸਿੱਧੂ ਨੇ ਕਿਹਾ ਕਿ ਅਮਿਤ ਸ਼ਾਹ ਨੇ ਉਸ ਨੂੰ ਪੁੱਛਿਆ ਸੀ ਕਿ ਜੇ ਭਾਜਪਾ-ਅਕਾਲੀ ਦਲ ਇਕੱਠਿਆਂ ਚੋਣ ਲੜਦੇ ਹਨ ਤਾਂ ਕਿੰਨੀਆਂ ਸੀਟਾਂ ‘ਤੇ ਜਿੱਤ ਪ੍ਰਾਪਤ ਹੋਵੇਗੀ? ਤਾਂ ਉਸ ਦਾ ਸਪਸ਼ਟ ਜਵਾਬ ਸੀ ਕਿ ਭਾਜਪਾ ਇਕੱਲਿਆਂ ਚੋਣ ਲੜਦੀ ਹੈ ਤਾਂ 70 ਸੀਟਾਂ ਹੋਣਗੀਆਂ ਅਤੇ ਜੇ ਅਕਾਲੀਆਂ ਨਾਲ ਮਿਲ ਕੇ ਤਾਂ ਜੀਰੋ। ਉਸ ਨੇ ਆਪਣੀ ਮੈਂ ਜਾਰੀ ਰੱਖਦਿਆਂ ਇਹ ਵੀ ਕਹਿ ਦਿੱਤਾ ਕਿ ਅਮਿਤ ਸ਼ਾਹ ਵੱਲੋਂ ਉਸ ਨੂੰ ਰਾਜ ਸਭਾ ਦੀ ਸੀਟ ਦੀ ਪੇਸ਼ਕਸ਼ ਕੀਤੀ ਗਈ ਸੀ, ਪਰ ਉਹ ਪੰਜਾਬ ਦੇ ਭਲੇ ਲਈ ਕੰਮ ਕਰਨ ‘ਤੇ ਅੜਿਆ ਰਿਹਾ।

ਨਵਜੋਤ ਸਿੰਘ ਸਿੱਧੂ ਭਾਜਪਾ ਦੀ ਅਕਾਲੀ ਦਲ ਨਾਲ ਸਾਂਝ ਹੁੰਦਿਆਂ ਸੁਖਬੀਰ ਸਿੰਘ ਬਾਦਲ ਅਤੇ ਬਿਕਰਮ ਮਜੀਠੀਆ ‘ਤੇ ਵਰ੍ਹਦਾ ਰਿਹਾ ਸੀ, ਜਦਕਿ ਹੁਣ ਕਾਂਗਰਸੀ ਆਗੂ ਉਸ ਦੇ ਨਿਸ਼ਾਨੇ ‘ਤੇ ਹਨ। ਉਸ ਦੀ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਅਤੇ ਰਾਜਸਥਾਨ ਕਾਂਗਰਸ ਦੇ ਮਾਮਲਿਆਂ ਦੇ ਇੰਚਾਰਜ ਸੁਖਜਿੰਦਰ ਸਿੰਘ ਰੰਧਾਵਾ ਨਾਲ ਦਾਲ ਨਹੀਂ ਗਲਦੀ। ਪੰਜਾਬ ਕਾਂਗਰਸ ਮਾਮਲਿਆਂ ਦੇ ਇੰਚਾਰਜ ਦੇਵੇਂਦਰ ਯਾਦਵ ਇੱਕ ਪਾਸੇ ਸੂਬੇ ਵਿੱਚ ਅਗਲੀਆਂ ਚੋਣਾਂ ਤੋਂ ਪਹਿਲਾਂ ਪਾਰਟੀ ਨੂੰ ਮਜਬੂਤ ਕਰਨ ਵਿੱਚ ਲੱਗੇ ਹੋਏ ਹਨ ਤੇ ਦੂਜੇ ਪਾਸੇ ਨਵਜੋਤ ਸਿੰਘ ਸਿੱਧੂ ਨੇ ਆਪਣੀਆਂ ‘ਜਿੱਤੇਗਾ ਪੰਜਾਬ’ ਨਾਂ ਦੀਆਂ ਰੈਲੀਆਂ ਕਰਨ ਦਾ ਸਿਲਸਿਲਾ ਜਾਰੀ ਰੱਖਿਆ। ਉਂਝ ਉਸ ਵੇਲੇ ਹੀ ਇਹ ਸੰਕੇਤ ਮਿਲਣ ਲੱਗ ਪਏ ਸਨ ਕਿ ਉਹ ਜਾਂ ਤਾਂ ਕਾਂਗਰਸ ਨੂੰ ਅਲਵਿਦਾ ਕਹਿ ਦੇਵੇਗਾ ਜਾਂ ਫਿਰ ਨਵੀਂ ਪਾਰਟੀ ਖੜੀ ਕਰੇਗਾ।

ਨਵਜੋਤ ਸਿੰਘ ਸਿੱਧੂ ਦੇ ਸਿਆਸੀ ਪਿਛੋਕੜ ਉੱਤੇ ਝਾਤ ਮਾਰੀਏ ਤਾਂ ਇੱਕ ਗੱਲ ਪੱਕੀ ਹੈ ਕਿ ਉਹ ਪੰਜਾਬ ਦੇ ਮੁੱਖ ਮੰਤਰੀ ਦਾ ਸੁਪਨਾ ਦੇਖ ਰਿਹਾ ਹੈ। ਅਮਰਿੰਦਰ ਸਿੰਘ ਨੂੰ ਲਾਂਭੇ ਕਰਨ ਤੋਂ ਬਾਅਦ ਉਨ੍ਹਾਂ ਦਾ ਇਹ ਸੁਪਨਾ ਪੂਰਾ ਨਹੀਂ ਸੀ ਹੋਇਆ। ਉਸ ਤੋਂ ਬਾਅਦ ਕਾਂਗਰਸ 2022 ਦੀਆਂ ਵਿਧਾਨ ਸਭਾ ਚੋਣਾਂ ਲਈ ਹਾਈ ਕਮਾਂਡ ਵੱਲੋਂ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਦਾ ਚਿਹਰਾ ਬਣਾਉਣ ਤੋਂ ਬਾਅਦ ਉਸ ਦਾ ਸੁਪਨਾ ਟੁੱਟ ਗਿਆ ਸੀ। ਕੁਝ ਤਾਂ ਇਹ ਵੀ ਦਾਅਵਾ ਕਰਦੇ ਹਨ ਕਿ ਉਹ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਨਾਲ ਵੀ ਮੀਟਿੰਗਾਂ ਕਰਦਾ ਰਿਹਾ ਹੈ।

ਇੱਕ ਸੱਚ ਇਹ ਵੀ ਹੈ ਕਿ ਭਾਰਤੀ ਜਨਤਾ ਪਾਰਟੀ ਪੰਜਾਬ ਵਿੱਚ ਸੱਚ-ਮੁੱਚ ਕਿਸੇ ਅਜਿਹੇ ਚਿਹਰੇ ਦੀ ਭਾਲ ਵਿੱਚ ਹੈ, ਜਿਹੜਾ ਇੱਥੇ ਪਾਰਟੀ ਦੇ ਪੈਰ ਲਵਾ ਸਕੇ। ਕੈਪਟਨ ਅਮਰਿੰਦਰ ਸਿੰਘ ਤੋਂ ਭਾਜਪਾ ਨੂੰ ਨਿਰਾਸ਼ਾ ਮਿਲੀ। ਸੁਨੀਲ ਜਾਖੜ ਸਮੇਤ ਪੰਜਾਬ ਭਾਜਪਾ ਦੇ ਪਹਿਲਾਂ ਰਹੇ ਪ੍ਰਧਾਨ ਵੀ ਚਿਹਰਾ ਨਾ ਬਣ ਸਕੇ। ਪੰਜਾਬ ਦੀਆਂ ਕਈ ਸਿੱਖ ਸ਼ਖਸੀਅਤਾਂ ਨੇ ਦਿੱਲੀ ਵਿੱਚ ਵੱਡੇ ਅਹੁਦਿਆਂ ਨੂੰ ਹੱਥ ਜਰੂਰ ਪਾ ਲਿਆ ਹੈ।

ਭਾਰਤੀ ਜਨਤਾ ਪਾਰਟੀ ਨਵਜੋਤ ਸਿੰਘ ਸਿੱਧੂ ਨੂੰ ਆਪਣੇ ਬੇੜੇ ਵਿੱਚ ਸ਼ਾਮਿਲ ਕਰਕੇ ਪੰਜਾਬ ਦੇ ਮੁੱਖ ਮੰਤਰੀ ਦਾ ਲਾਲੀ ਪੋਪ ਫੜਾ ਵੀ ਦਿੰਦੀ ਹੈ, ਤਦ ਵੀ ਉਸ ਦਾ ਸੁਪਨਾ ਹਾਲ ਦੀ ਘੜੀ ਪੂਰਾ ਹੋਣ ਵਾਲਾ ਨਹੀਂ ਲੱਗਦਾ ਹੈ। ਘੱਟੋ ਘੱਟ 2027 ਦੀਆਂ ਵਿਧਾਨ ਸਭਾ ਚੋਣਾਂ ਤੱਕ ਕੋਈ ਕੁਦਰਤ ਪੱਖੋਂ ਚਮਤਕਾਰ ਵਾਪਰ ਜਾਵੇ ਤਾਂ ਕੀ ਕਹਿਣੇ! ਪਰ ਲੋਕ ਅਗਲੇ ਤਿੰਨ ਸਾਲਾਂ ਵਿੱਚ ਸੂਬੇ ਦੀ ਕਮਾਨ ਭਾਜਪਾ ਦੇ ਹੱਥ ਦੇਣ ਨੂੰ ਤਿਆਰ ਨਹੀਂ ਹਨ। ਸਿੱਧੂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ‘ਜਿੱਤੇਗਾ ਪੰਜਾਬ’ ਹੇਠ ਆਪਣੀ ਵੱਖਰੀ ਪਾਰਟੀ ਬਣਾ ਕੇ ਕੁਝ ਖੱਟਣ ਕਮਾਉਣ ਦਾ ਵੇਲਾ ਵਿਹਾ ਚੁੱਕਾ ਲੱਗਦਾ ਹੈ। ਸਿੱਧੂ ਦੀ ਸੁਖਬੀਰ ਅਤੇ ਮਜੀਠੀਆ ਨਾਲ ਬਣਦੀ ਨਹੀਂ, ਇਸ ਕਰਕੇ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਵਿੱਚ ਹੋਰ ਤਰੇੜਾਂ ਵਧ ਸਕਦੀਆਂ ਹਨ। ਦੋਵੇਂ ਪਾਰਟੀਆਂ ਆਪੋ ਆਪਣੇ ਦਮ ’ਤੇ ਲੋਕ ਸਭਾ ਦੀਆਂ ਚੋਣਾਂ ਵਿੱਚ ਪੁਰਾਣੀਆਂ ਚਾਰ ਸੀਟਾਂ ਵੀ ਬਰਕਰਾਰ ਰੱਖ ਲੈਣ ਤਾਂ ਸਮਝੋ ਇਹ ਗਨੀਮਤ ਹੋਵੇਗੀ।

ਨਵਜੋਤ ਸਿੰਘ ਸਿੱਧੂ ਬੇਬਾਕ ਲੀਡਰ ਹੈ, ਪਰ ਸਿਆਸੀ ਛੜੱਪੇ ਮਾਰਨ ਅਤੇ ਤੱਤ-ਭੜੱਤੇ ਬਿਆਨ ਦੇਣ ਕਰਕੇ ਸਰਬ ਪ੍ਰਵਾਨਤ ਲੀਡਰ ਬਣਨ ਲਈ ਉਸ ਵਿੱਚ ਨਾ ਸਬਰ ਹੈ ਅਤੇ ਨਾ ਹੀ ਲੰਮੀ ਰੇਸ ਦਾ ਘੋੜਾ ਬਣਨ ਦਾ ਗੁਣ। ਸਮਝਿਆ ਜਾ ਰਿਹਾ ਸੀ ਕਿ ਕੇਂਦਰੀ ਜੇਲ੍ਹ ਪਟਿਆਲਾ ਵਿੱਚ ਇੱਕ ਸਾਲ ਦਾ ਬਨਵਾਸ ਕੱਟਣ ਤੋਂ ਬਾਅਦ ਸ਼ਾਇਦ ਸਿੱਧੂ ਦੇ ਤੇਵਰ ਨਰਮ ਪੈ ਜਾਣ, ਪਰ ਰੱਸੀ ਦਾ ਵੱਟ ਨਹੀਂ ਗਿਆ। ਪੰਜਾਬ ਦਾ ਮੁੱਖ ਮੰਤਰੀ ਬਣਨ ਦਾ ਸੁਪਨਾ ਪੂਰਾ ਕਰਨ ਲਈ ਨਵਜੋਤ ਸਿੰਘ ਸਿੱਧੂ ਨੂੰ ਹਲੇ ਭੱਠੀ ਵਿੱਚ ਹੋਰ ਤਪਣਾ ਪਵੇਗਾ।



# ਪੰਜਾਬ ! ਕਰਾਂ ਕੀ ਸਿਫ਼ਤ ਤਿਰੀ

ਗਹਿਰ-ਗੰਭੀਰ
ਤਰਲੋਚਨ ਸਿੰਘ ਭੱਟੀ
ਸੇਵਾ ਮੁਕਤ ਪੀ.ਸੀ.ਐਸ.
ਫੋਨ:91-9876502607



ਪੰਜਾਬ! ਸਾਡਾ ਰੰਗਲਾ ਖੇਤਰ, ਜੋ ਕੁਦਰਤ ਦੇ ਪੂਰੇ ਨਿਖਾਰ ਦੀ ਬਹੁਰੰਗੀ ਤਸਵੀਰ ਪੇਸ਼ ਕਰਦਾ ਹੈ। ਕੁਦਰਤ ਦੀ ਇਸ ਰੰਗੀਨੀ ਨੇ ਪੰਜਾਬ ਨੂੰ ਦੇਵ-ਭੂਮੀ, ਬੀਰ ਭੂਮੀ ਅਤੇ ਕਲਾ-ਭੂਮੀ ਬਣਾ ਦਿੱਤਾ ਹੈ। ਹੜੱਪਾ ਸੱਭਿਅਤਾ ਦੇ ਪੰਘੂੜੇ ਨੂੰ ਸ਼ਾਇਦ ਪਹਿਲਾ ਝੂਟਾ ਇੱਥੇ ਮਿਲਿਆ ਹੈ। ਵਿਸ਼ਵ ਸਾਹਿਤ ਦੇ ਮੰਗਲਾਚਰ ਵੇਦ ਰਿਚਾਵਾ ਦੇ ਰੂਪ ਵਿੱਚ ਇੱਥੋਂ ਦੇ ਦਰਿਆਵਾਂ ਅਤੇ ਨਦੀਆਂ ਦੇ ਕੰਢਿਆਂ ਦੇ ਸਮਾਧੀ ਧਾਰੀ ਰਿਸ਼ੀਆਂ ਦੇ ਕੰਠੋਂ ਗੂੰਜਿਆ ਸੀ।

ਪ੍ਰਾਚੀਨ ਸਮੇਂ ਦੌਰਾਨ ਪੰਜਾਬ ਖੇਤਰ ਦੇ ਕਈ ਨਾਮ ਸਨ। ਵੈਦਿਕ ਗ੍ਰੰਥਾਂ ਅਨੁਸਾਰ 'ਸਪਤ ਸਿੰਧੂ' (ਸੱਤ ਦਰਿਆ- ਚਨਾਬ, ਜੇਹਲਮ, ਰਾਵੀ, ਸਤਲੁਜ, ਬਿਆਸ, ਸਿੰਧ ਅਤੇ ਸਰਸਵਤੀ) ਵਜੋਂ ਜਾਣਿਆ ਜਾਂਦਾ ਸੀ। ਯੂਨਾਨੀਆਂ ਨੇ ਇਸ ਦਾ ਨਾਮ 'ਪੇਂਟਾਪੋਟਾਮੀਆ' ਰੱਖਿਆ। ਮਹਾਭਾਰਤ ਅਤੇ ਰਮਾਇਣ ਸਮੇਂ ਇਸ ਨੂੰ 'ਪੰਚਨੰਦ' ਅਤੇ 'ਬ੍ਰਹਮਵ੍ਰੱਤ' ਕਿਹਾ ਜਾਂਦਾ ਸੀ। ਪੰਜਾਬ ਦਾ ਇਤਿਹਾਸ ਵੱਖ-ਵੱਖ ਸੱਭਿਆਚਾਰਾਂ ਅਤੇ ਵਿਚਾਰਾਂ ਵਾਲੇ ਲੋਕਾਂ ਦੇ ਵੱਖ-ਵੱਖ ਕਬੀਲਿਆਂ ਦੇ ਪਰਵਾਸ ਅਤੇ ਵਸੇਬੇ ਦਾ ਗਵਾਹ ਹੈ। ਪ੍ਰਾਚੀਨ ਸਿੰਧ-ਘਾਟੀ ਸੱਭਿਅਤਾ ਇਸ ਖੇਤਰ ਵਿੱਚ 1900 ਈਸਾ ਪੂਰਵ ਦੇ ਆਸ-ਪਾਸ ਪਤਨ ਲਈ ਵਧੀ। ਪੰਜਾਬ ਵੈਦਿਕ ਕਾਲ ਦੌਰਾਨ ਅਮੀਰ ਹੋਇਆ। ਇਹ ਖੇਤਰ ਸਿਕੰਦਰ, ਮੌਰੀਆ, ਕੁਸ਼ਾਨ, ਗੁਪਤਾ ਸਾਮਰਾਜ, ਦਿੱਲੀ ਸਲਤਨਤ, ਮੁਗਲ ਸਾਮਰਾਜ, ਮਹਾਰਾਜਾ ਰਣਜੀਤ ਸਿੰਘ ਦਾ 'ਸਰਕਾਰ-ਏ-ਖਾਲਸਾ' ਅਤੇ ਅੰਗਰੇਜ਼ੀ ਸਾਮਰਾਜ ਦਾ ਹਿੱਸਾ ਰਿਹਾ ਹੈ। ਪੰਜਾਬ ਦੇ ਇਤਿਹਾਸ ਅਤੇ ਸੱਭਿਆਚਾਰ ਬਾਰੇ ਹੋਈਆਂ ਖੋਜਾਂ ਅਨੁਸਾਰ ਵੱਖ-ਵੱਖ ਕਬੀਲਿਆਂ, ਜਾਤਾਂ, ਬਰਾਦਰੀਆਂ ਅਤੇ ਪੰਜਾਬ ਖੇਤਰ ਦੇ ਵਸਨੀਕਾਂ ਦੀ ਇੱਕ ਵਿਆਪਕ ਸਾਂਝੀ 'ਪੰਜਾਬੀ' ਪਛਾਣ 18ਵੀਂ ਸਦੀ ਦੀ ਸ਼ੁਰੂਆਤ ਤੋਂ ਸ਼ੁਰੂ ਹੋਈ। ਸਮੇਂ ਦੇ ਬੀਤਣ ਨਾਲ ਕਬੀਲਿਆਂ, ਬਹਾਦਰੀਆਂ, ਜਾਤਾਂ ਦੀ ਥਾਂ ਇੱਕ ਸੰਪੂਰਨ ਭਾਈਚਾਰਾ ਬਣ ਗਿਆ, ਜਿਸ ਦੀ ਬੋਲੀ ਪੰਜਾਬੀ ਜਾਂ ਪੰਜਾਬੀ ਦੀਆਂ ਉੱਪ-ਬੋਲੀਆਂ, ਪੇਸ਼ਾ ਮੁੱਖ ਤੌਰ 'ਤੇ ਖੇਤੀਬਾੜੀ, ਪਹਿਰਾਵਾ ਇੱਕੋ ਜਿਹਾ ਅਤੇ ਰਹਿਣੀ-ਬਹਿਣੀ ਵੀ ਇੱਕੋ ਜਿਹੀ ਹੈ।

ਭੂਗੋਲਿਕ ਤੌਰ 'ਤੇ ਪੰਜਾਬ ਐਸਾ ਖੇਤਰ ਰਿਹਾ ਹੈ, ਜਿੱਥੇ ਵਿਦੇਸ਼ੀ ਹਮਲਿਆਂ ਕਾਰਨ ਪੰਜਾਬੀਆਂ ਨੂੰ ਆਪਣੀ ਰਖਵਾਲੀ ਕਰਨ ਲਈ ਹਥਿਆਰਬੰਦ ਹੋ ਕੇ ਧਾੜਵੀਆਂ ਵਿਰੁੱਧ ਲੜਨ ਲਈ ਮਜਬੂਰ ਹੋ ਗਿਆ, ਜਿਸ ਕਾਰਨ ਪੰਜਾਬੀ ਸੁਭਾਅ ਵਿੱਚ ਬਗਾਵਤੀ ਸੁਰ ਭਾਰੀ ਹੋ ਗਈ। ਸਮੇਂ ਦੀਆਂ ਸਰਕਾਰਾਂ ਦੇ ਜੁਲਮਾਂ ਦਾ ਵਿਰੋਧ ਕਰਨਾ ਅਤੇ ਹਕੂਮਤਾਂ ਦੇ ਜ਼ਾਲਮਾਨਾ ਰਵੱਈਏ ਦਾ ਡੱਟ ਕੇ ਮੁਕਾਬਲਾ ਕਰਨਾ ਪੰਜਾਬੀਆਂ ਦੀ ਜੀਵਨ-ਸ਼ੈਲੀ ਦਾ ਹਿੱਸਾ ਬਣ ਗਿਆ। ਗੁਰੂਆਂ ਪੀਰਾਂ ਦੀਆਂ ਸਿੱਖਿਆਵਾਂ ਨੇ ਪੰਜਾਬੀਆਂ ਦੀ ਜੀਵਨ ਸ਼ੈਲੀ ਨੂੰ ਆਸ਼ਾਵਾਦੀ ਅਤੇ ਮਾਨਵਵਾਦੀ ਸੋਚ ਵਿੱਚ ਬਦਲਿਆ। ਸਿੱਖ ਗੁਰੂਆਂ ਨੇ ਸਮੇਂ ਦੀਆਂ ਸਰਕਾਰਾਂ ਦੇ ਜੁਲਮਾਂ ਵਿਰੁੱਧ ਲੋਕਾਂ ਨੂੰ ਲੜਨ ਲਈ ਲਾਮਬੰਦ ਕੀਤਾ ਅਤੇ ਆਪਣੀਆਂ ਅਦੁੱਤੀ ਕੁਰਬਾਨੀਆਂ ਤੇ ਸ਼ਹਾਦਤਾਂ ਸਦਕਾ ਪੰਜਾਬ ਖੇਤਰ ਦੇ ਲੋਕਾਂ ਨੂੰ ਜੁਲਮ ਵਿਰੁੱਧ ਲੜਨ ਦਾ ਸਿਧਾਂਤ ਦਿੱਤਾ। ਗੁਰੂਆਂ, ਪੀਰਾਂ, ਸੰਤ-ਸਾਧਾਂ ਦੀਆਂ ਲਿਖਤਾਂ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕੀਤਾ।

ਗੁਰੂ ਗੋਬਿੰਦ ਸਿੰਘ ਜੀ ਵੱਲੋਂ 1699 ਈ. ਵਿੱਚ ਵਿਸਾਖੀ ਦੇ ਦਿਹਾੜੇ ਖਾਲਸੇ ਦੀ ਸਾਜਨਾ ਕਰਕੇ ਪੰਜਾਬ ਖੇਤਰ ਵਿੱਚ ਵਸਦੇ ਲੋਕਾਂ ਨੂੰ ਇੱਕ ਵੱਖਰੀ ਪਛਾਣ ਦਿੱਤੀ ਗਈ। ਸਾਡੇ ਗੁਰੂਆਂ ਨੇ ਹੱਥੀਂ ਕਿਰਤ ਕਰਨੀ, ਵੰਡ ਛਕਣਾ, ਸਦਾ ਚੜ੍ਹਦੀ ਕਲਾ ਵਿੱਚ ਰਹਿਣਾ ਅਤੇ ਸਰਬਤ ਦੇ ਭਲੇ ਲਈ ਸਰਗਰਮ ਰਹਿਣਾ ਸਿਖਾਇਆ। ਲੋਕਾਂ ਨੂੰ ਇੱਕ ਵਿਲੱਖਣ ਪਹਿਰਾਵਾ ਦਿੱਤਾ। ਆਪਣੇ ਸਿਰ ਦੀ ਹਿਫਾਜ਼ਤ ਕਰਨ ਲਈ ਸਿਰ 'ਤੇ ਪੱਗੜੀ ਜਾਂ ਦੁਪੱਟਾ ਸਜਾਉਣਾ, ਹਰ ਇੱਕ ਨੂੰ ਬਰਾਬਰ ਸਮਝਣਾ ਅਤੇ ਆਦਰ ਦੇਣਾ, ਜੁਲਮਾਂ ਦਾ ਡੱਟ ਕੇ ਮੁਕਾਬਲਾ ਕਰਨਾ ਸਿਖਾਇਆ। ਗੁਰੂ ਗ੍ਰੰਥ ਸਾਹਿਬ ਅਤੇ ਖਾਲਸਾ ਦੀ ਸਾਜਨਾ ਪੰਜਾਬੀ ਖੇਤਰ ਦੇ ਲੋਕਾਂ ਦੀ ਜੀਵਨ ਸ਼ੈਲੀ ਦਾ ਆਧਾਰ ਹਨ। ਪੰਜਾਬੀ ਲੋਕ ਅਤੇ ਸਮੁੱਚੀ ਪੰਜਾਬੀਅਤ ਗੁਰੂ ਗ੍ਰੰਥ ਸਾਹਿਬ ਤੋਂ ਸੇਧ ਲੈਂਦੇ ਹਨ। ਇਹੋ ਕਾਰਨ ਹੈ ਕਿ ਪੰਜਾਬੀ ਲੋਕ ਧਾਰਮਿਕ ਨਿਰਪੱਖਤਾ ਦੀ ਮਿਸਾਲ ਹਨ। ਜਦੋਂ ਵੀ ਪੰਜਾਬੀਆਂ ਉਤੇ ਧਰਮ ਹਾਵੀ ਹੋਇਆ ਹੈ, ਪੰਜਾਬ ਅਤੇ ਪੰਜਾਬੀਅਤ ਦਾ ਨੁਕਸਾਨ ਹੀ ਹੋਇਆ ਹੈ।




ਜਿੱਥੋਂ ਤੱਕ ਪੰਜਾਬ ਖੇਤਰ ਦੀ ਭੂਗੋਲਿਕ ਹੱਦਬੰਦੀ ਦਾ ਸਵਾਲ ਹੈ, ਖੋਜਕਾਰਾਂ ਦਾ ਮੰਨਣਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਵੱਲੋਂ ਸਥਾਪਤ ਕੀਤੇ ਗਏ 'ਸਰਕਾਰ-ਏ-ਖਾਲਸਾ' ਰਾਜ ਨੇ ਪੰਜਾਬ ਖਿੱਤੇ ਨੂੰ ਪਹਿਲੀ ਵਾਰ ਇੱਕ ਰਾਜਨੀਤਿਕ ਇਕਾਈ ਵਿੱਚ ਪਰੋਇਆ। ਉਸ ਸਮੇਂ ਪੰਜਾਬ ਦੇ ਮੁੱਖ ਕਸਬੇ ਸ਼੍ਰੀਨਗਰ, ਅਟੱਕ, ਪਿਸ਼ਾਵਰ, ਬੰਨੂ, ਰਾਵਲਪਿੰਡੀ, ਜੰਮੂ, ਗੁਜਰਾਤ, ਸਿਆਲਕੋਟ, ਕਾਂਗੜ, ਅੰਮ੍ਰਿਤਸਰ, ਲਾਹੌਰ ਅਤੇ ਮੁਲਤਾਨ ਆਦਿ ਸ਼ਾਮਲ ਸਨ। ਜੇ ਅੰਗਰੇਜ਼ੀ ਸਾਮਰਾਜ ਅਧੀਨ ਪੰਜਾਬ ਦੀ ਗੱਲ ਕੀਤੀ ਜਾਵੇ ਤਾਂ ਇਸ ਪੰਜਾਬ ਵਿੱਚ (ਪੰਜਾਬ, ਸੂਬਾ ਇਸਲਾਮਾਬਾਦ, ਰਾਸ਼ਟਰੀ ਰਾਜਾਧਾਨੀ ਖੇਤਰ ਦਿੱਲੀ, ਮੌਜੂਦਾ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਚੰਡੀਗੜ੍ਹ ਸ਼ਾਮਲ ਸੀ। ਪੰਜਾਬ ਪ੍ਰਸ਼ਾਸਨਿਕ ਪੱਖੋਂ ਪੰਜਾਬ ਬ੍ਰਿਟਿਸ਼ ਇੰਡੀਆ, ਬ੍ਰਿਟਿਸ਼ ਖੇਤਰ ਅਤੇ ਰਿਆਸਤਾਂ ਵਿੱਚ ਵੰਡਿਆ ਹੋਇਆ ਸੀ। ਪੰਜਾਬ ਜੋ ਬ੍ਰਿਟਿਸ਼ ਇੰਡੀਆ ਅਧੀਨ ਆਇਆ, ਮੁੱਖ ਤੌਰ 'ਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਾਲਾ ਪੰਜਾਬ ਖੇਤਰ ਸੀ, ਜਿਸ ਵਿੱਚ 5 ਡਵੀਜ਼ਨਾਂ- ਲਾਹੌਰ (9 ਜ਼ਿਲ੍ਹੇ), ਰਾਵਲਪਿੰਡੀ (4 ਜ਼ਿਲ੍ਹੇ), ਮੁਲਤਾਨ (5 ਜ਼ਿਲ੍ਹੇ), ਜਲੰਧਰ (5 ਜ਼ਿਲ੍ਹੇ) ਅਤੇ ਦਿੱਲੀ ਰਾਜਧਾਨੀ ਖੇਤਰ (7 ਜ਼ਿਲ੍ਹੇ) ਸ਼ਾਮਲ ਸਨ। ਬ੍ਰਿਟਿਸ਼ ਖੇਤਰ ਵਾਲੇ ਪੰਜਾਬ ਵਿੱਚ ਰਿਆਸਤੀ ਖੇਤਰ- ਪਟਿਆਲਾ, ਜੀਂਦ, ਨਾਭਾ, ਬਹਾਲਪੁਰ, ਕਪੂਰਥਲਾ, ਫਰੀਕਦਕੋਟ, ਮਾਲੇਰਕੋਟਲਾ, ਚੰਬਾ, ਸ਼ਿਮਲਾ, ਪਹਾੜੀ ਰਾਜ ਆਦਿ ਸ਼ਾਮਲ ਸਨ।

ਸਮੇਂ ਦੇ ਗੇੜ ਨਾਲ ਪੰਜਾਬ ਦਾ ਭੂਗੋਲਿਕ ਸਰੂਪ ਬਦਲਦਾ ਜਾ ਰਿਹਾ ਹੈ। ਪੰਜਾਬ ਦਾ ਦੁਖਾਂਤ ਰਿਹਾ ਹੈ ਕਿ ਇਸ ਨੂੰ ਸਮੇਂ ਦੀਆਂ ਸਰਕਾਰਾਂ ਵੱਲੋਂ ਵੰਡਿਆ ਜਾਂਦਾ ਰਿਹਾ ਹੈ। ਪੰਜਾਬ ਖੇਤਰ ਦੀ ਪਹਿਲੀ ਵੰਡ 1901 ਈ. ਵਿੱਚ ਉਦੋਂ ਹੋਈ, ਜਦੋਂ ਪੰਜਾਬ ਦੇ ਉਹ ਇਲਾਕੇ ਜਿਹੜੇ ਅਫਗਾਨਿਸਤਾਨ ਨਾਲ ਲੱਗਦੇ ਸਨ, ਨੂੰ ਪੰਜਾਬ ਖੇਤਰ ਨਾਲੋਂ ਵੱਖ ਕਰਕੇ 'ਉੱਤਰ-ਪੱਛਮੀ ਸਰਹੱਦੀ ਸੂਬਾ' ਇਲਾਕੇ ਬਣਾ ਦਿੱਤਾ ਗਿਆ, ਜਿਸਦੀ ਰਾਜਧਾਨੀ ਪਿਸ਼ੌਰ ਬਣਾਈ ਗਈ। ਬਾਵਜੂਦ ਇਸਦੇ ਕਿ ਇਸ ਇਲਾਕੇ ਦੇ ਲੋਕਾਂ ਦੀ ਬੋਲੀ ਪੰਜਾਬੀ ਸੀ, ਪਰ ਧਰਮ ਦੇ ਆਧਾਰ 'ਤੇ ਇਸ ਨੂੰ ਪਠਾਣੀ ਇਲਾਕਾ ਐਲਾਨਿਆ ਗਿਆ। 1947 ਈ. ਵਿੱਚ ਜਦੋਂ ਭਾਰਤ ਵਿੱਚੋਂ ਧਰਮ ਦੇ ਆਧਾਰ 'ਤੇ ਪਾਕਿਸਤਾਨ ਨਵਾਂ ਦੇਸ਼ ਬਣਾਇਆ ਗਿਆ ਤਾਂ ਪੰਜਾਬ ਨੂੰ ਵੀ ਧਰਮ ਦੇ ਆਧਾਰ 'ਤੇ ਪੱਛਮੀ ਪੰਜਾਬ (ਪਾਕਿਸਤਾਨ) ਅਤੇ ਪੂਰਬੀ ਪੰਜਾਬ (ਭਾਰਤ) ਵਿੱਚ ਵੰਡਿਆ ਗਿਆ। ਪੰਜਾਬ ਦੀ ਇਹ ਵੰਡ ਏਨੀ ਵੱਡੀ ਖੂਨੀ ਅਤੇ ਹਿੰਸਕ ਵੰਡ ਸੀ, ਜਿਸ ਦੀ ਮਿਸਾਲ ਦੁਨੀਆਂ ਦੇ ਇਤਿਹਾਸ ਵਿੱਚ ਕਿਧਰੇ ਨਹੀਂ ਮਿਲਦੀ। ਲੱਖਾਂ ਪੰਜਾਬੀ ਲੋਕ ਧਰਮ ਦੇ ਨਾਮ 'ਤੇ ਬਲੀ ਦਾ ਬੱਕਰਾ ਬਣੇ, ਔਰਤਾਂ ਬੇਪੱਤ ਹੋਈਆਂ ਅਤੇ ਲੱਖਾਂ ਲੋਕ ਇੱਕ ਪੰਜਾਬੀ ਇਲਾਕੇ ਤੋਂ ਦੂਸਰੇ ਪੰਜਾਬੀ ਇਲਾਕੇ ਵਿੱਚ ਪਰਵਾਸ ਕਰ ਗਏ।

1966 ਵਿੱਚ ਪੰਜਾਬ ਨੂੰ ਭਾਸ਼ਾ ਦੇ ਆਧਾਰ 'ਤੇ ਫਿਰ ਤੋਂ ਵੰਡਿਆ ਗਿਆ। ਪੰਜਾਬੀਆਂ ਨੂੰ ਕਦੇ ਵੀ ਨਹੀਂ ਭੁੱਲਣਾ ਚਾਹੀਦਾ ਕਿ ਪੰਜਾਬ ਕਿਸੇ ਇੱਕ ਫਿਰਕੇ, ਧਰਮ, ਜਾਤ, ਬਰਾਦਰੀ ਦੀ ਜੱਦੀ ਮਲਕੀਅਤ ਨਹੀ ਹੈ, ਸਗੋਂ ਪ੍ਰੋ. ਪੂਰਨ ਸਿੰਘ ਦੇ ਕਥਨ ਅਨੁਸਾਰ "ਪੰਜਾਬ ਨਾ ਹਿੰਦੂ ਨਾ ਮੁਸਲਮਾਨ, ਪੰਜਾਬ ਸਾਰਾ ਜੀਂਦਾ ਗੁਰੂ ਦੇ ਨਾਮ 'ਤੇ।"

ਪੰਜਾਬ ਖੇਤਰ ਜਦੋਂ ਵੀ ਵੰਡਿਆ ਗਿਆ, ਉਦੋਂ ਸਮੇਂ ਦੀਆਂ ਸਰਕਾਰਾਂ ਜਿਨ੍ਹਾਂ ਨੇ ਆਪਣੇ ਸਿਆਸੀ ਏਜੰਡੇ ਦੀ ਪੂਰਤੀ ਲਈ ਪੰਜਾਬ ਨੂੰ ਭੂਗੋਲਿਕ ਤੌਰ 'ਤੇ ਤੋੜਿਆ-ਮਰੋੜਿਆ। ਪੰਜਾਬ ਦੀ ਵੰਡ ਬਾਰੇ ਲੋਕਾਂ ਨੂੰ ਨਾ ਤਾਂ ਕਦੇ ਸੁਣਿਆ ਗਿਆ ਅਤੇ ਨਾ ਹੀ ਉਨ੍ਹਾਂ ਦੀ ਕਦੇ ਇਸ ਬਾਰੇ ਰਾਏ ਲਈ ਗਈ। ਸਗੋਂ ਪੰਜਾਬ ਦੀ ਵੰਡ ਨੂੰ ਲੋਕਾਂ ਉਤੇ ਥੋਪਿਆ ਗਿਆ। ਸਮੇਂ ਦੀਆਂ ਸਰਕਾਰਾਂ ਪੰਜਾਬ ਨੂੰ ਟੋਟੇ-ਟੋਟੇ ਕਰਨ ਤੱਕ ਸੀਮਤ ਨਹੀਂ ਰਹੀਆਂ, ਸਗੋਂ ਇਸ ਦੇ ਕੁਦਰਤੀ ਸਰੋਤਾਂ ਅਤੇ ਲੋਕਾਂ ਦੀ ਜੀਵਨ ਸ਼ੈਲੀ ਨੂੰ ਵੀ ਬਦਲ ਦਿੱਤਾ। ਪੰਜਾਬ ਦਾ ਵਿਰਸਾ ਸਦਾ ਹੀ ਪੇਂਡੂ ਰਹਿਣੀ-ਬਹਿਣੀ ਵਾਲਾ ਅਤੇ ਆਪਣੇ ਗੁਰੂਆਂ-ਪੀਰਾਂ ਦੇ ਫ਼ਲਸਫ਼ੇ ਦਾ ਪੈਰੋਕਾਰ ਰਿਹਾ ਹੈ। ਹੱਥੀਂ ਕਿਰਤ ਕਰਨੀ, ਕੀਤੀ ਗਈ ਕਮਾਈ ਵਿੱਚੋਂ ਲੋੜਵੰਦਾਂ ਦੀ ਮਦਦ ਕਰਨਾ, ਸਾਂਝੇ ਕਾਰਜਾਂ ਦੀ ਪੂਰਤੀ ਲਈ ਦਸਵੰਧ ਕੱਢਣਾ, ਸਦਾ ਚੜ੍ਹਦੀ ਕਲਾ ਵਿੱਚ ਰਹਿਣਾ, ਆਸ਼ਾਵਾਦੀ ਸੋਚ ਰੱਖਣੀ ਅਤੇ ਸਰਬਤ ਦੇ ਭਲੇ ਲਈ ਸਰਗਰਮ ਰਹਿਣਾ, ਪੰਜਾਬੀ ਜੀਵਨ ਸ਼ੈਲੀ ਦਾ ਅਨਿਖੜਵਾਂ ਅੰਗ ਰਿਹਾ ਹੈ।

ਪੰਜਾਬ ਦੀ ਤ੍ਰਾਸਦੀ ਹੈ ਕਿ ਅਸੀਂ, ਪੰਜਾਬੀ ਆਪਣੇ ਇਤਿਹਾਸ ਵਿਰਾਸਤ ਤੇ ਬੋਲੀ ਭੁੱਲਦੇ ਜਾ ਰਹੇ ਹਾਂ ਅਤੇ ਸਮੇਂ ਦੀਆਂ ਸਰਕਾਰਾਂ ਤੇ ਰਾਜਸੀ ਪਾਰਟੀਆਂ ਦੀ ਕਠਪੁਤਲੀ ਬਣ ਕੇ ਰਹਿ ਗਏ ਹਾਂ। ਅਸੀਂ ਭੁੱਲਦੇ ਜਾ ਰਹੇ ਹਾਂ ਆਪਣੇ ਕੁਦਰਤੀ ਸਰੋਤਾਂ (ਹਵਾ, ਪਾਣੀ, ਧਰਤੀ) ਦੀ ਸੰਭਾਲ ਕਰਨੀ, ਭੁੱਲ ਗਏ ਹਾਂ ਕੁਦਰਤੀ ਸਰੋਤਾਂ ਦੀ ਲੁੱਟ-ਖਸੁੱਟ ਅਤੇ ਸਮੇਂ ਦੀਆਂ ਸਰਕਾਰਾਂ ਦੀਆਂ ਲੋਕ ਵਿਰੋਧੀ ਨੀਤੀਆਂ ਦਾ ਵਿਰੋਧੀ ਕਰਨਾ। ਜਰੂਰਤ ਹੈ ਕਿ ਅਸੀਂ ਆਪਣੇ ਗੁਰੂਆਂ-ਪੀਰਾਂ ਦੀਆਂ ਸਿੱਖਿਆਵਾਂ ਦੇ ਨਾਲ ਭਾਰਤ ਦੇ ਸੰਵਿਧਾਨ ਵੱਲੋਂ ਦਿੱਤੇ ਗਏ ਅਧਿਕਾਰਾਂ ਅਤੇ ਕਰਤੱਵਾਂ ਨੂੰ ਅਪਨਾਈਏ। ਕੀ ਫਰਕ ਪੈਂਦਾ ਅਸੀਂ ਚੜ੍ਹਦੇ ਪੰਜਾਬੀ ਹੋਈਏ ਜਾਂ ਲਹਿੰਦੇ, ਸਾਉਹਾਲੀਏ ਹੋਈਏ ਜਾਂ ਵੈਨਕੂਵਰੀਏ! ਮੌਜੂਦਾ ਪੰਜਾਬ ਇੱਕ ਵਿਸਰੇ ਅਤੇ ਇੱਕ ਖਿੱਤੇ ਦੇ ਰੂਪ ਵਿੱਚ ਸਦਾ ਹੀ ਪੰਜਾਬੀਆਂ ਦਾ ਜੱਦੀ ਖੇਤਰ ਤੇ ਦੇਸ਼ਾਂ-ਵਿਦੇਸ਼ਾਂ ਵਿੱਚ ਵਸਦੇ ਪੰਜਾਬੀਆਂ ਲਈ ਪ੍ਰੇਰਨਾ ਦਾ ਸਰੋਤ ਬਣਿਆ ਰਹੇਗਾ। ਮੌਜੂਦਾ ਪੰਜਾਬ ਦੇ ਵਾਸੀਆਂ ਨੂੰ ਦੇਸ਼-ਵਿਦੇਸ਼ ਵਿੱਚ ਵਸਦੇ ਪੰਜਾਬੀਆਂ ਲਈ ਇੱਕ ਰੋਲ ਮਾਡਲ ਵਜੋਂ ਵਿਚਰਨਾ ਹੋਵੇਗਾ।

ਮੈਂ ਪੰਜਾਬੀ ਪੰਜਾਬ ਦਾ ਰਹਿਣ ਵਾਲਾ,
ਸਦਾ ਖੈਰ ਪੰਜਾਬੀ ਦੀ ਮੰਗਦਾ ਹਾਂ।
ਮੋਤੀ ਕਿਸੇ ਸੁਹਾਗਣ ਦੀ ਨੱਥ ਦਾ ਹਾਂ,
ਟੁਕੜਾ ਕਿਸੇ ਪੰਜਾਬਣ ਦੀ ਵੰਗ ਦਾ ਹਾਂ। (ਉਸਤਾਦ ਦਾਮਨ)

ਮੌਜੂਦਾ ਪੰਜਾਬ ਵੱਲੋਂ ਦੇਸ਼-ਵਿਦੇਸ਼ ਵਿੱਚ ਵਸਦੇ ਪੰਜਾਬੀਆਂ ਨੂੰ ਨਸੀਅਤ ਵੀ ਹੈ,

"ਆਪਣੀ ਬੋਲੀ ਪੰਜਾਬੀ ਦਾ ਮਾਣ ਰੱਖੀਂ
ਜਿਹੜੀ ਮਾਂ ਏ ਅਸਾਂ ਪੰਜਾਬੀਆਂ ਦੀ,
ਰੰਨ ਰੰਨ ਸਮਝੀਂ, ਮਾਂ ਮਾਂ ਸਮਝੀਂ
ਗੱਲ ਕਰੀਂ ਨਾ ਖਾਨਾ ਖਰਾਬੀਆਂ ਦੀ।" (ਹਫੀਜ਼ ਜਲੰਧਰੀ)

ਆਓ, ਰਲ ਕੇ ਮੁੜ ਐਸਾ ਰੰਗਲਾ ਪੰਜਾਬ ਸਿਰਜੀਏ, ਜਿਸ ਨੂੰ ਪੰਜਾਬ ਦੇ ਮਸ਼ਹੂਰ ਕਵੀ ਧਨੀ ਰਾਮ ਚਾਤ੍ਰਿਕ ਨੇ ਆਪਣੀ ਕਵਿਤਾ ਰਾਹੀਂ ਪ੍ਰਭਾਸ਼ਿਤ ਕੀਤਾ ਹੈ,

"ਪੰਜਾਬ ਕਰਾਂ ਕੀ ਸਿਖ਼ਤ ਤਿਰੀ
ਸ਼ਾਨਾਂ ਦੇ ਸਭ ਸਮਾਨ ਤਿਰੇ,
ਜਲ-ਪੌਣ ਤਿਰਾ, ਹਰਿਔਲ ਤਿਰੀ
ਦਰਯਾ, ਪਰਬਤ, ਮੈਦਾਨ ਤਿਰੇ।
ਕੁਦਰਤ ਪੰਘੂੜਾ ਘਰਿਆ ਸੀ
ਤੈਨੂੰ ਰਿਸ਼ੀਆਂ ਅਵਤਾਰਾਂ ਦਾ,
ਸੂਫ਼ੀਆਂ, ਸ਼ਹੀਦਾਂ, ਭਗਤਾਂ ਦਾ
ਬਲਬੀਰਾਂ, ਸਤੀਆਂ ਨਾਰਾਂ ਦਾ।"

# ਭੰਗੜਾ ਰਾਈਮਜ਼ ਦੇ ਭੰਗੜਾ ਮੁਕਾਬਲਿਆਂ ਪ੍ਰਤੀ ਲੋਕਾਂ 'ਚ ਉਤਸ਼ਾਹ





**ਸ਼ਿਕਾਗੋ (ਪੰਜਾਬੀ ਪਰਵਾਜ਼ ਬਿਊਰੋ):** ਭੰਗੜਾ ਰਾਈਮਜ਼ ਵੱਲੋਂ ਆਉਂਦੀ 2 ਮਾਰਚ ਨੂੰ ਕਰਵਾਏ ਜਾ ਰਹੇ ਇੰਟਰ ਅਕੈਡਮੀ ਭੰਗੜਾ ਮੁਕਾਬਲਿਆਂ ਨੂੰ ਲੈ ਕੇ ਭੰਗੜੇ ਦੇ ਸ਼ੌਕੀਨਾਂ ਵਿੱਚ ਡਾਢਾ ਉਤਸ਼ਾਹ ਹੈ ਅਤੇ ਇਸ ਦੀ ਉਡੀਕ ਸ਼ਿਕਾਗੋ ਤੇ ਮਿਲਵਾਕੀ ਦੇ ਲੋਕਾਂ ਵੱਲੋਂ ਬੇਸਬਰੀ ਨਾਲ ਕੀਤੀ ਜਾ ਰਹੀ ਹੈ। ਭੰਗੜਾ ਰਾਈਮਜ਼ ਦੇ ਭੰਗੜੇ ਤੇ ਲੋਕ ਨਾਚਾਂ ਦੇ ਇਹ ਪਲੇਠੇ ਮੁਕਾਬਲੇ ਪੈਲਾਟਾਈਨ ਦੇ ਕਟਿੰਗ ਹਾਲ (150 ਈਸਟ ਵੁੱਡ ਸਟਰੀਟ, ਪੈਲਾਟਾਈਨ, ਇਲੀਨਾਏ 60067) ਵਿੱਚ ਸ਼ਾਮ 5 ਤੋਂ 8 ਵਜੇ ਤੱਕ ਹੋਣਗੇ। ਸੰਸਥਾ ਅਨਸੁਾਰ ਲੋਕਾਂ ਦਾ ਉਤਸ਼ਾਹ ਵੇਖਣਯੋਗ ਹੈ ਅਤੇ ਇਸ ਲਈ ਸੀਟਾਂ ਧੜਾਧੜ ਵਿੱਕ ਚੁਕੀਆਂ ਹਨ। ਕੁਝ ਕੁ ਸੱਜਣਾਂ ਨੂੰ ਲੇਟ ਹੋਣ ਦਾ ਤੇ ਟਿਕਟ ਨਾ ਮਿਲਣ ਦਾ ਮਲਾਲ ਹੈ। ਕੁਝ ਸੀਟਾਂ ਰਾਖਵੀਆਂ ਰੱਖੀਆਂ ਗਈਆਂ ਹਨ।

ਭੰਗੜਾ ਰਾਈਮਜ਼ ਦੇ ਅਮਨਦੀਪ ਸਿੰਘ ਨੇ ਦੱਸਿਆ ਕਿ ਮੁਕਾਬਲੇ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਗਿਆ ਹੈ। ਪਹਿਲੇ ਗਰੁੱਪ ਵਿਚ 5 ਤੋਂ 10 ਸਾਲ ਦੀ ਉਮਰ ਦੇ ਬੱਚਿਆਂ ਦੀਆਂ ਤਿੰਨ ਟੀਮਾਂ ਹਨ: ਟੀਮ ਸਤਲੁਜ, ਟੀਮ ਬਿਆਸ ਤੇ ਟੀਮ ਰਾਵੀ। ਪੰਜਾਬ ਦੇ ਤਿੰਨ ਦਰਿਆਵਾਂ ਦੇ ਨਾਂ 'ਤੇ ਬਣਾਈਆ ਗਈਆਂ ਟੀਮਾਂ ਦੀ ਪੇਸ਼ਕਾਰੀ ਦੇਖਣਯੋਗ ਹੋਵੇਗੀ।

ਦੂਸਰੇ ਗਰੁੱਪ ਵਿੱਚ ਚਾਰ ਟੀਮਾਂ ਰੱਖੀਆਂ ਗਈਆਂ ਹਨ: ਟੀਮ ਪਟਿਆਲਾ, ਟੀਮ ਲਾਹੌਰ, ਟੀਮ ਮੁਲਤਾਨ ਅਤੇ ਟੀਮ ਸਿਆਲਕੋਟ। 11 ਤੋਂ 18 ਸਾਲ ਦੇ ਭੰਗੜਚੀਆਂ ਦਾ ਜੋਸ਼ੀਲਾ ਭੰਗੜਾ, ਝੂੰਮਰ ਬਾਕਮਾਲ ਪੇਸ਼ਕਾਰੀ ਹੋਵੇਗੀ।

ਤੀਜੇ ਗਰੁੱਪ ਵਿੱਚ 35 ਸਾਲ ਤੋਂ ਲੈ ਕੇ 55 ਸਾਲ ਦੇ ਗੱਭਰੂ ਤੇ ਮੁਟਿਆਰਾਂ ਆਪਣੀ ਕਲਾ ਦਾ ਪ੍ਰਦਰਸ਼ਨ ਕਰਨਗੇ। ਟੀਮ ਮਾਝਾ, ਟੀਮ ਮਾਲਵਾ, ਟੀਮ ਦੁਆਬਾ ਪੰਜਾਬ ਦੇ ਖਿੱਤਿਆਂ ਨੂੰ ਬਿਆਨ ਕਰਨਗੀਆਂ। ਮਿਲਵਾਕੀ ਦੀਆਂ ਮੁਟਿਆਰਾਂ ਦੀ ਲੁੱਡੀ ਟੀਮ ਦੀ ਪੇਸ਼ਕਾਰੀ ਵੀ ਆਪਣੇ ਆਪ ਵਿੱਚ ਕਮਾਲ ਹੋਵੇਗੀ। ਮਹਿਮਾਨ ਮਲਵਈ ਗਿੱਧਾ ਟੀਮ ਵੀ ਪੇਸ਼ਕਾਰੀ ਰਾਹੀਂ ਰੰਗ ਬੰਨ੍ਹੇਗੀ।

ਇਨ੍ਹਾਂ ਮੁਕਾਬਲਿਆਂ ਪ੍ਰਤੀ ਉਤਸ਼ਾਹੀ ਹੋਏ ਭੰਗੜਾ ਰਾਈਮਜ਼ ਦੇ ਸਰਪ੍ਰਸਤ ਅਮਨਦੀਪ ਸਿੰਘ ਨੇ ਦੱਸਿਆ ਕਿ ਟੀਮਾਂ ਦੀ ਵਰਦੀ ਤੋਂ ਲੈ ਕੇ ਨਾਂਵਾਂ ਤੱਕ ਖਾਸ ਖਿਆਲ ਰੱਖਿਆ ਗਿਆ ਹੈ। ਵਰਦੀਆਂ ਖਾਸ ਤੌਰ 'ਤੇ ਲੁਧਿਆਣਾ ਤੋਂ ਬਣ ਕੇ ਤਿਆਰ ਹੋਈਆਂ ਹਨ। ਮੁੰਡਿਆਂ ਦੀ ਵਰਦੀ 'ਚ ਕੁੜਤਾ, ਚਾਦਰਾ, ਪੱਗ, ਕੈਂਠਾ, ਤਵੀਤੜੀ, ਫੁੰਮਣ ਸ਼ਿੰਗਾਰ ਹੋਣਗੇ; ਜਦਕਿ ਕੁੜੀਆਂ ਦੀਆਂ ਵਰਦੀਆਂ ਦੀ ਖਿੱਚ ਵਿਸ਼ੇਸ਼ ਹੋਵੇਗੀ- ਕੁੜਤੀ, ਸਲਵਾਰ, ਟਿੱਕਾ, ਪਿੱਪਲ ਪੱਤੀਆਂ ਮੁਟਿਆਰਾਂ ਦੇ ਰੂਪ ਨੂੰ ਚਾਰ ਚੰਨ ਲਾਉਣਗੀਆਂ।

ਜਿੱਥੇ ਮੁਕਾਬਲਿਆਂ ਦਾ ਸਾਰਾ ਜ਼ੋਰ ਲੋਕ ਨਾਚਾਂ ਦੀ ਪੇਸ਼ਕਾਰੀ 'ਤੇ ਲਾਇਆ ਗਿਆ ਹੈ, ਉਥੇ ਪ੍ਰੋਗਰਾਮ ਦਾ ਮਕਸਦ ਬੱਚਿਆਂ ਨੂੰ ਤਰਾਸ਼ਣਾ ਤੇ ਆਪਣੇ ਅਮੀਰ ਸੱਭਿਆਚਾਰ ਤੋਂ ਜਾਣੂੰ ਕਰਵਾਉਣਾ ਹੈ। ਅਮਨਦੀਪ ਅਨੁਸਾਰ ਟੀਮਾਂ ਦੀ ਮੰਚ ਉਤੇ ਪੇਸ਼ਕਾਰੀ ਦੌਰਾਨ ਚੱਲਣ ਵਾਲੇ ਗੀਤਾਂ ਦੀ ਵੀ ਵਿਸ਼ੇਸ਼ ਚੋਣ ਕੀਤੀ ਗਈ ਹੈ।

# ਕ੍ਰਿਕਟ ਖੇਡ ਦਾ ਬਾਦਸ਼ਾਹ-ਯੁਵਰਾਜ ਸਿੰਘ

ਖਿਡਾਰੀ ਪੰਜ-ਆਬ ਦੇ (11)



ਨਵਦੀਪ ਸਿੰਘ ਗਿੱਲ
ਫੋਨ: +91-9780036216



**ਖਿਡਾਰੀ ਹੱਦਾਂ-ਸਰਹੱਦਾਂ ਤੋਂ ਪਾਰ ਹੁੰਦੇ ਹਨ। ਪੰਜਾਬ ਦੀ ਧਰਤੀ ਨੇ ਵੱਡੇ-ਵੱਡੇ ਖਿਡਾਰੀ ਪੈਦਾ ਕੀਤੇ ਹਨ- ਚਾਹੇ ਇਹ ਚੜ੍ਹਦਾ ਪੰਜਾਬ ਹੋਵੇ ਜਾਂ ਫਿਰ ਲਹਿੰਦਾ ਪੰਜਾਬ। ਨਾਮੀ ਖੇਡ ਲੇਖਕ ਨਵਦੀਪ ਸਿੰਘ ਗਿੱਲ ਵੱਲੋਂ ਇਸ ਕਾਲਮ ਰਾਹੀਂ ਲੜੀਵਾਰ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਚੋਟੀ ਦੇ ਖਿਡਾਰੀਆਂ ਦੀ ਜੀਵਨੀ ਉਤੇ ਝਾਤ ਪਾਈ ਜਾ ਰਹੀ ਹੈ। ਹਥਲੇ ਲੇਖ ਵਿੱਚ ਕੈਂਸਰ ਜਿਹੀ ਨਾਮੁਰਾਦ ਬਿਮਾਰੀ ਦਾ ਸ਼ਿਕਾਰ ਰਹਿਣ ਦੌਰਾਨ 2011 ਵਿੱਚ ਵਿਸ਼ਵ ਕੱਪ ਖ਼ੂਨ ਦੀਆਂ ਉਲਟੀਆਂ ਨਾਲ ਖੇਡਣ ਵਾਲੇ ਕ੍ਰਿਕਟਰ ਯੁਵਰਾਜ ਸਿੰਘ ਦਾ ਸੰਖੇਪ ਵੇਰਵਾ ਪੇਸ਼ ਹੈ। 'ਅਰਜੁਨਾ ਐਵਾਰਡ' ਅਤੇ 'ਪਦਮ ਸ੍ਰੀ' ਪ੍ਰਾਪਤ ਯੁਵਰਾਜ ਹਮੇਸ਼ਾ ਤਕੜੀਆਂ ਟੀਮਾਂ ਖਾਸ ਕਰਕੇ ਭਾਰਤ ਦੀਆਂ ਰਵਾਇਤੀ ਵਿਰੋਧੀ ਟੀਮਾਂ ਪਾਕਿਸਤਾਨ ਅਤੇ ਆਸਟਰੇਲੀਆ ਖਿਲਾਫ ਚੰਗੀ ਖੇਡ ਦਿਖਾਉਣ ਵਿੱਚ ਕਾਮਯਾਬ ਰਿਹਾ।**

ਭਾਰਤੀ ਕ੍ਰਿਕਟ ਨੂੰ ਯੁਵਰਾਜ ਸਿੰਘ ਦਾ ਯੋਗਦਾਨ ਭੁਲਾਇਆ ਨਹੀਂ ਜਾ ਸਕਦਾ। ਯੁਵਰਾਜ ਉਰਫ ਯੁਵੀ ਕਰੋੜਾਂ ਖੇਡ ਪ੍ਰੇਮੀਆਂ ਦੇ ਦਿਲਾਂ 'ਤੇ ਰਾਜ ਕਰਨ ਵਾਲਾ ਖਿਡਾਰੀ ਹੈ। ਉਹ ਇਕੱਲਾ ਖਿਡਾਰੀ ਹੈ, ਜਿਸ ਨੇ ਭਾਰਤ ਨੂੰ ਤਿੰਨ ਵਿਸ਼ਵ ਕੱਪ ਜਿਤਾਏ, ਉਹ ਵੀ ਆਪਣੇ ਦਮ 'ਤੇ। ਜੂਨੀਅਰ ਤੇ ਸੀਨੀਅਰ ਵਿਸ਼ਵ ਕੱਪ ਦੀ ਜਿੱਤ ਵਿੱਚ ਉਸ ਦੇ ਯੋਗਦਾਨ ਦੀ ਗਵਾਹੀ ਉਸ ਨੂੰ ਮਿਲੇ 'ਮੈਨ ਆਫ ਦਿ ਵਰਲਡ ਕੱਪ' ਦੇ ਪੁਰਸਕਾਰ ਖੁਦ ਦਿੰਦੇ ਹਨ। ਉਹ ਕ੍ਰਿਕਟ ਖੇਡ ਦਾ ਬਾਦਸ਼ਾਹ ਹੈ, ਜਿਸ ਕੋਲ ਆਈ.ਸੀ.ਸੀ. ਦੀ ਹਰ ਟਰਾਫੀ ਹੈ। ਉਸ ਨੇ ਇੱਕ ਰੋਜ਼ਾ ਵਿਸ਼ਵ ਕੱਪ, ਟਵੰਟੀ-20 ਵਿਸ਼ਵ ਕੱਪ, ਚੈਂਪੀਅਨਜ਼ ਟਰਾਫੀ, ਜੂਨੀਅਰ ਵਿਸ਼ਵ ਕੱਪ ਅਤੇ ਏਸ਼ੀਆ ਕੱਪ- ਸਭ ਖਿਤਾਬ ਜਿੱਤੇ ਹਨ। ਸਾਰੀਆਂ ਜਿੱਤਾਂ ਵਿੱਚ ਉਸ ਦਾ ਵੱਡਾ ਯੋਗਦਾਨ ਰਿਹਾ ਹੈ। ਉਸ ਨੇ ਦੋ ਵੱਖ-ਵੱਖ ਟੀਮਾਂ- ਮੁੰਬਈ ਤੇ ਹੈਦਰਾਬਾਦ ਵੱਲੋਂ ਖੇਡਦਿਆਂ ਦੋ ਵਾਰ ਆਈ.ਪੀ.ਐਲ. ਵੀ ਜਿੱਤੀ।

ਯੁਵਰਾਜ ਜਿੰਨਾ ਵੱਡਾ ਖਿਡਾਰੀ ਰਿਹਾ, ਉਨਾ ਹੀ ਖੇਡ ਮੈਦਾਨ ਤੋਂ ਬਾਹਰ ਸਿਰੜੀ ਤੇ ਸਿਦਕੀ ਸੁਭਾਅ ਵਾਲਾ ਵੀ। ਜਦੋਂ ਉਹ ਕੈਂਸਰ ਜਿਹੀ ਨਾਮੁਰਾਦ ਬਿਮਾਰੀ ਦਾ ਸ਼ਿਕਾਰ ਹੋਇਆ ਤਾਂ ਉਥੋਂ ਵੀ ਵਾਪਸੀ ਕਰਕੇ ਖੇਡ ਪੰਡਿਤਾਂ ਨੂੰ ਦੰਦਾਂ ਹੇਠ ਉਂਗਲਾਂ ਦਬਾਉਣ ਲਈ ਮਜਬੂਰ ਕਰ ਦਿੱਤਾ। 2011 ਵਿੱਚ ਵਿਸ਼ਵ ਕੱਪ ਉਸ ਨੇ ਖ਼ੂਨ ਦੀਆਂ ਉਲਟੀਆਂ ਨਾਲ ਖੇਡਿਆ। ਕੈਂਸਰ ਦੀ ਬਿਮਾਰੀ ਦੇ ਬਾਵਜੂਦ ਉਸ ਨੇ ਆਪਣੀ ਖੇਡ ਉਪਰ ਇਸ ਦਾ ਅਸਰ ਨਹੀਂ ਪੈਣ ਦਿੱਤਾ। ਹੋਰ ਤਾਂ ਹੋਰ ਉਸ ਨੇ ਕਿਸੇ ਨੂੰ ਭਿਣਕ ਤੱਕ ਨਹੀਂ ਲੱਗਣ ਦਿੱਤੀ ਕਿ ਉਹ ਕਿੰਨੀ ਪੀੜ ਵਿੱਚੋਂ ਗੁਜ਼ਰ ਰਿਹਾ ਹੈ। ਯੁਵਰਾਜ ਦੀ ਸਵੈ-ਜੀਵਨੀ 'ਦਿ ਟੈਸਟ ਆਫ ਮਾਈ ਲਾਈਫ ਫਰੌਮ ਕ੍ਰਿਕਟ ਟੂ ਕੈਂਸਰ ਐਂਡ ਬੈਕ' ਉਸ ਦੇ ਖੇਡ ਜੀਵਨ ਅਤੇ ਸੰਘਰਸ਼ ਦੀ ਕਹਾਣੀ ਦੀ ਦਾਸਤਾਨ ਹੈ।

ਖੱਬੇ ਹੱਥ ਦਾ ਸੁਹਣਾ ਸੁਨੱਖਾ ਤੇ ਲੰਬੇ ਕੱਦ-ਕਾਠ ਵਾਲਾ ਯੁਵੀ ਸਹੀ ਮਾਅਨਿਆਂ ਵਿੱਚ ਹਰਫਨਮੌਲਾ ਖਿਡਾਰੀ ਹੈ। ਬੱਲੇ ਤੇ ਗੇਂਦ ਅਤੇ ਫੀਲਡਿੰਗ ਤਿੰਨਾਂ ਵਿੱਚ ਹੀ ਉਸ ਨੇ ਮੈਚ ਜਿਤਾਓ ਪ੍ਰਦਰਸ਼ਨ ਦਿਖਾਇਆ। ਫਸਵੇਂ ਮੁਕਾਬਲਿਆਂ ਵਿੱਚੋਂ ਟੀਮ ਨੂੰ ਬਾਹਰ ਕੱਢਣ ਦੀ ਕਲਾ ਦਾ ਉਸ ਨੂੰ ਸੰਪਰੂਨ ਗਿਆਨ ਸੀ। ਉਸ ਦੀ ਖੇਡ ਸੈਂਕੜਿਆਂ ਦੇ ਰਿਕਾਰਡ ਦੀ ਬਜਾਏ ਮੈਚ ਜਿਤਾਓ ਪਾਰੀਆਂ ਕਾਰਨ ਜਾਣੀ ਜਾਂਦੀ ਹੈ। ਉਹ ਆਪਣੇ ਬਲਬੂਤੇ ਵੱਡੇ ਮੈਚ ਜਿਤਾਉਣ ਵਾਲਾ ਖਿਡਾਰੀ ਰਿਹਾ। ਪੁੱਲ, ਫਲਿੱਕ ਕੇ ਕੱਟ ਸ਼ਾਟ ਮਾਰਨ ਦਾ ਮਾਹਰ ਯੁਵਰਾਜ ਕਿਸੇ ਵੀ ਗੇਂਦਬਾਜ਼ ਦੀ ਕਿਸੇ ਵੀ ਥਾਂ ਸੁੱਟੀ ਗੇਂਦ ਨੂੰ ਬਾਊਂਡਰੀ ਪਾਰ ਮਾਰਨ ਦਾ ਮਾਹਿਰ ਸੀ। ਪੁਆਇੰਟ ਦੀ ਅਹਿਮ ਸਾਈਡ ਉਤੇ ਖੜ੍ਹਨ ਵਾਲੇ ਇਸ ਖਿਡਾਰੀ ਨੇ ਭਾਰਤੀ ਕ੍ਰਿਕਟ ਨੂੰ ਦੱਸਿਆ ਕਿ ਕਿਵੇਂ ਫੀਲਡਰ ਵੀ ਟੀਮ ਨੂੰ ਮੈਚ ਜਿਤਾ ਸਕਦੇ ਹਨ। ਉਹ ਹਮੇਸ਼ਾ ਤਕੜੀਆਂ ਟੀਮਾਂ ਖਾਸ ਕਰਕੇ ਭਾਰਤ ਦੀਆਂ ਰਵਾਇਤੀ ਵਿਰੋਧੀ ਟੀਮਾਂ ਪਾਕਿਸਤਾਨ ਅਤੇ ਆਸਟਰੇਲੀਆ ਖਿਲਾਫ ਚੰਗੀ ਖੇਡ ਦਿਖਾਉਣ ਵਿੱਚ ਕਾਮਯਾਬ ਰਿਹਾ।

ਯੁਵਰਾਜ ਨੇ ਆਪਣੇ ਖੇਡ ਕਰੀਅਰ ਵਿੱਚ ਘਰੇਲੂ ਤੇ ਕੌਮਾਂਤਰੀ- ਦੋਹਾਂ ਵਿੱਚ ਮਿਲ ਕੇ ਕੁੱਲ 38,263 ਦੌੜਾਂ ਬਣਾਈਆਂ ਹਨ, ਜਿਨ੍ਹਾਂ ਵਿੱਚ 62 ਸੈਂਕੜੇ ਤੇ 212 ਅਰਧ ਸੈਂਕੜੇ ਸ਼ਾਮਲ ਹਨ। ਸਿਕਸਰ ਕਿੰਗ ਵਜੋਂ ਜਾਣੇ ਜਾਂਦੇ ਯੁਵਰਾਜ ਨੇ 512 ਛੱਕੇ ਅਤੇ 1631 ਚੌਕੇ ਜੜੇ ਹਨ। ਗੇਂਦਬਾਜ਼ੀ ਕਰਦਿਆਂ ਉਸ ਨੇ 435 ਵਿਕਟਾਂ ਹਾਸਲ ਕੀਤੀਆਂ। ਬਤੌਰ ਫੀਲਡਿੰਗ ਕਰਦਿਆਂ ਉਸ ਨੇ ਹੁਣ ਤੱਕ ਕੁੱਲ 440 ਕੈਚ ਲਪਕੇ ਹਨ। ਅੰਡਰ-19 ਵਿਸ਼ਵ ਕੱਪ ਤੇ ਆਈ.ਸੀ.ਸੀ. ਵਿਸ਼ਵ ਕੱਪ ਵਿੱਚ 'ਮੈਨ ਆਫ ਦਿ ਟੂਰਨਾਮੈਂਟ' ਮਿਲਿਆ। 2012 ਵਿੱਚ ਉਸ ਨੂੰ ਭਾਰਤ ਸਰਕਾਰ ਨੇ ਅਰਜੁਨਾ ਐਵਾਰਡ ਅਤੇ 2014 ਵਿੱਚ ਭਾਰਤ ਸਰਕਾਰ ਵੱਲੋਂ ਚੌਥਾ ਸਰਵਉੱਚ ਨਾਗਰਿਕ ਸਨਮਾਨ 'ਪਦਮ ਸ੍ਰੀ' ਦਿੱਤਾ ਗਿਆ। ਕ੍ਰਿਕਟ ਇਨਫੋ ਵੱਲੋਂ ਉਸ ਨੂੰ ਵਿਸ਼ਵ ਇਲੈਵਨ ਵਿੱਚ ਚੁਣਿਆ ਗਿਆ।

ਯੁਵਰਾਜ ਦਾ 12 ਨੰਬਰ ਨਾਲ ਬਹੁਤ ਲਗਾਓ ਰਿਹਾ। 1981 ਵਿੱਚ ਬਾਰ੍ਹਵੇਂ ਮਹੀਨੇ (ਦਸੰਬਰ) ਦੀ 12 ਤਾਰੀਕ ਨੂੰ ਸੈਕਟਰ 12 (ਪੀ.ਜੀ.ਆਈ.) ਵਿੱਚ ਜਨਮੇ ਯੁਵਰਾਜ ਨੇ ਪੂਰੇ ਖੇਡ ਕਰੀਅਰ ਵਿੱਚ 12 ਨੰਬਰ ਦੀ ਜਰਸੀ ਪਾ ਕੇ ਹੀ ਕ੍ਰਿਕਟ ਖੇਡੀ। ਟਵੰਟੀ-20 ਵਿਸ਼ਵ ਕੱਪ ਵਿੱਚ 12 ਗੇਂਦਾਂ ਉਪਰ ਹੀ ਅਰਧ ਸੈਂਕੜਾ ਮਾਰ ਕੇ ਉਸ ਵੇਲੇ ਵਿਸ਼ਵ ਰਿਕਾਰਡ ਵੀ ਬਣਾਇਆ ਸੀ। ਯੁਵਰਾਜ ਨੇ ਸਾਲ 2012 ਵਿੱਚ ਹੀ ਕੈਂਸਰ ਦੇ ਇਲਾਜ ਤੋਂ ਬਾਅਦ ਵਾਪਸੀ ਕੀਤੀ।

ਯੁਵਰਾਜ ਦਾ ਖੇਡ ਕਰੀਅਰ ਉਸ ਦੇ ਪਿਤਾ ਯੋਗਰਾਜ ਸਿੰਘ ਦੀਆਂ ਉਮੀਦਾਂ, ਆਸਾਂ, ਦੁਆਵਾਂ, ਤਪੱਸਿਆ ਦਾ ਫਲ ਹੈ। ਯੋਗਰਾਜ ਸਿੰਘ ਜਦੋਂ ਖੁਦ 1983 ਵਿੱਚ ਵਿਸ਼ਵ ਕੱਪ ਜਿੱਤਣ ਵਾਲੀ ਭਾਰਤੀ ਟੀਮ ਦਾ ਹਿੱਸਾ ਨਾ ਬਣ ਸਕਿਆ ਤਾਂ ਉਸ ਵੇਲੇ ਇੱਛਾ ਪ੍ਰਗਟਾਈ ਸੀ ਕਿ ਇਹ ਅਧੂਰਾ ਸੁਫਨਾ ਉਸ ਦਾ ਪੁੱਤਰ ਪੂਰਾ ਕਰੇ। ਆਖ਼ਰਕਾਰ ਯੁਵੀ ਨੇ 2011 ਵਿੱਚ ਆਪਣੇ ਪਿਤਾ ਦਾ ਵਿਸ਼ਵ ਕੱਪ ਜਿੱਤਣ ਦਾ ਸੁਫਨਾ ਪੂਰਾ ਕੀਤਾ। ਪੰਜਾਬ ਦੇ ਪਿੰਡ ਕਨੇਚ ਨਾਲ ਪਿਛੋਕੜ ਰੱਖਣ ਵਾਲੇ ਯੋਗਰਾਜ ਸਿੰਘ ਤੇ ਸ਼ਬਨਮ ਕੌਰ ਦਾ ਪੁੱਤਰ ਯੁਵਰਾਜ ਜਦੋਂ ਛੋਟਾ ਹੁੰਦਿਆਂ ਸਕੇਟਿੰਗ ਵਿਚ ਮੈਡਲ ਜਿੱਤ ਕੇ ਘਰ ਵਾਪਸ ਆਇਆ ਤਾਂ ਉਸ ਦੇ ਪਿਤਾ ਨੇ ਮੈਡਲ ਸੁੱਟ ਕੇ ਕਿਹਾ, "ਤੂੰ ਕ੍ਰਿਕਟ ਹੀ ਖੇਡਣੀ ਹੈ।" ਆਪਣੇ ਪਿਤਾ ਦੇ ਗੁੱਸੇ ਦੇ ਡਰੋਂ ਯੁਵਰਾਜ ਨੇ ਦੁਬਾਰਾ ਸਕੇਟਿੰਗ ਕਰਨ ਦਾ ਹੀਆ ਨਹੀਂ ਕੀਤਾ। ਯੋਗਰਾਜ ਯੁਵੀ ਨੂੰ ਤਕੜੇ ਤੇਜ਼ ਗੇਂਦਬਾਜ਼ਾਂ ਦੀਆਂ ਬਾਊਂਸਰਾਂ ਦੀ ਤਿਆਰ ਕਰਵਾਉਣ ਲਈ ਘਰ ਸੀਮਿੰਟ ਦੀ ਪਿੱਚ ਬਣਾ ਕੇ ਉਸ ਉਪਰ ਸਾਬਣ ਵਾਲਾ ਪਾਣੀ ਸੁੱਟ ਕੇ ਬੱਲੇਬਾਜ਼ੀ ਦਾ ਅਭਿਆਸ ਕਰਵਾਉਂਦਾ। ਜਦੋਂ ਯੁਵੀ ਨੇ ਹੈਲਮਟ ਦੀ ਮੰਗ ਕਰਨੀ ਤਾਂ ਅੱਗਿਓ ਯੋਗਰਾਜ ਦਾ ਜਵਾਬ ਹੁੰਦਾ ਕਿ ਵਿਵ ਰਿਚਰਡਜ਼ ਕਿਹੜਾ ਹੈਲਮਟ ਨਾਲ ਖੇਡਦਾ ਸੀ! ਇੱਕ ਵਾਰ ਜਦੋਂ ਯੁਵਰਾਜ ਦੇ ਗੇਂਦ ਵੱਜਣ ਨਾਲ ਉਸ ਦਾ ਮੂੰਹ ਸੁੱਜ ਗਿਆ ਤਾਂ ਯੁਵੀ ਦੀ ਦਾਦੀ ਆਪਣੇ ਮੁੰਡੇ ਯੋਗਰਾਜ ਨੂੰ ਝਿੜਕਣ ਲੱਗੀ, ਪਰ ਪਿਤਾ ਦੇ ਕਹਿਣ 'ਤੇ ਸੁੱਜੇ ਹੋਏ ਮੂੰਹ ਨਾਲ ਯੁਵਰਾਜ ਦੁਬਾਰਾ ਬੱਲਾ ਚੁੱਕ ਕੇ ਪ੍ਰੈਕਟਿਸ ਕਰਨ ਲੱਗ ਗਿਆ।


ਯੁਵਰਾਜ 14 ਵਰ੍ਹਿਆਂ ਤੋਂ ਘੱਟ ਉਮਰੇ ਪੰਜਾਬ ਦੀ ਅੰਡਰ-16 ਟੀਮ ਵਿੱਚ ਚੁਣਿਆ ਗਿਆ ਅਤੇ ਅਗਲੇ ਸਾਲ ਹੀ ਉਸ ਨੇ ਅੰਡਰ-19 ਟੀਮ ਵੱਲੋਂ ਹਿਮਾਚਲ ਪ੍ਰਦੇਸ਼ ਖਿਲਾਫ 137 ਦੌੜਾਂ ਦੀ ਪਾਰੀ ਖੇਡੀ। 16 ਵਰ੍ਹਿਆਂ ਦਾ ਯੁਵਰਾਜ ਰਣਜੀ ਟਰਾਫੀ ਖੇਡਿਆ। ਇੱਕ ਰੋਜ਼ਾ ਮੈਚ ਵਿਚ ਪੰਜਾਬ ਦੀ ਟੀਮ ਨੇ ਯੁਵਰਾਜ ਦੇ ਸੈਂਕੜੇ ਬਦਲੌਤ ਵੱਡੇ ਖਿਡਾਰੀਆਂ ਨਾਲ ਭਰੀ ਮੁੰਬਈ ਦੀ ਟੀਮ ਨੂੰ ਹਰਾ ਕੇ ਸਨਸਨੀ ਫੈਲਾਈ। 1999 ਦੀ ਕੂਚ ਬਿਹਾਰ ਟਰਾਫੀ ਦੇ ਫਾਈਨਲ ਵਿੱਚ ਜਮਸ਼ੇਦਪੁਰ ਵਿਖੇ ਬਿਹਾਰ ਦੀ ਪੂਰੀ ਟੀਮ ਜਿੱਥੇ 357 ਦੌੜਾਂ ਬਣਾ ਸਕੀ, ਉਥੇ ਯੁਵੀ ਨੇ ਇਕੱਲਿਆਂ 358 ਦੌੜਾਂ ਬਣਾਈਆਂ। ਇਸੇ ਮੈਚ ਨੂੰ ਧੋਨੀ ਦੇ ਜੀਵਨ ਬਾਰੇ ਬਣੀ ਬਾਲੀਵੁੱਡ ਫਿਲਮ ਵਿੱਚ ਸ਼ਾਮਲ ਕੀਤਾ ਗਿਆ। ਭਾਰਤ ਦੀ ਅੰਡਰ-19 ਟੀਮ ਵਿੱਚ ਚੁਣੇ ਜਾਣ ਤੋਂ ਬਾਅਦ ਸ੍ਰੀਲੰਕਾ ਖਿਲਾਫ ਉਸ ਨੇ ਪਹਿਲਾ ਮੈਚ ਖੇਡਿਆ, ਜਿਸ ਵਿੱਚ 55 ਗੇਂਦਾਂ ਉਤੇ 89 ਦੌੜਾਂ ਬਣਾਈਆਂ। ਸਾਲ 2000 ਵਿੱਚ ਯੁਵੀ ਦੀ ਹਰਫਨਮੌਲਾ ਖੇਡ ਸਦਕਾ ਭਾਰਤ ਪਹਿਲੀ ਵਾਰ ਜੂਨੀਅਰ ਵਿਸ਼ਵ ਚੈਂਪੀਅਨ ਬਣਿਆ। ਯੁਵਰਾਜ ਨੂੰ 'ਮੈਨ ਆਫ ਦਿ ਟੂਰਨਾਮੈਂਟ' ਖਿਤਾਬ ਮਿਲਿਆ।

ਇਸੇ ਸਾਲ ਸੀਨੀਅਰ ਟੀਮ ਵਿੱਚ ਚੁਣੇ ਜਾਣ ਤੋਂ ਬਾਅਦ ਉਸ ਨੇ ਆਪਣੇ ਪਹਿਲੇ ਹੀ ਟੂਰਨਾਮੈਂਟ ਮਿੰਨੀ ਵਿਸ਼ਵ ਕੱਪ ਵਿੱਚ ਖੇਡਦਿਆਂ ਆਪਣੀ ਪਹਿਲੀ ਹੀ ਪਾਰੀ ਵਿੱਚ ਆਸਟਰੇਲੀਆ ਖਿਲਾਫ ਗਲੈਨ ਮੈਕ੍ਰਗਾਹ, ਬਰੈਟ ਲੀ ਤੇ ਜੇਸਨ ਗਲੈਸਪੀ ਜਿਹੇ ਧੂੰਆਂਧਾਰ ਗੇਂਦਬਾਜ਼ਾਂ ਸਾਹਮਣੇ ਬੱਲੇਬਾਜ਼ੀ ਕਰਦਿਆਂ 80 ਗੇਂਦਾਂ ਉਤੇ 84 ਦੌੜਾਂ ਬਣਾਈਆਂ। 2002 ਵਿੱਚ ਨੈਟਵੈਸਟ ਟਰਾਫੀ ਦੇ ਫਾਈਨਲ ਵਿੱਚ ਯੁਵਰਾਜ ਤੇ ਕੈਫ ਬਦੌਲਤ ਭਾਰਤ ਨੇ 300 ਤੋਂ ਵੱਧ ਦੌੜਾਂ ਦਾ ਟੀਚਾ ਪਾਰ ਕੀਤਾ ਅਤੇ ਗਾਂਗੁਲੀ ਨੇ ਲਾਰਡਜ਼ ਵਿਖੇ ਆਪਣੀ ਟੀ-ਸ਼ਰਟ ਉਤਾਰ ਕੇ ਜਸ਼ਨ ਮਨਾਇਆ। 2003 ਵਿੱਚ ਵਿਸ਼ਵ ਕੱਪ ਵਿੱਚ ਉਸ ਨੇ ਸ੍ਰੀਲੰਕਾ ਵਿਰੁੱਧ ਨਾਬਾਦ 98 ਅਤੇ ਪਾਕਿਸਤਾਨ ਵਿਰੁੱਧ ਨਾਬਾਦ 50 ਦੀ ਪਾਰੀ ਖੇਡੀ। 2007 ਵਿੱਚ ਪਹਿਲੇ ਟਵੰਟੀ-20 ਵਿਸ਼ਵ ਕੱਪ ਭਾਰਤ ਦੀ ਝੋਲੀ ਪਾਉਣ ਵਿੱਚ ਯੁਵਰਾਜ ਦਾ ਅਹਿਮ ਯੋਗਦਾਨ ਸੀ। ਬਰੌਡ ਦੇ ਇੱਕ ਓਵਰ ਵਿੱਚ ਛੇ ਛੱਕਿਆਂ ਦਾ ਰਿਕਾਰਡ ਬਣਾਇਆ।

ਸਾਲ 2011 ਵਿੱਚ ਭਾਰਤ ਦੂਜੀ ਵਾਰ ਇੱਕ ਰੋਜ਼ਾ ਕ੍ਰਿਕਟ ਵਿੱਚ ਵਿਸ਼ਵ ਚੈਂਪੀਅਨ ਬਣਿਆ ਅਤੇ ਯੁਵਰਾਜ ਨੂੰ 'ਮੈਨ ਆਫ ਦਿ ਵਰਲਡ ਕੱਪ' ਖਿਤਾਬ ਮਿਲਿਆ। ਵਿਸ਼ਵ ਕੱਪ ਵਿੱਚ ਬਤੌਰ ਬੱਲੇਬਾਜ਼ ਕੁੱਲ 362 ਦੌੜਾਂ ਬਣਾਈਆਂ। ਗੇਂਦਬਾਜ਼ੀ ਕਰਦਿਆਂ 15 ਵਿਕਟਾਂ ਵੀ ਝਟਕਾਈਆਂ। ਵਿਸ਼ਵ ਕੱਪ ਦੇ ਇਤਿਹਾਸ ਵਿੱਚ ਉਹ ਪਹਿਲਾ ਖਿਡਾਰੀ ਬਣਿਆ, ਜਿਸ ਨੇ ਇੱਕ ਵਿਸ਼ਵ ਕੱਪ ਵਿੱਚ 350 ਤੋਂ ਵੱਧ ਦੌੜਾਂ ਅਤੇ 15 ਵਿਕਟਾਂ ਹਾਸਲ ਕੀਤੀਆਂ ਹੋਣ। ਵਿਸ਼ਵ ਕੱਪ ਤੋਂ ਬਾਅਦ ਯੁਵਰਾਜ ਦਾ ਕੈਂਸਰ ਡਿਟੈੱਕਟ ਹੋਇਆ। ਅਸਲ ਵਿੱਚ ਇਸ ਬਿਮਾਰੀ ਦੇ ਲੱਛਣਾਂ ਦੀ ਸ਼ੁਰੂਆਤ ਵਿਸ਼ਵ ਕੱਪ ਤੋਂ ਪਹਿਲਾਂ ਦੱਖਣੀ ਅਫਰੀਕਾ ਦੌਰੇ ਮੌਕੇ ਹੋ ਗਈ ਸੀ, ਜਦੋਂ ਉਸ ਨੂੰ ਖ਼ੂਨ ਦੀ ਉਲਟੀ ਆਈ। ਅਜਿਹੀ ਸਮਰਪਣ ਭਾਵਨਾ ਵਾਲੇ ਯੁਵੀ ਨੇ ਕੈਂਸਰ ਦਾ ਇਲਾਜ ਉਦੋਂ ਸ਼ੁਰੂ ਕਰਵਾਇਆ, ਜਦੋਂ ਉਸ ਨੂੰ ਡਾਕਟਰਾਂ ਨੇ ਚਿਤਾਵਨੀ ਦਿੱਤੀ ਕਿ ਜੇ ਉਸ ਨੇ ਹੁਣ ਵੀ ਖੇਡ ਜੇਰੀ ਰੱਖੀ ਤਾਂ ਉਹ ਨਹੀਂ ਬਚੇਗਾ।

ਕੈਂਸਰ ਦੇ ਇਲਾਜ ਤੋਂ ਬਾਅਦ ਉਭਰਦਿਆਂ ਯੁਵਰਾਜ ਨੇ 2012 ਵਿੱਚ ਟਵੰਟੀ-20 ਟੀਮ ਵਿੱਚ ਵਾਪਸੀ ਕਰਦਿਆਂ ਆਪਣੇ ਪਹਿਲੇ ਮੈਚ ਵਿੱਚ ਨਿਊਜ਼ੀਲੈਂਡ ਖਿਲਾਫ 26 ਗੇਂਦਾਂ ਉਤੇ 34 ਦੌੜਾਂ ਦੀ ਪਾਰੀ ਖੇਡੀ। 2013 ਵਿੱਚ ਇੱਕ ਰੋਜ਼ਾ ਕ੍ਰਿਕਟ ਵਿੱਚ ਵਾਪਸੀ ਕਰਦਿਆਂ ਆਸਟਰੇਲੀਆ ਵਿਰੁੱਧ 35 ਗੇਂਦਾਂ ਉਤੇ 77 ਦੌੜਾਂ ਦੀ ਪਾਰੀ ਖੇਡੀ। 2016-17 ਰਣਜੀ ਸੈਸ਼ਨ ਵਿੱਚ ਯੁਵਰਾਜ ਦਾ ਬੱਲਾ ਇੱਕ ਵਾਰ ਫੇਰ ਚਮਕਿਆ। ਪੰਜਾਬ ਵੱਲੋਂ ਖੇਡਦਿਆਂ ਪੰਜ ਮੈਚਾਂ ਵਿੱਚ ਕੁੱਲ 672 ਦੌੜਾਂ ਬਣਾਈਆਂ, ਜਿਨ੍ਹਾਂ ਵਿੱਚੋਂ ਬੜੌਦਾ ਖਿਲਾਫ ਖੇਡੀ 260 ਦੌੜਾਂ ਦੀ ਪਾਰੀ ਵੀ ਸ਼ਾਮਲ ਹੈ। ਯੁਵਰਾਜ ਸਿੰਘ ਨੇ 2017 ਵਿੱਚ ਭਾਰਤੀ ਟੀਮ ਵਿੱਚ ਵਾਪਸੀ ਕੀਤੀ। ਛੇ ਵਰ੍ਹਿਆਂ ਬਾਅਦ ਸੈਂਕੜਾ ਲਗਾ ਕੇ ਇਸ ਵਾਪਸੀ ਨੂੰ ਧਮਾਕੇਦਾਰ ਬਣਾਇਆ। ਕਟਕ ਵਿਖੇ 150 ਦੌੜਾਂ ਦੀ ਪਾਰੀ ਖੇਡੀ। 2014 ਵਿੱਚ ਆਈ.ਪੀ.ਐਲ. ਦੀ ਬੋਲੀ ਵਿੱਚ ਰਾਇਲ ਚੈਲੇਂਜਰਜ਼ ਬੰਗਲੌਰ ਨੇ ਉਸ ਨੂੰ 14 ਕਰੋੜ ਅਤੇ 2015 ਵਿੱਚ ਦਿੱਲੀ ਡੇਅਰਡੈਵਲਿਜ਼ ਨੇ 16 ਕਰੋੜ ਰੁਪਏ ਵਿੱਚ ਖਰੀਦਿਆ। ਉਸ ਵੇਲੇ ਇਹ ਆਈ.ਪੀ.ਐਲ. ਇਤਿਹਾਸ ਦੀ ਸਭ ਤੋਂ ਵੱਡੀ ਬੋਲੀ ਸੀ।

ਇਕ ਰੋਜ਼ਾ ਕ੍ਰਿਕਟ ਵਿੱਚ ਯੁਵਰਾਜ ਨੇ 304 ਮੈਚਾਂ ਵਿੱਚ 36.55 ਦੀ ਔਸਤ ਅਤੇ 87.67 ਦੀ ਸਟਰਾਈਕ ਰੇਟ ਨਾਲ ਕੁੱਲ 8701 ਦੌੜਾਂ ਬਣਾਈਆਂ, ਜਿਸ ਵਿੱਚ 14 ਸੈਂਕੜੇ ਤੇ 52 ਅਰਧ ਸੈਂਕੜੇ ਸ਼ਾਮਲ ਹਨ। ਬਤੌਰ ਗੇਂਦਬਾਜ਼ 111 ਵਿਕਟਾਂ ਅਤੇ ਫੀਲਡਰ ਵਜੋਂ 94 ਕੈਚ ਵੀ ਲਪਕੇ। ਯੁਵਰਾਜ ਨੇ 40 ਟੈਸਟ ਖੇਡਦਿਆਂ 1900 ਦੌੜਾਂ ਬਣਾਈਆਂ। ਤਿੰਨ ਸੈਂਕੜੇ ਵੀ ਜੜੇ, ਜੋ ਤਿੰਨੇ ਹੀ ਪਾਕਿਸਤਾਨ ਖਿਲਾਫ ਸਨ। 11 ਅਰਧ ਸੈਂਕੜੇ ਵੀ ਲਗਾਏ। ਟੈਸਟ ਕ੍ਰਿਕਟ ਵਿੱਚ ਯੁਵਰਾਜ ਨੇ ਦੋ ਇਤਿਹਾਸਕ ਪਾਰੀਆਂ ਖੇਡੀਆਂ। ਪਾਕਿਸਤਾਨ ਖਿਲਾਫ ਲਾਹੌਰ ਟੈਸਟ ਵਿੱਚ 112 ਦੌੜਾਂ ਅਤੇ 2008 ਵਿੱਚ ਚੇਨੱਈ ਵਿਖੇ ਇੰਗਲੈਂਡ ਖਿਲਾਫ 85 ਦੌੜਾਂ ਦੀ ਪਾਰੀ। ਟਵੰਟੀ-20 ਕੌਮਾਂਤਰੀ ਕ੍ਰਿਕਟ ਵਿੱਚ ਉਸ ਨੇ 58 ਮੈਚਾਂ ਵਿੱਚ 136.38 ਦੀ ਸਟਰਾਈਕ ਰੇਟ ਨਾਲ 1177 ਦੌੜਾਂ ਬਣਾਈਆਂ।




ਯੁਵਰਾਜ ਨੂੰ ਕ੍ਰਿਕਟ ਤੋਂ ਸੰਨਿਆਸ ਦਾ ਐਲਾਨ ਖੇਡ ਮੈਦਾਨ ਦੀ ਬਜਾਏ ਮੁੰਬਈ ਵਿਖੇ ਇੱਕ ਪ੍ਰੈਸ ਕਾਨਫਰੰਸ ਦੌਰਾਨ ਕਰਨਾ ਪਿਆ। ਇਹੋ ਦੁੱਖ ਉਸ ਵੇਲੇ ਉਸ ਦੀ ਗੱਲਬਾਤ ਵਿੱਚੋਂ ਝਲਕ ਰਿਹਾ ਸੀ ਕਿ ਖੇਡ ਮੈਦਾਨ 'ਤੇ ਵੱਡੀਆਂ ਟੀਮਾਂ ਦੇ ਕਹਿੰਦੇ ਕਹਾਉਂਦੇ ਗੇਂਦਬਾਜ਼ਾਂ ਦੇ ਛੱਕੇ ਛੁਡਾ ਕੇ ਹਰ ਮੈਦਾਨ ਫਤਹਿ ਕਰਨ ਵਾਲਾ ਜੁਝਾਰੂ ਬੱਲੇਬਾਜ਼ ਮੈਦਾਨ ਤੋਂ ਆਪਣੀ ਮਹਿਬੂਬ ਖੇਡ ਨੂੰ ਅਲਵਿਦਾ ਨਾ ਕਹਿ ਸਕਿਆ। ਸੁਨੀਲ ਗਾਵਸਕਰ, ਸਚਿਨ ਤੇਂਦੁਲਕਰ, ਅਨਿਲ ਕੁੰਬਲੇ, ਸੌਰਵ ਗਾਂਗੁਲੀ ਵਰਗੇ ਖਿਡਾਰੀਆਂ ਵਾਂਗ ਯੁਵਰਾਜ ਨੂੰ ਖੇਡ ਮੈਦਾਨ ਤੋਂ ਸੁਪਨਮਈ ਵਿਦਾਇਗੀ ਨਹੀਂ ਮਿਲੀ।

ਆਪਣੇ ਪਿਤਾ ਯੋਗਰਾਜ ਤੋਂ ਇਲਾਵਾ ਕੋਚ ਸੁਖਵਿੰਦਰ ਬਾਵਾ ਨੂੰ ਆਪਣਾ ਗੁਰੂ ਮੰਨਣ ਵਾਲਾ ਯੁਵਰਾਜ ਭਾਰਤੀ ਟੀਮ ਵਿਚ ਹਰਭਜਨ ਸਿੰਘ, ਜ਼ਹੀਰ ਖਾਨ ਤੇ ਆਸ਼ੀਸ਼ ਨਹਿਰਾ ਨੂੰ ਵਧੀਆ ਸਾਥੀ ਮੰਨਦਾ। ਸਚਿਨ ਤੇਂਦੁਲਕਰ ਤੇ ਸੌਰਵ ਗਾਂਗੁਲੀ ਨੂੰ ਉਹ ਸਦਾ ਸਤਿਕਾਰ ਦਾ ਦਰਜਾ ਦਿੰਦਾ ਹੈ। ਯੁਵਰਾਜ ਦਾ ਵਿਆਹ ਬਾਲੀਵੁੱਡ ਅਭਿਨੇਤਰੀ ਹੇਜਲ ਕੀਚ ਨਾਲ ਹੋਇਆ। ਉਸ ਦੇ ਇੱਕ ਬੇਟਾ ਤੇ ਇੱਕ ਬੇਟੀ ਹੈ।

# ਰੱਖਿਆ ਬਜਟ ਅਤੇ ਸੁਰੱਖਿਆ ਚੁਣੌਤੀਆਂ

**ਭਾਰਤ ਵੱਲੋਂ 31 ਐੱਮ.ਕਿਊ. 9ਬੀ ਹਥਿਆਰਬੰਦ ਡਰੋਨ ਖਰੀਦਣ ਦੀ ਯੋਜਨਾ, ਅੰਦਾਜ਼ਨ ਕੀਮਤ 4 ਅਰਬ ਡਾਲਰ**

**ਮਸਲੇ**

ਸੀ ਉਦੈ ਭਾਸਕਰ

ਵਿੱਤੀ ਸਾਲ 2024-25 ਦੇ ਅੰਤ੍ਰਿਮ ਬਜਟ ਵਿੱਚ ਰੱਖਿਆ ਲਈ 6.21 ਲੱਖ ਕਰੋੜ ਰੁਪਏ ਰੱਖੇ ਗਏ ਹਨ। ਭਾਰਤੀ ਰੱਖਿਆ ਮੰਤਰਾਲੇ ਦੇ ਬਿਆਨ ਵਿੱਚ ਇਸ ਨੂੰ ਰਿਕਾਰਡ ਬਜਟ ਦੱਸਿਆ ਗਿਆ ਹੈ ਅਤੇ ਕਿਹਾ ਗਿਆ ਹੈ ਕਿ ਵਿੱਤੀ ਸਾਲ 2023-24 ਦੇ ਰੱਖਿਆ ਬਜਟ ਨਾਲੋਂ ਇਸ ਵਿੱਚ 4.72 ਫ਼ੀਸਦ ਵਾਧਾ ਕੀਤਾ ਗਿਆ ਹੈ; ਫ਼ੌਜੀ ਸਾਜ਼ੋ-ਸਾਮਾਨ ਦੇ ਆਧੁਨਿਕੀਕਰਨ ਦੇ ਅਹਿਮ ਕਾਰਕ ਪੂੰਜੀ ਖਰਚ ਦੇ ਤੌਰ 'ਤੇ 1.72 ਲੱਖ ਕਰੋੜ ਰੁਪਏ ਵੱਖਰੇ ਰੱਖੇ ਗਏ ਹਨ, ਜੋ ਰੱਖਿਆ ਬਜਟ ਦਾ 27.67 ਫ਼ੀਸਦ ਬਣਦਾ ਹੈ। ਇਨ੍ਹਾਂ ਅੰਕੜਿਆਂ ਦੇ ਪੇਸ਼ੇਨਜ਼ਰ ਭਾਰਤ ਨੇ ਅਮਰੀਕਾ ਦੀ ਕੰਪਨੀ ਜਨਰਲ ਅਟੌਮਿਕਸ ਏਅਰੋਨੌਟਿਕਲ ਸਿਸਟਮਜ਼ ਤੋਂ 31 ਐੱਮ.ਕਿਊ. 9ਬੀ ਹਥਿਆਰਬੰਦ ਡਰੋਨ ਖਰੀਦਣ ਦੀ ਯੋਜਨਾ ਬਣਾਈ ਹੈ, ਜਿਨ੍ਹਾਂ ਦੀ ਅੰਦਾਜ਼ਨ ਕੀਮਤ 4 ਅਰਬ ਡਾਲਰ ਬਣਦੀ ਹੈ। ਭਾਰਤੀ ਕਰੰਸੀ ਵਿੱਚ ਇਹ ਕੀਮਤ 33,000 ਕਰੋੜ ਰੁਪਏ ਬਣਦੀ ਹੈ ਅਤੇ ਇਸ ਦੀ ਅਦਾਇਗੀ ਕੁਝ ਸਾਲਾਂ ਦੇ ਆਪਸੀ ਸਹਿਮਤੀ ਦੇ ਅਰਸੇ ਦੌਰਾਨ ਕੀਤੀ ਜਾਵੇਗੀ।

ਕਿਸੇ ਵੀ ਦੇਸ਼ ਵੱਲੋਂ ਆਪਣੀ ਰੱਖਿਆ ਤਿਆਰੀਆਂ ਨੂੰ ਢੁਕਵੇਂ ਅਤੇ ਹੰਢਣਸਾਰ ਢੰਗ ਨਾਲ ਪੂਰੀਆਂ ਕਰਨਾ ਜਟਿਲ ਅਤੇ ਖਰਚੀਲੀ ਪ੍ਰਕਿਰਿਆ ਹੁੰਦੀ ਹੈ। ਰੱਖਿਆ ਬਜਟ ਦਾ ਮੁਲੰਕਣ ਕਰਨ ਦੇ ਬਹੁਤ ਸਾਰੇ ਸੂਚਕ ਹੁੰਦੇ ਹਨ। ਇਸ ਦਾ ਰਾਹ ਦਰਸਾਊ ਸਿਧਾਂਤ ਇਹ ਹੈ ਕਿ ਲੋਕਰਾਜੀ ਢਾਂਚਿਆਂ ਵਿੱਚ ਹਰੇਕ ਦੇਸ਼ ਅਤੇ ਇਸ ਦੀ ਚੁਣੀ ਹੋਈ ਸਰਕਾਰ ਜਾਂ ਨਿਰੰਕੁਸ਼ ਸ਼ਾਸਨਾਂ ਵਿੱਚ ਸੱਤਾ ਦੇ ਕੁਲੀਨ ਵਰਗਾਂ ਨੂੰ ਇਹ ਫ਼ੈਸਲਾ ਕਰਨਾ ਪੈਂਦਾ ਹੈ ਕਿ ਉਹ ਆਪੋ-ਆਪਣੀ ਫ਼ੌਜੀ ਕਾਬਲੀਅਤ ਉਪਰ ਕਿੰਨਾ ਖਰਚ ਕਰਨ ਲਈ ਤਿਆਰ ਹਨ। ਇਸ ਮੁਤੱਲਕ ਕੁੱਲ ਘਰੇਲੂ ਪੈਦਾਵਾਰ (ਜੀ.ਡੀ.ਪੀ.) ਦੇ ਅਨੁਪਾਤ ਵਿੱਚ ਰੱਖੀ ਗਈ ਕੁੱਲ ਰਕਮ ਇਕ ਲਾਹੇਵੰਦ ਪੈਮਾਨਾ ਹੁੰਦਾ ਹੈ।

ਸਟਾਕਹੋਮ ਇੰਟਰਨੈਸ਼ਨਲ ਪੀਸ ਰਿਸਰਚ ਇੰਸਟੀਚਿਊਟ (ਐੱਸ.ਆਈ.ਪੀ.ਆਰ.ਆਈ.-ਸਿਪਰੀ) ਮੁਤਾਬਕ ਸੰਨ 2022 ਵਿੱਚ ਪ੍ਰਮੁੱਖ ਦੇਸ਼ਾਂ ਵਿੱਚ ਜੀ.ਡੀ.ਪੀ. ਦੇ ਲਿਹਾਜ਼ ਤੋਂ ਇਹ ਅਨੁਪਾਤ ਵਿੱਚ ਕਾਫ਼ੀ ਅੰਤਰ ਪਾਇਆ ਜਾਂਦਾ ਹੈ। ਮਸਲਨ, ਇੰਡੋਨੇਸ਼ੀਆ ਵਿੱਚ ਰੱਖਿਆ ਬਜਟ ਉਸ ਦੀ ਜੀ.ਡੀ.ਪੀ. ਦੇ 0.6 ਫ਼ੀਸਦ ਤੋਂ ਲੈ ਕੇ ਸਾਊਦੀ ਅਰਬ ਵਿੱਚ 7.4 ਫ਼ੀਸਦ ਤੱਕ ਹੈ। ਭਾਰਤ ਵੱਲੋਂ ਆਪਣੀ ਜੀ.ਡੀ.ਪੀ. ਦਾ 2.4 ਫ਼ੀਸਦ ਹਿੱਸਾ ਫ਼ੌਜੀ ਮੰਤਵਾਂ 'ਤੇ ਸਾਲਾਨਾ ਖਰਚ ਕੀਤਾ ਜਾਂਦਾ ਹੈ, ਜੋ ਕਿ 81.4 ਅਰਬ ਡਾਲਰ (ਭਾਵ 6 ਲੱਖ 72 ਹਜ਼ਾਰ ਕਰੋੜ ਰੁਪਏ) ਬਣਦਾ ਹੈ। ਫ਼ੌਜੀ ਖਰਚ ਦੇ ਲਿਹਾਜ਼ ਤੋਂ ਸਿਪਰੀ ਦੀ ਸੂਚੀ ਵਿਚ ਭਾਰਤ ਚੌਥੇ ਸਥਾਨ 'ਤੇ ਹੈ, ਜਿਸ ਵਿਚ ਸਭ ਤੋਂ ਉਪਰ ਅਮਰੀਕਾ (877 ਅਰਬ ਡਾਲਰ) ਅਤੇ ਦੂਜੇ ਨੰਬਰ 'ਤੇ ਚੀਨ (292 ਅਰਬ ਡਾਲਰ) ਅਤੇ ਤੀਜੇ ਨੰਬਰ 'ਤੇ ਰੂਸ (86.4 ਅਰਬ ਡਾਲਰ) ਬਣੇ ਹੋਏ ਹਨ।



ਸਰਹੱਦਾਂ ਦੀ ਰਾਖੀ ਲਈ ਤਾਇਨਾਤ ਕੇਂਦਰੀ ਪੁਲੀਸ ਬਲਾਂ ਦੇ ਖਰਚ ਰੱਖਿਆ ਬਜਟ ਤੋਂ ਵੱਖਰਾ ਹੁੰਦਾ ਹੈ, ਕਿਉਂਕਿ ਇਹ ਬਲ ਗ੍ਰਹਿ ਮੰਤਰਾਲੇ ਅਧੀਨ ਆਉਂਦੇ ਹਨ। ਇਸ ਕਰ ਕੇ ਤਿੰਨ ਹਥਿਆਰਬੰਦ ਬਲਾਂ, ਕੋਸਟ ਗਾਰਡ, ਰੱਖਿਆ ਖੋਜ ਅਤੇ ਵਿਕਾਸ ਸੰਸਥਾ (ਡੀ.ਆਰ.ਡੀ.ਓ.) ਅਤੇ ਰੱਖਿਆ ਜਨਤਕ ਖੇਤਰ ਦੇ ਅਦਾਰਿਆਂ ਅਤੇ ਫੈਕਟਰੀਆਂ 'ਤੇ ਆਧਾਰਿਤ ਭਾਰਤੀ ਰੱਖਿਆ ਤੰਤਰ ਲਈ ਅਸਲ ਬਜਟ ਵਿੱਚ ਸਿਪਰੀ ਦੇ ਅੰਕੜਿਆਂ ਵਿਚਕਾਰ ਅੰਤਰ ਹੈ।

ਇਸ ਪਿਛੋਕੜ ਦੇ ਮੱਦੇਨਜ਼ਰ ਚਲੰਤ ਰੱਖਿਆ ਬਜਟ ਦੀ ਵਧੇਰੇ ਬਾਰੀਕ ਪੜ੍ਹਤ ਤੋਂ ਪਿਛਲੇ ਦਹਾਕੇ ਦੇ ਉਨ੍ਹਾਂ ਢਾਂਚਾਗਤ ਰੁਝਾਨਾਂ ਵੱਲ ਧਿਆਨ ਜਾਂਦਾ ਹੈ, ਜਿਨ੍ਹਾਂ ਤੋਂ ਪਤਾ ਲਗਦਾ ਹੈ ਕਿ ਭਾਰਤ ਦੇ ਰੱਖਿਆ ਖਰਚ ਦੀ ਤਸਵੀਰ ਬਹੁਤੀ ਵਧੀਆ ਨਹੀਂ ਹੈ। ਸਾਲ 2024-25 ਦੇ ਚਲੰਤ ਬਜਟ ਅਨੁਮਾਨ ਵਿੱਚ ਸਾਲ 2023-24 ਦੇ ਬਜਟ ਅਨੁਮਾਨ ਨਾਲੋਂ 5 ਫ਼ੀਸਦ ਦਾ ਵਾਧਾ ਕੀਤਾ ਗਿਆ ਹੈ, ਪਰ ਇਸ ਨਾਲ ਤਾਂ ਮਹਿੰਗਾਈ ਦਰ ਦੇ ਵਾਧੇ ਦੀ ਵੀ ਭਰਪਾਈ ਨਹੀਂ ਹੋ ਸਕੇਗੀ। ਉਸ ਹੱਦ ਤੱਕ, ਜਦੋਂ ਅੱਗੇ ਚੱਲ ਕੇ ਨਵੀਂ ਸਰਕਾਰ ਸੱਤਾ ਸੰਭਾਲੇਗੀ ਤਾਂ ਇਸ ਨੂੰ ਇਕ ਅੰਤ੍ਰਿਮ ਤੇ ਸਥਾਈ ਰਕਮ ਵਜੋਂ ਦੇਖਿਆ ਜਾ ਸਕਦਾ ਹੈ। ਉਂਝ, ਜ਼ਿਆਦਾ ਦਿੱਕਤ ਜੀ.ਡੀ.ਪੀ. ਦੇ ਅਨੁਪਾਤ ਵਿੱਚ ਰੱਖਿਆ ਬਜਟ ਦੇ ਪੈਟਰਨ ਦੀ ਹੈ। ਪੀ.ਆਰ.ਐੱਸ. ਲੈਜਿਸਲੇਟਿਵ ਰਿਸਰਚ ਰਿਪੋਰਟ ਮੁਤਾਬਕ ਵਿੱਤੀ ਸਾਲ 2023-24 ਵਿੱਚ ਰੱਖਿਆ ਬਜਟ ਵਿੱਚ ਵਾਧਾ ਮਹਿਜ਼ 1.97 ਫ਼ੀਸਦ ਸੀ। ਇਸ ਤੋਂ ਸਾਲ 2018 ਦਾ ਚੇਤਾ ਆਉਂਦਾ ਹੈ, ਜਦੋਂ ਰੱਖਿਆ ਬਾਰੇ ਸਥਾਈ ਕਮੇਟੀ ਨੇ ਸੁਝਾਅ ਦਿੱਤਾ ਸੀ ਕਿ ਰੱਖਿਆ ਮੰਤਰਾਲੇ ਨੂੰ ਜੀ.ਡੀ.ਪੀ. ਦੇ ਤਿੰਨ ਫ਼ੀਸਦ ਹਿੱਸੇ ਦੇ ਤੁਲ ਬਜਟ ਦਿੱਤਾ ਜਾਣਾ ਚਾਹੀਦਾ ਹੈ ਤਾਂ ਕਿ ਹਥਿਆਰਬੰਦ ਦਸਤਿਆਂ ਦੀ ਢੁਕਵੀਂ ਤਿਆਰੀ ਯਕੀਨੀ ਬਣਾਈ ਜਾ ਸਕੇ, ਪਰ ਇਹ ਸਿਫ਼ਾਰਸ਼ ਸਰਕਾਰ ਨੇ ਪ੍ਰਵਾਨ ਨਹੀਂ ਕੀਤੀ ਸੀ।

ਪਿਛਲੇ ਦਹਾਕੇ ਦੀ ਪਹਿਲੀ ਰੁਝਾਨ ਰੇਖਾ ਇਹ ਹੈ ਕਿ ਰੱਖਿਆ ਖਰਚ ਜੋ ਸਾਲ 2013-14 ਵਿੱਚ ਜੀ.ਡੀ.ਪੀ. ਦਾ 2.2 ਫ਼ੀਸਦ ਸੀ, ਘਟ ਕੇ 2 ਫ਼ੀਸਦ ਤੋਂ ਹੇਠਾਂ ਆ ਗਿਆ (ਸਿਰਫ਼ ਇਕ ਸਾਲ ਵਿੱਚ ਥੋੜ੍ਹੇ ਜਿਹੇ ਵਾਧੇ ਨੂੰ ਛੱਡ ਕੇ ਜਦੋਂ 'ਇੱਕ ਰੈਂਕ ਇੱਕ ਪੈਨਸ਼ਨ' ਅਤੇ ਕੋਵਿਡ-19 ਮਹਾਮਾਰੀ ਕਰ ਕੇ ਅਦਾਇਗੀਆਂ ਨੱਥੀ ਕੀਤੀਆਂ ਗਈਆਂ ਸਨ ਜਾਂ ਇਨ੍ਹਾਂ ਵਿੱਚ ਦੇਰੀ ਹੋ ਗਈ ਸੀ)। ਸਿਆਸੀ ਤਰਜੀਹਾਂ ਦੇ ਮੱਦੇਨਜ਼ਰ ਇਸ ਅੰਕੜੇ ਵਿੱਚ ਕਿਸੇ ਵੀ ਢੰਗ ਨਾਲ ਵਾਧਾ ਹੁੰਦਾ ਨਜ਼ਰ ਨਹੀਂ ਆ ਰਿਹਾ। ਇਸ ਨਾਲ ਫ਼ੌਜੀ ਭੰਡਾਰਾਂ ਦੇ ਆਧੁਨਿਕੀਕਰਨ 'ਤੇ ਕਿਹੋ ਜਿਹਾ ਅਸਰ ਪੈਂਦਾ ਹੈ, ਜਿਸ ਨਾਲ ਮੋਤਵੇਂ ਰੂਪ ਵਿੱਚ ਕਿਵੇਂ ਭਾਰਤੀ ਫ਼ੌਜ ਦੀਆਂ ਯੁੱਧ ਦੀਆਂ ਤਿਆਰੀਆਂ ਦੀ ਯੋਗਤਾ ਤੈਅ ਹੁੰਦੀ ਹੈ? ਬਜਟ ਅਨੁਮਾਨ ਦਾ ਪੂੰਜੀ ਕਾਰਕ ਇਸ ਦਾ ਚੰਗਾ ਸੂਚਕ ਹੈ ਅਤੇ ਇੱਥੇ ਵੀ ਉਤਸ਼ਾਹਵਰਧਕ ਰੁਝਾਨ ਨਜ਼ਰ ਨਹੀਂ ਆਉਂਦਾ।

ਚਲੰਤ ਪੂੰਜੀ ਖਰਚ 1.72 ਲੱਖ ਕਰੋੜ ਰੁਪਏ ਰੱਖਿਆ ਗਿਆ ਹੈ। ਇਸ ਅੰਕੜੇ ਨੂੰ ਦੋ ਢੰਗਾਂ ਨਾਲ ਵੇਖਿਆ ਜਾ ਸਕਦਾ ਹੈ। ਪਹਿਲਾ ਪੂੰਜੀ ਖਰਚ ਵਿੱਚ ਹੌਲੀ ਹੌਲੀ ਕਮੀ ਨੂੰ ਦਰਸਾਉਂਦਾ ਹੈ। ਪੀ.ਆਰ.ਐੱਸ. ਰਿਪੋਰਟ (ਫਰਵਰੀ 2023) ਵਿੱਚ ਇਹ ਦਰਜ ਕੀਤਾ ਗਿਆ ਹੈ ਕਿ ਸਾਲ 2013-14 ਵਿੱਚ ਇਹ ਰੱਖਿਆ ਬਜਟ ਦਾ 32 ਫ਼ੀਸਦ ਬਣਦਾ ਸੀ, ਜੋ ਸਾਲ 2023-24 ਵਿੱਚ ਘਟ ਕੇ 29 ਫ਼ੀਸਦ ਰਹਿ ਗਿਆ ਹੈ।

ਇਸ ਤੋਂ ਇਲਾਵਾ ਇਸ ਤੱਥ ਦੇ ਮੱਦੇਨਜ਼ਰ ਕਿ ਭਾਰਤ ਹਥਿਆਰਾਂ ਅਤੇ ਹੋਰ ਸਾਜ਼ੋ-ਸਾਮਾਨ ਦੇ ਸਭ ਤੋਂ ਵੱਡੇ ਖਰੀਦਾਰਾਂ 'ਚ ਸ਼ੁਮਾਰ ਹੈ ਅਤੇ ਡਾਲਰ ਦੇ ਮੁਕਾਬਲੇ ਰੁਪਏ ਦੀ ਘਟਦੀ ਕੀਮਤ ਇਸ ਗੱਲ ਦਾ ਸੰਕੇਤ ਹੈ ਕਿ ਦਰਅਸਲ ਆਲਮੀ ਮੰਡੀ ਵਿੱਚ ਭਾਰਤ ਕਿੰਨੀ ਕੁ ਖਰੀਦ ਕਰਨ ਦੇ ਸਮੱਰਥ ਹੈ। ਸਾਲ 2014 ਵਿੱਚ ਡਾਲਰ ਦੇ ਮੁਕਾਬਲੇ ਰੁਪਏ ਦੀ ਕੀਮਤ 60.95 ਰੁਪਏ ਸੀ, ਜੋ 10 ਜਨਵਰੀ 2024 ਨੂੰ 83.10 ਰੁਪਏ ਤੱਕ ਪਹੁੰਚ ਗਈ ਸੀ। ਇਸ ਤਰ੍ਹਾਂ ਜਦੋਂ ਪਿਛਲੀਆਂ ਅਤੇ ਨਵੀਆਂ ਖਰੀਦਦਾਰੀਆਂ ਦਾ ਭੁਗਤਾਨ ਕੀਤਾ ਜਾਵੇਗਾ ਤਾਂ ਰੁਪਏ ਦੀ ਵਿਦੇਸ਼ੀ ਮੁਦਰਾ ਵਟਾਂਦਰਾ ਕੀਮਤ ਆਪਣੇ ਆਪ ਥੱਲੇ ਚਲੀ ਜਾਵੇਗੀ। ਸੰਸਦ ਮੈਂਬਰਾਂ ਨੂੰ ਇਸ ਗੱਲ ਦਾ ਸਿਹਰਾ ਜਾਂਦਾ ਹੈ ਕਿ ਉਨ੍ਹਾਂ ਇਸ ਗੱਲ ਵੱਲ ਧਿਆਨ ਖਿਚਿਆ ਸੀ ਕਿ ਭਾਰਤੀ ਫ਼ੌਜ ਦੇ ਰੱਖਿਆ ਭੰਡਾਰ ਬਹੁਤ ਜ਼ਿਆਦਾ ਪੁਰਾਣੇ ਹੋ ਚੁੱਕੇ ਹਨ। ਸਾਲ 2018 ਵਿੱਚ ਰੱਖਿਆ ਬਾਰੇ ਸਥਾਈ ਕਮੇਟੀ ਨੇ ਖ਼ਬਰਦਾਰ ਕੀਤਾ ਸੀ ਕਿ ਕਿਸੇ ਆਧੁਨਿਕ ਫ਼ੌਜ ਨੂੰ ਆਪਣੇ ਸਾਜ਼ੋ-ਸਾਮਾਨ ਦੇ ਤਿੰਨਾਂ ਵਰਗਾਂ (ਪੁਰਾਤਨ, ਚਲੰਤ ਤੇ ਨਵੀਨਤਮ) ਦਾ ਇੱਕੋ ਜਿਹਾ ਅਨੁਪਾਤ (ਹਰੇਕ ਦਾ 33.3 ਫ਼ੀਸਦ) ਰੱਖਣਾ ਜ਼ਰੂਰੀ ਹੈ ਤਾਂ ਭਾਰਤੀ ਫ਼ੌਜ ਦੇ ਰੱਖਿਆ ਭੰਡਾਰ ਦਾ 68 ਫ਼ੀਸਦ ਸਾਜ਼ੋ-ਸਾਮਾਨ ਪੁਰਾਤਨ ਹੈ, 24 ਫ਼ੀਸਦ ਚਲੰਤ ਅਤੇ ਸਿਰਫ਼ 8 ਫ਼ੀਸਦ ਸਾਜ਼ੋ-ਸਾਮਾਨ ਹੀ ਨਵੀਨਤਮ ਵਰਗ ਵਿੱਚ ਆਉਂਦਾ ਹੈ।

ਜੇ ਭਾਰਤ ਨੇ ਨੇੜ ਭਵਿੱਖ ਵਿੱਚ ਆਉਣ ਵਾਲੀਆਂ ਬਹੁਤ ਸਾਰੀਆਂ ਚੁਣੌਤੀਆਂ ਨਾਲ ਸਿੱਝਣਾ ਹੈ ਤਾਂ ਅਗਲੀ ਸਰਕਾਰ ਨੂੰ ਉਚੇਰੀ ਰੱਖਿਆ ਨੀਤੀ ਅਤੇ ਸਰੋਤਾਂ ਦੀ ਵੰਡ ਵਿਚਲੇ ਇਨ੍ਹਾਂ ਵੱਡੇ ਖੱਪਿਆਂ ਨੂੰ ਭਰਨਾ ਪਵੇਗਾ। ਕੌਮੀ ਸੁਰੱਖਿਆ ਦੇ ਮਾਮਲਿਆਂ ਵਿੱਚ ਖੁਸ਼ਫਹਿਮੀਆਂ ਬਹੁਤ ਘਾਤਕ ਸਿੱਧ ਹੁੰਦੀਆਂ ਹਨ ਜਿਵੇਂ ਅਕਤੂਬਰ 1962 ਦੀਆਂ ਘਟਨਾਵਾਂ ਨੇ ਦਰਸਾਇਆ ਸੀ।

# ਇਜ਼ਰਾਇਲ-ਫਲਿਸਤੀਨ ਟਕਰਾਅ: ਪਿਛੋਕੜ ਤੇ ਤੀਜੀ ਧਿਰ

ਪ੍ਰੋ. ਸੁਖਦੇਵ ਸਿੰਘ

ਇਜ਼ਰਾਇਲ-ਫਲਿਸਤੀਨ ਜੰਗ ਦਾ ਤੁਰੰਤ ਪਹਿਲਾਂ ਅਤੇ ਲੰਮਾ ਸਮਾਂ ਪਹਿਲਾਂ ਦਾ ਇਤਿਹਾਸ ਹੈ: ਜੰਗ ਤੋਂ ਤੁਰੰਤ ਪਹਿਲਾਂ ਦਾ ਇਤਿਹਾਸ 7 ਅਕਤੂਬਰ ਨੂੰ ਹਮਾਸ ਵੱਲੋਂ ਇਜ਼ਰਾਇਲ ਉੱਤੇ ਹਮਲੇ ਦੌਰਾਨ 1200 ਲੋਕਾਂ ਨੂੰ ਮਾਰਨ ਅਤੇ 120 ਨੂੰ ਬੰਦੀ ਬਣਾ ਲੈਣ ਦਾ ਹੈ, ਪਰ ਇਸ ਦਾ ਲੰਮਾ ਇਤਿਹਾਸ ਇਸ ਖਿੱਤੇ ਵਿੱਚ ਯਹੂਦੀ, ਇਸਲਾਮ ਅਤੇ ਈਸਾਈ ਧਰਮਾਂ ਦਾ ਜਨਮ ਸਥਾਨ ਮੰਨੇ ਜਾਂਦੇ ਸ਼ਹਿਰ ਯੇਰੂਸ਼ਲਮ ਸਥਿਤ ਹੋਣ ਦੇ ਹਵਾਲੇ ਵਜੋਂ ਇੱਥੇ ਯਹੂਦੀ ਵਤਨ ਇਜ਼ਰਾਇਲ ਉਸਾਰਨ ਦੇ ਮਨਸ਼ੇ ਨਾਲ ਯੂਰਪ ਤੋਂ ਉਜਾੜ ਕੇ ਯਹੂਦੀਆਂ ਨੂੰ ਇੱਥੇ ਆਵਾਸ ਲਈ ਪ੍ਰੇਰਨ ਅਤੇ ਉਤਸ਼ਾਹਿਤ ਕਰਨ ਨਾਲ ਸ਼ੁਰੂ ਹੋਇਆ। ਯਹੂਦੀ ਵਤਨ ਇਜ਼ਰਾਇਲ ਅਤੇ ਯਹੂਦੀ ਇਜ਼ਰਾਇਲ ਰਾਸ਼ਟਰਵਾਦ ਦੇ ਉਭਾਰ ਨੇ ਇਸ ਨੂੰ ਪਰੰਪਰਕ ਫਲਿਸਤੀਨ ਦੀ ਮੁਸਲਿਮ, ਯਹੂਦੀ ਅਤੇ ਈਸਾਈ ਆਬਾਦੀ ਦੇ ਫਲਿਸਤੀਨੀ-ਅਰਬ ਰਾਸ਼ਟਰਵਾਦ ਨਾਲ ਟਕਰਾਅ ਵਿੱਚ ਖੜ੍ਹਾ ਕਰ ਦਿੱਤਾ।

ਇਜ਼ਰਾਇਲ-ਫਲਿਸਤੀਨ 'ਟਕਰਾਅ' ਦਾ ਮੁੱਢ ਪਹਿਲੀ ਸੰਸਾਰ ਜੰਗ ਦੌਰਾਨ ਬਰਤਾਨਵੀ ਅਧਿਕਾਰੀਆਂ ਦੇ ਮੁਫਾਦ ਅਤੇ ਸਾਮਰਾਜਵਾਦੀ ਨੀਤੀਆਂ ਲਈ ਤੀਹਰੇ ਆਪਾ-ਵਿਰੋਧੀ ਸਮਝੌਤਿਆਂ- 'ਹੁਸੈਨ-ਮੈਕਮੋਹਨ ਪੱਤਰ-ਵਿਹਾਰ', 'ਸਾਈਕਸ-ਪਿਕੋਟ ਸਮਝੌਤਾ' ਅਤੇ 'ਬਲਫੋਰ ਐਲਾਨ' ਨਾਲ ਬੱਝਿਆ।

ਹੁਸੈਨ-ਮੈਕਮੋਹਨ ਪੱਤਰ-ਵਿਹਾਰ (1915-1916) ਮੁਤਾਬਿਕ, ਪਹਿਲੀ ਸੰਸਾਰ ਜੰਗ ਵਿੱਚ ਓਟੋਮਾਨ ਸਾਮਰਾਜ ਵਿਰੁੱਧ ਅਰਬਾਂ ਵੱਲੋਂ ਬਰਤਾਨੀਆ ਦੇ ਸਮਰਥਨ ਬਦਲੇ ਫਲਿਸਤੀਨ ਦੀ ਸੁਤੰਤਰਤਾ ਲਈ ਵਾਅਦਾ ਅਤੇ ਦੂਜੇ ਪਾਸੇ ਬਲਫੋਰ ਐਲਾਨ (1917) ਮੁਤਾਬਿਕ ਅਮਰੀਕੀ ਯਹੂਦੀਆਂ ਵੱਲੋਂ ਅਮਰੀਕਾ ਨੂੰ ਬਰਤਾਨੀਆ ਦੀਆਂ ਯੁੱਧ ਬਾਅਦ ਨੀਤੀਆਂ ਦਾ ਸਮਰਥਨ ਕਰਨ ਲਈ ਉਤਸ਼ਾਹਿਤ ਕਰਨ ਬਦਲੇ ਯਹੂਦੀਆਂ ਨੂੰ ਫਲਿਸਤੀਨ ਇਲਾਕੇ ਵਿੱਚ ਯਹੂਦੀ ਧਰਮ ਆਧਾਰਿਤ ਇਜ਼ਰਾਇਲ ਰਾਸ਼ਟਰ ਬਣਾਉਣ ਲਈ ਬਰਤਾਨਵੀ ਸਰਕਾਰ ਦੀ ਮਦਦ ਦਾ ਭਰੋਸਾ ਦੇਣ ਵਾਲੇ ਆਪਾ-ਵਿਰੋਧੀ ਦਸਤਾਵੇਜ਼ ਜ਼ਾਹਿਰ ਹੋਣ ਨਾਲ ਯਹੂਦੀਆਂ ਅਤੇ ਫਲਿਸਤੀਨੀਆਂ ਵਿੱਚ ਪਹਿਲਾਂ ਤੋਂ ਹੀ ਚੱਲ ਰਿਹਾ ਟਕਰਾਅ ਹੋਰ ਤਿੱਖਾ ਹੋ ਗਿਆ। ਉਂਝ ਜੰਗ 'ਚ ਓਟੋਮਾਨ ਸਾਮਰਾਜ ਦੀ ਹਾਰ ਬਾਅਦ ਸਾਈਕਸ-ਪਿਕੋਟ ਸਮਝੌਤੇ (1916) ਮੁਤਾਬਿਕ ਫਲਿਸਤੀਨ ਨੂੰ ਬਰਤਾਨੀਆ ਨੇ ਆਪਣੇ ਹੁਕਮ ਅਧੀਨ ਕਰ ਲਿਆ, ਜਿਸ ਨਾਲ ਸੁਏਜ਼ ਨਹਿਰ ਅਤੇ ਪਰਸ਼ੀਅਨ ਖਾੜੀ ਦੇ ਰਸਤੇ ਬਰਤਾਨੀਆ ਦੀ ਭਾਰਤ ਤੱਕ ਪਹੁੰਚ ਸੁਰੱਖਿਅਤ ਹੋ ਗਈ। ਫਲਿਸਤੀਨ 1948 ਤੱਕ ਬਰਤਾਨਵੀ ਅਧਿਕਾਰ ਅਧੀਨ ਇਲਾਕਾ ਹੀ ਰਿਹਾ ਅਤੇ ਇਸ ਦੌਰਾਨ ਯਹੂਦੀ-ਫਲਿਸਤੀਨੀ ਟਕਰਾਅ 'ਚ ਨਫ਼ਰਤ ਸ਼ਾਮਿਲ ਹੁੰਦੀ ਗਈ।

ਇਸੇ ਦੌਰਾਨ ਅਰਬਾਂ ਨੇ ਫਲਿਸਤੀਨ ਵਿੱਚ ਬਰਤਾਨਵੀ ਬਸਤੀਵਾਦੀ ਸ਼ਾਸਨ ਅਤੇ ਇਸ ਦੀ ਯਹੂਦੀਆਂ ਲਈ ਫਲਿਸਤੀਨ ਵਿੱਚ ਆਵਾਸ ਦੀ ਨੀਤੀ ਵਿਰੁੱਧ ਬਗਾਵਤ ਆਰੰਭ ਦਿੱਤੀ। ਨਤੀਜੇ ਵਜੋਂ ਫਲਿਸਤੀਨ ਨੂੰ ਵੰਡ ਕੇ ਯਹੂਦੀ ਅਤੇ ਅਰਬ ਦੋ ਰਾਜ ਬਣਾਉਣ ਅਤੇ ਯੇਰੂਸ਼ਲਮ ਨੂੰ ਕੌਮਾਂਤਰੀ ਪ੍ਰਸ਼ਾਸਨ ਅਧੀਨ ਰੱਖਣ ਦੀ ਯੋਜਨਾ ਬਣਾਈ ਗਈ, ਜਿਸ ਨੂੰ ਯਹੂਦੀ ਨੇਤਾਵਾਂ ਨੇ ਮੰਨ ਲਿਆ, ਪਰ ਅਰਬ ਮੁਲਕਾਂ ਅਤੇ ਫਲਿਸਤੀਨੀਆਂ ਨੇ ਰੱਦ ਕਰ ਦਿੱਤਾ।

ਦੂਜੀ ਸੰਸਾਰ ਜੰਗ ਦੌਰਾਨ ਜਰਮਨੀ ਅਤੇ ਕੁਝ ਹੋਰ ਯੂਰਪੀਅਨ ਦੇਸ਼ਾਂ ਵਿੱਚ ਯਹੂਦੀ ਬੇਘਰ ਹੋਏ ਦਰ-ਬ-ਦਰ ਫਿਰ ਰਹੇ ਸਨ ਤਾਂ ਅਗਸਤ 1945 ਵਿੱਚ ਅਮਰੀਕਾ ਦੇ ਰਾਸ਼ਟਰਪਤੀ ਟਰੂਮਨ ਨੇ ਬ੍ਰਿਟਿਸ਼ ਪ੍ਰਧਾਨ ਮੰਤਰੀ ਐਟਲੀ ਨੂੰ ਨਾਜ਼ੀਆਂ ਦੀ ਯਹੂਦੀ ਸਰਬਨਾਸ਼ ਮੁਹਿੰਮ ਤੋਂ ਬਚੇ ਹੋਏ 100,000 ਲੋਕਾਂ ਦੇ ਫਲਿਸਤੀਨ ਵਿੱਚ ਤੁਰੰਤ ਦਾਖਲੇ ਦੀ ਅਪੀਲ ਨਾਲ ਅਮਰੀਕਾ ਵੀ ਫਲਿਸਤੀਨ ਦਾ ਭਵਿੱਖ ਨਿਰਧਾਰਤ ਕਰਨ ਵਾਲੀਆਂ ਸ਼ਕਤੀਆਂ ਦੇ ਅਖਾੜੇ ਵਿੱਚ ਆ ਗਿਆ ਭਾਵੇਂ ਅਮਰੀਕਾ ਅਤੇ ਬਰਤਾਨੀਆ ਨੇ ਇਨ੍ਹਾਂ ਸ਼ਰਨਾਰਥੀਆਂ ਨੂੰ ਅਮਰੀਕਾ ਅਤੇ ਬਰਤਾਨੀਆ ਵਿੱਚ ਵਸਾਉਣ ਦੀ ਕਦੇ ਵੀ ਕੋਈ ਪੇਸ਼ਕਸ਼ ਨਾ ਕੀਤੀ, ਜਦਕਿ ਇਨ੍ਹਾਂ ਨੂੰ ਯੂਰਪੀਅਨ ਦੇਸ਼ਾਂ ਵਿੱਚੋਂ ਹੀ ਬੇਘਰ ਕੀਤਾ ਗਿਆ ਸੀ। ਬੇਘਰ ਹੋਏ ਯਹੂਦੀਆਂ ਨਾਲ ਅਰਬਾਂ ਦੀ ਹਮਦਰਦੀ ਤਾਂ ਸੀ, ਪਰ ਉਹ ਫਲਿਸਤੀਨ ਇਲਾਕੇ ਵਿੱਚ ਯਹੂਦੀ ਰਾਸ਼ਟਰ ਇਜ਼ਰਾਇਲ ਬਣਾਉਣ ਦੇ ਵਿਰੋਧੀ ਸਨ। ਅਮਰੀਕਾ ਅਤੇ ਬਰਤਾਨੀਆ ਮੌਕੇ ਤੇ ਸਹੂਲਤ ਮੁਤਾਬਿਕ ਕਦੇ ਯਹੂਦੀਆਂ ਅਤੇ ਕਦੇ ਫਲਿਸਤੀਨੀਆਂ ਅਨੁਸਾਰ ਆਪਣੀ ਨੀਤੀ ਬਦਲਦੇ ਰਹੇ, ਪਰ ਯਹੂਦੀਆਂ ਦਾ ਫਲਿਸਤੀਨ ਇਲਾਕੇ ਵਿੱਚ ਆਵਾਸ ਜਾਰੀ ਰਿਹਾ ਤੇ ਸੰਯੁਕਤ ਰਾਸ਼ਟਰ ਦੀ ਇੱਕ ਮੁਲਕ ਨੂੰ ਦੋ ਮੁਲਕਾਂ ਵਿੱਚ ਵੰਡਣ ਦੀ ਤਜਵੀਜ਼ ਦਰਮਿਆਨ ਘਰੇਲੂ ਖਾਨਾਜੰਗੀ ਸ਼ੁਰੂ ਹੋ ਗਈ।

ਘਰੇਲੂ ਖਾਨਾਜੰਗੀ ਦੌਰਾਨ ਯਹੂਦੀ-ਅਰਬੀ ਸੰਗਠਨਾਂ ਨੂੰ ਆਪਸ ਵਿੱਚ ਲੜਦੇ ਛੱਡ ਕੇ ਬਰਤਾਨਵੀ ਸਰਕਾਰ ਨੇ 14 ਮਈ 1948 ਦੀ ਅੱਧੀ ਰਾਤ ਨੂੰ ਫਲਿਸਤੀਨ ਉੱਤੇ ਆਪਣਾ ਅਧਿਕਾਰ ਖਤਮ ਕਰ ਦਿੱਤਾ ਅਤੇ ਉਸੇ ਹੀ ਦਿਨ ਫਲਿਸਤੀਨ ਵਿੱਚ ਯਹੂਦੀ ਲੀਡਰਸ਼ਿਪ ਨੇ ਇਜ਼ਰਾਇਲ ਦੀ ਸਥਾਪਨਾ ਦਾ ਐਲਾਨ ਕਰ ਦਿੱਤਾ। ਹਿੰਸਕ ਜੰਗ ਦੀਆਂ ਹਾਲਤਾਂ ਵਿੱਚ ਹੋਏ ਇਜ਼ਰਾਇਲ ਦੇ ਜਨਮ ਕਾਰਨ ਲੱਗਭੱਗ 700,000 ਫਲਿਸਤੀਨ-ਅਰਬ ਆਬਾਦੀ ਦਾ ਉਜਾੜਾ ਹੋਇਆ। ਇਸ ਨੂੰ ਇਜ਼ਰਾਇਲੀ ਯਹੂਦੀ 'ਆਜ਼ਾਦੀ ਦੀ ਲੜਾਈ' ਅਤੇ ਅਰਬ ਫਲਿਸਤੀਨੀ 'ਨਕਬਾ' ਭਾਵ ਤਬਾਹੀ ਤੇ ਉਜਾੜਾ ਕਹਿੰਦੇ ਹਨ।

ਇਸ ਤੋਂ ਬਾਅਦ ਹੁਣ ਤੱਕ ਫਲਿਸਤੀਨ ਲਗਾਤਾਰ ਤਣਾਅ ਦੀ ਸਥਿਤੀ ਵਿੱਚ ਹੈ ਅਤੇ ਕਈ ਲੜਾਈਆਂ ਤੇ ਸ਼ਾਂਤੀ ਸਮਝੌਤਿਆਂ ਵਿੱਚੋਂ ਗੁਜ਼ਰਿਆ ਹੈ। ਵਰਤਮਾਨ ਕਾਲ ਵਿੱਚ ਇੱਕੋ ਭੂਗੋਲਿਕ ਖਿੱਤੇ ਵਿੱਚ ਯਹੂਦੀਆਂ ਦੇ ਵਤਨ ਵਸਾਉਣ ਤੇ ਫਲਿਸਤੀਨੀਆਂ ਦੇ ਵਤਨ ਬਚਾਉਣ ਦੇ 100 ਸਾਲ ਤੋਂ ਵੱਧ ਲੰਮੇ ਟਕਰਾਅ ਅਤੇ ਵਿੱਚ-ਵਿਚਾਲੇ ਦੀਆਂ ਜੰਗਾਂ ਨੇ ਦੋਵੇਂ ਪਾਸੇ ਸੱਜੇ ਪੱਖੀ ਰਾਸ਼ਟਰਵਾਦ ਨੂੰ ਮਜ਼ਬੂਤ ਕੀਤਾ ਹੈ। ਇਸ ਦੌਰਾਨ ਖਿੱਤਾ ਬਾਹਰੀ ਤੀਜੀਆਂ ਤਾਕਤਾਂ ਨਵ-ਬਸਤੀਵਾਦੀ ਰੂਪ ਵਿੱਚ ਆਪਣੇ ਬਸਤੀਵਾਦੀ ਹਿੱਤਾਂ ਦੀ ਪੂਰਤੀ ਲਈ ਲਗਾਤਾਰ ਹਾਜ਼ਰ ਰਹੀਆਂ ਹਨ।

2023-24 ਦੀ ਇਜ਼ਰਾਇਲ-ਫਲਿਸਤੀਨ ਜੰਗ ਵਿੱਚ ਇਜ਼ਰਾਇਲ ਅਤੇ ਹਮਾਸ ਜਾਂ ਫਲਿਸਤੀਨ ਉਹ ਧਿਰਾਂ ਹਨ, ਜੋ ਸਿੱਧੀਆਂ ਟਕਰਾਅ ਵਿੱਚ ਹਨ ਤੇ ਇਸ ਯੁੱਧ ਬਾਰੇ ਬਹੁਤੀ ਵਿਚਾਰ-ਚਰਚਾ ਆਮ ਕਰ ਕੇ ਇਸ ਬਹਿਸ 'ਤੇ ਕੇਂਦਰਿਤ ਰਹਿੰਦੀ ਹੈ ਕਿ 'ਜੰਗ ਵਿੱਚ ਫੌਰੀ ਖਿਡਾਰੀਆਂ ਵਿੱਚੋਂ ਕੌਣ ਵੱਧ ਕਸੂਰਵਾਰ ਹੈ' ਜਦਕਿ ਯੁੱਧ ਵਿੱਚ ਸ਼ਾਮਿਲ ਤੀਜੀਆਂ ਧਿਰਾਂ ਵਿੱਚੋਂ 'ਯੁੱਧ ਤੇਜ਼ ਕਰਨ ਵਾਲੇ ਉਤਪ੍ਰੇਰਕ' ਦਾ ਜ਼ਿਕਰ ਵੀ ਜ਼ਰੂਰੀ ਹੈ।

ਤੀਜੀ ਧਿਰ ਦੇ ਇੱਕ ਖਿਡਾਰੀ ਉਹ ਹਨ, ਜੋ ਆਪਣੀ ਖੇਤਰੀ ਭੂਗੋਲਿਕ, ਸੱਭਿਆਚਾਰਕ ਅਤੇ ਇਤਿਹਾਸਕ ਹੋਂਦ ਦੀ ਮਜਬੂਰੀ ਕਰ ਕੇ ਫਸੇ ਹੋਏ ਹਨ, ਕਿਉਂਕਿ ਇਸ ਖੇਤਰ ਵਿੱਚ ਜੋ ਵੀ ਵਾਪਰਦਾ ਹੈ, ਉਸ ਤੋਂ ਉਹ ਪ੍ਰਭਾਵਿਤ ਹੁੰਦੇ ਹਨ। ਜੰਗ ਵਿੱਚ ਹੋਰ ਖਿੱਤਾ ਬਾਹਰੀ ਸ਼ਕਤੀਆਂ ਵੀ ਹਨ, ਜੋ ਆਪਣੇ ਭੂ-ਰਾਜਨੀਤਕ ਅਤੇ ਆਰਥਿਕ ਹਿੱਤਾਂ ਲਈ ਇਸ ਖਿੱਤੇ ਵਿੱਚ ਲੰਮੇ ਸਮੇਂ ਤੋਂ ਮੌਜੂਦ ਹਨ ਅਤੇ ਇਜ਼ਰਾਇਲ-ਫਲਿਸਤੀਨੀ 'ਟਕਰਾਅ' ਨੂੰ 'ਜੰਗ' ਵਿੱਚ ਬਦਲਣ ਲਈ ਉਤਪ੍ਰੇਰਕ ਵਜੋਂ ਕੰਮ ਕਰਦੀਆਂ ਹਨ। ਇਜ਼ਰਾਇਲ-ਫਲਿਸਤੀਨੀ ਯੁੱਧ ਦੀ ਬਹੁਪੱਖੀ ਰਾਜਨੀਤੀ ਨੂੰ ਸਮਝਣ ਲਈ ਯੁੱਧ ਦੇ ਪਿੱਛੇ ਕੰਮ ਕਰਨ ਵਾਲੀਆਂ ਸ਼ਕਤੀਆਂ ਦਾ ਵਰਣਨ ਕਰਨਾ ਵੀ ਜ਼ਰੂਰੀ ਹੈ।

ਹਮਾਸ ਦੁਆਰਾ 7 ਅਕਤੂਬਰ 2023 ਨੂੰ ਇਜ਼ਰਾਇਲ 'ਤੇ ਹਮਲੇ ਅਤੇ ਜਵਾਬ ਵਿੱਚ ਇਜ਼ਰਾਇਲੀ ਫੌਜ ਵੱਲੋਂ ਆਮ ਫਲਿਸਤੀਨੀ ਸ਼ਹਿਰੀਆਂ ਨੂੰ ਸਮੂਹਿਕ ਤੌਰ 'ਤੇ ਮਾਰਨ ਦੀ ਦੋ-ਪਾਸੜ ਨਿੰਦਿਆ ਕਰਦੇ ਹੋਏ ਸੰਯੁਕਤ ਰਾਸ਼ਟਰ ਦੇ 'ਇੱਕ ਦਮ ਜੰਗਬੰਦੀ' ਕਰਨ ਦੇ ਸੁਝਾਅ ਨੂੰ ਅਮਰੀਕਾ ਅਤੇ ਬਰਤਾਨੀਆਂ ਨੇ ਸੰਯੁਕਤ ਰਾਸ਼ਟਰ ਸੰਗਠਨ ਵਿੱਚ ਆਪਣੇ ਖਾਸ ਹੱਕ ਦੀ ਵਰਤੋਂ ਕਰਦਿਆਂ ਰੱਦ (ਵੀਟੋ) ਕਰ ਕੇ ਅਤੇ ਅਮਰੀਕਾ ਨੇ ਦੋ ਵਾਰ ਇਜ਼ਰਾਇਲ ਲਈ ਐਮਰਜੈਂਸੀ ਦੇ ਹਵਾਲੇ ਨਾਲ ਬਿਨਾ ਅਮਰੀਕੀ ਕਾਂਗਰਸ ਦੀ ਮਨਜ਼ੂਰੀ ਤੋਂ ਹਥਿਆਰਾਂ ਦੀ ਭਾਰੀ ਵਿਕਰੀ ਕਰ ਕੇ ਜੰਗ ਨੂੰ ਹਵਾ ਦਿੱਤੀ ਹੈ ਤੇ ਸੱਜੇ ਪੱਖੀ ਇਜ਼ਰਾਇਲੀ ਸਰਕਾਰ ਵੱਲੋਂ ਫਲਿਸਤੀਨੀ ਲੋਕਾਂ ਦੇ ਉਜਾੜੇ ਦੇ ਜਨੂੰਨ ਨੂੰ ਬਲ ਦਿੱਤਾ ਹੈ। ਇਜ਼ਰਾਇਲ ਦਾ ਹਮਾਸ ਵਿਰੁੱਧ ਚੱਲ ਰਿਹਾ ਮੌਜੂਦਾ ਯੁੱਧ ਅਸਲ ਵਿੱਚ ਫਲਿਸਤੀਨੀਆਂ ਵਿਰੁੱਧ ਯੁੱਧ ਹੈ; ਇਜ਼ਰਾਇਲ ਨੇ ਹਮਾਸ ਨੂੰ ਖਤਮ ਕਰਨ ਦੀ ਸਹੁੰ ਖਾਧੀ ਹੈ ਪਰ ਮੌਤ, ਉਜਾੜੇ, ਬਿਮਾਰੀ ਅਤੇ ਭੁੱਖਮਰੀ ਦਾ ਸ਼ਿਕਾਰ ਫਲਿਸਤੀਨੀ ਆਬਾਦੀ ਹੈ। ਇਜ਼ਰਾਇਲੀ ਫੌਜ ਦੁਆਰਾ ਬੰਬਾਰੀ ਦਾ ਨਿਸ਼ਾਨਾ ਫਲਿਸਤੀਨੀ ਘਰ, ਰੈਣ ਬਸੇਰੇ, ਦੁਕਾਨਾਂ, ਕਾਰੋਬਾਰੀ ਥਾਵਾਂ, ਹਸਪਤਾਲ ਅਤੇ ਵਾਤਾਵਰਨ ਬਣ ਰਹੇ ਹਨ।

ਉਨ੍ਹਾਂ ਲਈ ਫਲਿਸਤੀਨੀਆਂ ਨੂੰ ਹਰਾਉਣਾ ਤੇ ਖ਼ਤਮ ਕਰਨਾ ਹਮਾਸ ਅਤੇ 'ਦੋ-ਮੁਲਕੀ ਹੱਲ' ਨੂੰ ਹਰਾਉਣਾ ਤੇ ਖ਼ਤਮ ਕਰਨਾ ਹੈ। ਇਜ਼ਰਾਇਲੀ ਪ੍ਰਧਾਨ ਮੰਤਰੀ ਨੇਤਨਯਾਹੂ ਦੀ ਅਗਵਾਈ ਵਾਲੀ ਸੱਜੇ ਪੱਖੀ ਇਜ਼ਰਾਇਲੀ ਸਰਕਾਰ ਫਲਿਸਤੀਨ 'ਚ ਇਜ਼ਰਾਇਲ ਦਾ ਪੂਰਨ ਕੰਟਰੋਲ ਚਾਹੁੰਦੀ ਹੈ ਤੇ ਫਲਿਸਤੀਨੀ ਅਥਾਰਟੀ ਦੀ ਕਿਸੇ ਵੀ ਭੂਮਿਕਾ ਨੂੰ ਨਹੀਂ ਮੰਨਦੀ। ਇਜ਼ਰਾਇਲੀ ਸਰਕਾਰ ਦੇ ਦੋ ਇਜ਼ਰਾਇਲੀ ਮੰਤਰੀਆਂ ਨੇ ਤਾਂ ਫਲਿਸਤੀਨੀਆਂ ਨੂੰ ਆਪਣਾ ਦੇਸ਼ ਛੱਡ ਕੇ ਕਿਸੇ ਹੋਰ ਦੇਸ਼ ਜਾ ਵੱਸਣ ਦੀ ਖੁੱਲ੍ਹੇਆਮ ਸਲਾਹ ਦੇ ਕੇ ਆਪਣੀ ਸੋਚ ਅਤੇ ਨੀਤੀ ਦਾ ਐਲਾਨ ਕਰ ਦਿੱਤਾ ਹੈ। ਇਜ਼ਰਾਇਲ ਨੂੰ ਇਸ ਜੰਗ ਲਈ ਅਮਰੀਕਾ ਦੇ ਬੇਝਿਜਕ ਸਮਰਥਨ ਨੇ ਇਜ਼ਰਾਇਲ ਦੀ ਅਜਿਹੀ ਵਿਚਾਰਧਾਰਾ ਨੂੰ ਮਜ਼ਬੂਤ ਕੀਤਾ ਹੈ।

# ਮਨੀਪੁਰ 'ਚ ਨਾਗਿਆਂ ਦਾ ਪਾਬੰਦੀਸ਼ੁਦਾ ਇਲਾਕਾ

ਗੁਰਪ੍ਰੀਤ ਸਿੰਘ ਮੰਡਿਆਣੀ


ਨਵੰਬਰ 1988 ਨੂੰ ਖਿੱਚੀ ਗਈ ਮੇਰੀ ਇਹ ਫੋਟੋ ਮਨੀਪੁਰ ਸੂਬੇ 'ਚ ਨਾਗਾ ਕਬੀਲੇ ਦੇ ਇੱਕ ਪੇਂਡੂ ਘਰ ਦੀ ਹੈ। ਮਨੀਪੁਰ 'ਚ ਜਾਣ ਲਈ ਸੂਬਾਈ ਸਰਕਾਰ ਤੋਂ ਇਜਾਜ਼ਤੀ ਪਰਮਿਟ ਲੈਣਾ ਪੈਂਦਾ ਹੈ, ਭਾਰਤੀ ਨਾਗਰਿਕਾਂ ਨੂੰ ਵੀ। ਮਨੀਪੁਰ ਦੀ ਰਾਜਧਾਨੀ ਇਮਫਾਲ ਪੱਧਰੀ ਧਰਤੀ 'ਤੇ ਹੈ, ਪਰ ਇਹਦੇ ਚੁਫੇਰੇ 'ਚ ਪਹਾੜ ਨੇ, ਫੋਟੋ ਵਾਲੀ ਜਗਾਹ ਪਹਾੜੀ ਇਲਾਕੇ ਜ਼ਿਲ੍ਹਾ ਤੇਮਿੰਗਲੌਂਗ ਦੀ ਹੈ। ਬਚਪਨ ਤੋਂ ਹੀ ਐਟਲਸ ਅਤੇ ਨਕਸ਼ੇ ਦੇਖਣੇ ਮੇਰਾ ਮਨ ਭਾਉਂਦਾ ਸ਼ੌਕ ਰਿਹਾ ਹੈ। ਉੱਤਰ ਪੂਰਬੀ ਭਾਰਤ ਦੇ ਬਰਮਾਂ ਨਾਲ ਲਗਦੇ 6 ਸੂਬਿਆਂ ਦੀ ਜੌਗਰਫਿਆਈ ਸੂਰਤੇਹਾਲ ਬਾਰੇ ਨਕਸ਼ੇ ਦੇਖਦਿਆਂ ਏਨਾ ਕੁ ਪਤਾ ਸੀ ਕਿ ਇਹ ਪਹਾੜੀ ਅਤੇ ਜੰਗਲੀ ਸੂਬੇ ਹਨ। ਸਾਡੇ ਘਰ 1975 ਤੱਕ ਇੱਕ ਮੰਥਲੀ ਫ਼ੌਜੀ ਰਸਾਲਾ 'ਸੈਨਿਕ ਸਮਾਚਾਰ' ਆਉਂਦਾ ਰਿਹਾ ਹੈ, ਜੀਹਦੇ 'ਚ ਇਨ੍ਹਾਂ ਸੂਬਿਆਂ ਦੇ ਲੋਕਾਂ ਦੀਆਂ ਬਹੁਤ ਫੋਟੋਆਂ ਛਪਦੀਆਂ ਹੁੰਦੀਆਂ ਸਨ- ਫੌਜ ਵੱਲੋਂ ਲਾਏ ਜਾਂਦੇ ਮੈਡੀਕਲ ਕੈਂਪ ਅਤੇ ਹੋਰ ਲੋਕ ਭਲਾਈ ਦੀਆਂ ਸਰਗਰਮੀਆਂ ਦੇ ਹਵਾਲੇ ਨਾਲ। ਫੋਟੋਆਂ ਤੋਂ ਪਤਾ ਲਗਦਾ ਸੀ ਕਿ ਇੱਥੋਂ ਦੇ ਲੋਕ ਫੀਨ੍ਹੇ ਨੱਕਾਂ, ਡੂੰਗੀਆਂ ਅੱਖਾਂ ਤੇ ਗੋਲ-ਮਟੋਲ ਚਿਹਰਿਆਂ ਵਾਲੇ ਮੰਗੋਲ ਨਸਲ ਦੇ ਹਨ, ਜਿਨ੍ਹਾਂ ਨੂੰ ਆਮ ਤੌਰ 'ਤੇ ਚੀਨੇ ਵੀ ਆਖਿਆ ਜਾਂਦਾ ਹੈ।

ਛੋਟੇ ਹੁੰਦਿਆਂ ਇਸ ਇਲਾਕੇ 'ਚ ਡਿਊਟੀ ਕਰ ਚੁੱਕੇ ਫ਼ੌਜੀਆਂ ਤੋਂ ਸੁਣਦੇ ਹੁੰਦੇ ਸੀ ਕਿ ਓਥੇ ਨਾਗਾ ਲੋਕ ਰਹਿੰਦੇ ਨੇ, ਜੋ ਫ਼ੌਜੀਆਂ 'ਤੇ ਗੁਰੀਲਾ ਹਮਲੇ ਕਰਦੇ ਰਹਿੰਦੇ ਨੇ। ਵੱਡੇ ਹੋ ਕੇ ਪਤਾ ਲੱਗਿਆ ਕਿ ਇੱਥੇ ਬੜੇ ਚਿਰ ਤੋਂ ਹਥਿਆਰਬੰਦ ਗੁਰੀਲਾ ਵਾਰ ਚਲਦੀ ਹੈ। ਪੁਲੀਟੀਕਲ ਸਾਇੰਸ ਦੀ ਟਰਮੇਨੌਲੋਜੀ 'ਚ ਇਹੋ ਜਿਹੇ ਇਲਾਕਿਆਂ ਨੂੰ 'ਆਰਮਡ ਕਨਫਲਿਕਟ ਜ਼ੋਨ' (Armed conflict zone) ਆਖਿਆ ਜਾਂਦਾ ਹੈ। ਇਨ੍ਹਾਂ ਉੱਤਰ ਪੂਰਬੀ ਸੂਬਿਆਂ ਦੇ ਨਾਗਾ ਅਬਾਦੀ ਵਾਲੇ ਇਲਾਕਿਆਂ ਨੂੰ 1958 'ਚ ਹੀ ਗੜਬੜ ਵਾਲੇ ਇਲਾਕੇ ਕਰਾਰ ਦਿੰਦਿਆਂ 'ਆਰਮਰਡ ਫੋਰਸਿਸ ਸਪੈਸ਼ਲ ਪਾਵਰਜ਼ ਐਕਟ' ਤਹਿਤ ਫੌਜ ਤੇ ਹੋਰ ਫੋਰਸਾਂ ਨੂੰ ਇੱਥੋਂ ਦੇ ਬਾਗ਼ੀਆਂ ਨੂੰ ਦਬਾਉਣ ਵਾਸਤੇ ਵਿਸ਼ੇਸ਼ ਤਾਕਤਾਂ ਦਿੱਤੀਆਂ ਗਈਆਂ ਸਨ। ਮਨੀਪੁਰ ਤੇ ਨਾਗਾਲੈਂਡ 'ਚ ਚਲ ਰਹੀ ਗੜਬੜ ਬਾਰੇ ਥੋੜ੍ਹਾ ਜਿਹਾ ਲੁਧਿਆਣੇ ਗੌਰਮਿੰਟ ਕਾਲਜ ਪੜ੍ਹਦਿਆਂ ਕਾਲਜ ਹੋਸਟਲ ਨੇੜੇ ਰੋਜ਼ ਗਾਰਡਨ ਦੀ ਕੰਧ 'ਤੇ ਲਿਖੇ ਨਾਅਰੇ ਦੇਖੇ ਸਨ, ਜਿਨ੍ਹਾਂ 'ਚ ਲਿਖਿਆ ਹੁੰਦਾ ਸੀ, "ਨਾਗਾਲੈਂਡ-ਮਨੀਪੁਰ 'ਚ ਲਾਗੂ ਗੜਬੜ ਵਾਲਾ ਕਾਨੂੰਨ ਖਤਮ ਕਰੋ" ਇਹੋ ਜਿਹੇ ਨਾਅਰੇ 1977 'ਚ ਪੰਜਾਬ ਸਟੂਡੈਂਟਸ ਯੂਨੀਅਨ ਵੱਲੋਂ ਲਿਖੇ ਮਿਲਦੇ ਹੁੰਦੇ ਸਨ।

ਗੜਬੜ ਵਾਲਾ ਇਲਾਕਾ ਤੇ 'ਆਰਮਰਡ ਫੋਰਸਿਸ ਸਪੈਸ਼ਲ ਪਾਵਰਜ਼ ਐਕਟ' ਦਾ ਨਾਂ ਪੰਜਾਬੀਆਂ ਨੇ ਖੁੱਲ੍ਹ ਕੇ ਪਹਿਲੀ ਦਫ਼ਾ ਉਦੋਂ ਸੁਣਿਆ, ਜਦੋਂ ਇਹ ਕਾਨੂੰਨ 1983 'ਚ ਸਰਕਾਰ ਨੇ ਪੰਜਾਬ 'ਚ ਵੀ ਲਾਗੂ ਕਰ ਦਿੱਤਾ ਸੀ। ਲਗਾਤਾਰ ਗੜਬੜੀ ਵਾਲੇ ਹਾਲਾਤਾਂ ਦੀ ਵਜਾਹ ਕਰਕੇ ਕਦੇ ਸੁਣਿਆ ਨਹੀਂ ਸੀ ਕਿ ਕੋਈ ਪੰਜਾਬੀ ਇੱਥੇ ਜਾ ਕੇ ਆਇਆ ਹੋਵੇ- ਬਤੌਰ ਟੂਰਿਸਟ, ਕਾਰੋਬਾਰ, ਨੌਕਰੀ ਜਾਂ ਕਿਸੇ ਹੋਰ ਸਿਲਸਿਲੇ 'ਚ। ਦੂਰ-ਦੂਰ ਤੱਕ ਸਾਰੇ ਮੁਲਕ ਦਾ ਗੇੜਾ ਲਾਉਣ ਵਾਲੇ ਪੰਜਾਬੀ ਟਰੱਕ ਡਰਾਇਵਰ ਵੀ ਵੱਧ ਤੋਂ ਵੱਧ ਅਸਾਮ ਦੀ ਰਾਜਧਾਨੀ ਗੁਹਾਟੀ ਤੱਕ ਦੇ ਗੇੜੇ ਦੀ ਹੀ ਗੱਲ ਸੁਣਾਉਂਦੇ ਹੁੰਦੇ ਸਨ। ਮਨੀਪੁਰ ਦੇ ਧੁਰ ਅੰਦਰਲੇ ਨਾਗਾ ਆਬਾਦੀ ਵਾਲੇ ਪਹਾੜੀ ਪੇਂਡੂ ਇਲਾਕੇ ਵਿੱਚ ਮੈਨੂੰ ਜਾਣ ਦਾ ਮੌਕਾ 1988 'ਚ ਮਿਲਿਆ। ਸਿਰਫ ਜਾਣ ਦਾ ਹੀ ਨਹੀਂ ਸਗੋਂ 10 ਦਿਨ ਰਹਿਣ ਦਾ ਵੀ। ਇਹ ਮੌਕਾ ਇੱਕ ਸਰਕਾਰੀ ਕੈਂਪ 'ਚ ਸ਼ਾਮਲ ਹੋਣ ਜ਼ਰੀਏ ਲੱਗਿਆ ਸੀ, ਜੀਹਦਾ ਇੰਤਜ਼ਾਮ ਭਾਰਤ ਸਰਕਾਰ ਦੀ ਮਨਿਸਟਰੀ ਆਫ ਯੂਥ ਅਫੇਅਰਜ਼ ਦੇ ਇੱਕ ਅਦਾਰੇ 'ਨਹਿਰੂ ਯੁਵਾ ਕੇਂਦਰ' ਨੇ ਕੀਤਾ ਸੀ, ਜੀਹਦੇ 'ਚ 7 ਸੂਬਿਆਂ ਦੇ ਯੂਥ ਸ਼ਾਮਲ ਹੋਏ।

ਦਿੱਲੀਓਂ ਤਿਨਸੁਕੀਆ ਮੇਲ ਰੇਲ ਗੱਡੀ ਤੇ ਗੁਹਾਟੀ ਤੱਕ 2 ਹਜ਼ਾਰ ਕਿਲੋਮੀਟਰ 36 ਘੰਟਿਆਂ ਦਾ ਮੈਦਾਨੀ ਸਫਰ ਆਮ ਵਰਗਾ ਹੀ ਸੀ। ਗੁਹਾਟੀਓਂ ਅਗਾਂਹ ਅੱਜ ਕੱਲ੍ਹ ਰੇਲ ਲਾਈਨ ਵੱਡੀ ਹੋ ਗਈ ਹੈ, ਪਰ ਉਦੋਂ ਛੋਟੀ ਰੇਲ ਗੱਡੀ ਚਲਦੀ ਸੀ। ਟਰੇਨ ਨੰਬਰ ਤੇ ਸੀਟ ਰਿਜ਼ਰਵੇਸ਼ਨ ਪਿਛਲੀ ਹੀ ਵੱਡੀ ਰੇਲ ਗੱਡੀ ਵਾਲੀ ਚਲਦੀ ਸੀ, ਸਿਰਫ ਵੱਡੀ ਗੱਡੀ ਤੋਂ ਉੱਤਰ ਕੇ ਛੋਟੀ 'ਚ ਬੈਠਣਾ ਪੈਂਦਾ ਸੀ। ਇਹ ਰੇਲ ਗੁਹਾਟੀਓਂ ਆਥਣੇ 3 ਵਜੇ ਤੁਰੀ, ਜਿੱਥੋਂ 250 ਕਿਲੋਮੀਟਰ ਦੂਰ ਅਸੀਂ ਨਾਗਾਲੈਂਡ ਦੇ ਸਟੇਸ਼ਨ ਦੀਮਾਪੁਰ ਰਾਤ ਨੂੰ ਤਕਰੀਬਨ 9 ਵਜੇ ਉਤਰੇ। ਨਾਗਾਲੈਂਡ 'ਚ ਦਿਨ ਪੰਜਾਬ ਨਾਲ਼ੋਂ ਇੱਕ ਘੰਟਾ ਪਹਿਲਾਂ ਛਿਪ ਜਾਂਦਾ ਹੈ, ਜਿਸ ਕਰਕੇ ਓਥੇ ਪੰਜਾਬ ਦੇ ਦਸ ਵਜੇ ਬਰਾਬਰ ਰਾਤ ਪੈ ਚੁੱਕੀ ਸੀ ਤੇ ਰੇਲਵੇ ਸਟੇਸ਼ਨ 'ਤੇ ਕੋਈ ਚਹਿਲ-ਪਹਿਲ ਨਹੀਂ ਸੀ। ਸਾਡੀ ਮੰਜ਼ਿਲ ਤਾਂ ਇੱਥੋਂ ਕਾਫ਼ੀ ਦੂਰ ਸੀ ਤੇ ਇਹ ਇੱਕ ਪੜਾਅ ਸੀ। ਸਾਨੂੰ ਸਿਰਫ ਇੰਨਾ ਕੁ ਹੀ ਪਤਾ ਸੀ ਕਿ ਨਾਗਾਲੈਂਡ ਦੇ ਸ਼ਹਿਰ ਦੀਮਾਪੁਰ ਤੋਂ ਅਗਾਂਹ ਮਨੀਪੁਰ ਦੀ ਰਾਜਧਾਨੀ ਇਮਫਾਲ ਵਾਸਤੇ ਸਾਨੂੰ ਬੱਸ ਫੜਨੀ ਪੈਣੀ ਹੈ, ਪਰ ਦੀਮਾਪੁਰ ਦੇ ਸਟੇਸ਼ਨ ਤੋਂ ਰਾਤ ਨੂੰ ਬਾਹਰ ਨਿਕਲ ਕੇ ਕਿੱਥੇ ਜਾਣਾ ਹੈ, ਇਸ ਬਾਰੇ ਕੋਈ ਡਾਇਰੈਕਸ਼ਨ ਟੂਰ ਪ੍ਰੋਗਰਾਮ ਵਿੱਚ ਨਹੀਂ ਸੀ। ਕਿਸੇ ਹੋਟਲ ਬਾਰੇ ਪੁੱਛਣ 'ਤੇ ਸਾਨੂੰ ਦੱਸਿਆ ਗਿਆ ਕਿ ਐਸ ਵੇਲੇ ਕਿਸੇ ਹੋਟਲ ਵਾਲੇ ਨੇ ਆਪਦਾ ਬਾਰ ਨਹੀਂ ਖੋਲ੍ਹਣਾ।

ਜਿਵੇਂ ਦੁਨੀਆਂ ਦੇ ਕਿਸੇ ਅਣਜਾਣ ਸ਼ਹਿਰ ਜਾ ਕੇ ਹਰੇਕ ਪੰਜਾਬੀ ਗੁਰਦੁਆਰੇ ਦਾ ਆਸਰਾ ਤੱਕਦਾ ਹੈ, ਅਸੀਂ ਵੀ ਪੁੱਛਿਆ ਕਿ ਕੀ ਇੱਥੇ ਕੋਈ ਗੁਰਦੁਆਰਾ



ਹੈ? ਸਾਨੂੰ ਦੱਸਿਆ ਗਿਆ ਕਿ ਹਾਂ ਗੁਰਦੁਆਰਾ ਤਾਂ ਹੈ! ਪਰ ਗੜਬੜ-ਜ਼ਦਾ ਇਲਾਕਾ ਹੋਣ ਕਰਕੇ ਤੁਹਾਡੇ ਵਾਸਤੇ ਸਟੇਸ਼ਨ ਤੋਂ ਬਾਹਰ ਨਿਕਲਣਾ ਖਤਰੇ ਵਾਲੀ ਗੱਲ ਹੈ। ਪਤਾ ਨਹੀਂ ਖਾੜਕੂਆਂ ਜਾਂ ਫੌਜ ਵੱਲੋਂ ਕੀਹਨੂੰ ਤੁਹਾਡੇ 'ਤੇ ਸ਼ੱਕ ਪੈ ਜਾਵੇ ਤੇ ਤੁਸੀਂ ਰਾਹ ਜਾਂਦੇ ਹੀ ਰਾੜ੍ਹੇ ਜਾਵੋਂ। ਆਹ ਲੰਘੇ 4 ਦਸੰਬਰ 2021 ਨੂੰ ਨਾਗਾਲੈਂਡ ਦੇ ਮੂਨ ਜ਼ਿਲ੍ਹੇ 'ਚ ਇੱਕ ਗੱਡੀ 'ਚ ਜਾ ਰਹੇ ਮਜ਼ਦੂਰਾਂ 'ਤੇ ਫੌਜ ਵੱਲੋਂ ਚਲਾਈ ਗੋਲੀ ਨਾਲ 6 ਮਜ਼ਦੂਰ ਤਾਂ ਮੌਕੇ 'ਤੇ ਹੀ ਮਾਰੇ ਗਏ। ਜੀਹਦੇ 'ਚ ਸਰਕਾਰ ਨੇ ਇਹ ਸਫਾਈ ਦਿੱਤੀ ਕਿ ਫੌਜ ਨੇ ਗਲਤੀ ਨਾਲ ਮਜ਼ਦੂਰਾਂ ਨੂੰ ਖਾੜਕੂ ਸਮਝ ਕੇ ਗੋਲੀ ਚਲਾਈ ਸੀ। ਖ਼ੈਰ! ਇਹ ਗਲਤ ਪਛਾਣ ਦਾ ਮਾਮਲਾ ਸੀ ਜਾਂ ਕੁਝ ਹੋਰ, ਪਰ ਇਸ ਵਾਕੇ ਨਾਲ ਦੀਮਾਪੁਰ ਸਟੇਸ਼ਨ 'ਤੇ ਮੁਲਾਜ਼ਮਾਂ ਵੱਲੋਂ ਸਾਨੂੰ ਜਿਹੜੇ ਖਤਰੇ ਤੋਂ ਆਗਾਹ ਕੀਤਾ ਸੀ, ਉਹ ਬਿਲਕੁਲ ਸਹੀ ਸਾਬਿਤ ਹੁੰਦਾ ਹੈ।

ਖ਼ੈਰ! ਸਟੇਸ਼ਨ ਮਾਸਟਰ ਨੇ ਸਾਡੀ ਔਕੜ ਨੂੰ ਧਿਆਨ 'ਚ ਰੱਖਦਿਆਂ ਸਾਡੇ ਵਾਸਤੇ ਫ਼ਸਟ ਕਲਾਸ ਵਾਲਾ ਉੱਪਰਲਾ ਵੇਟਿੰਗ ਰੂਮ ਖੋਲ੍ਹ ਦਿੱਤਾ, ਜੀਹਦੀਆਂ ਪੌੜੀਆਂ ਮੂਹਰੇ ਮੋਟੇ ਸਰੀਏ ਵਾਲਾ ਗੇਟ ਲੱਗਿਆ ਸੀ। ਫਰੀਦਕੋਟੋਂ ਵਾਇਆ ਦਿੱਲੀ, ਗੁਹਾਟੀ ਰੇਲ ਵਾਲਾ 2600 ਕਿਲੋਮੀਟਰ ਦਾ ਸਾਡਾ ਸਫਰ ਤਾਂ 64 ਘੰਟਿਆਂ 'ਚ ਨਿਬੜ ਗਿਆ, ਪਰ ਦੀਮਾਪੁਰੋਂ ਵਾਇਆ ਕੋਹੀਮਾ, ਇਮਫਾਲ, ਤੇਮਿੰਗਲੌਂਗ ਦਾ 370 ਕਿਲੋਮੀਟਰ ਵਾਲਾ ਸਫਰ 4 ਦਿਨ ਤੇ 4 ਰਾਤਾਂ 'ਚ ਸਰ ਹੋਇਆ। ਦੀਮਾਪੁਰ ਰੇਲਵੇ ਸਟੇਸ਼ਨ 'ਤੇ ਰਾਤ ਕੱਟ ਕੇ ਅਗਲੀ ਸਵੇਰ ਜਦੋਂ ਅਸੀਂ ਗੁਰਦੁਆਰਾ ਸਾਹਿਬ ਪੁੱਜੇ ਤਾਂ ਓਥੇ ਸਵੇਰ ਦੇ ਦੀਵਾਨ 'ਚ ਆਈਆਂ ਸਿੱਖ ਸੰਗਤਾਂ ਸਾਡੀ ਆਮਦ 'ਤੇ ਹੈਰਾਨ ਵੀ ਹੋਈਆਂ ਤੇ ਖ਼ੁਸ਼ ਵੀ। ਦੀਮਾਪੁਰ 'ਚ ਉਦੋਂ ਸਿਰਫ 35 ਸਿੱਖ ਪਰਿਵਾਰ ਵਸਦੇ ਸਨ। ਗੁਰਦੁਆਰਾ ਸ਼ਾਨਦਾਰ ਹੈ। ਇਸੇ ਦਿਨ ਦੀਮਾਪੁਰ ਦੇ ਡੀ.ਸੀ. ਦਫਤਰੋਂ ਮਨੀਪੁਰ 'ਚ ਐਂਟਰ ਹੋਣ ਦਾ ਪਰਮਿਟ ਬਣਵਾਇਆ, ਕੈਂਪ 'ਚ ਜਾਣ ਦੀ ਸਰਕਾਰੀ ਚਿੱਠੀ ਦਿਖਾ ਕੇ।

ਅਗਲੇ ਦਿਨ ਵਾਸਤੇ ਇਮਫਾਲ ਜਾਣ ਖ਼ਾਤਰ ਮਨੀਪੁਰ ਰੋਡਵੇਜ਼ ਬੱਸ ਦੀਆਂ ਸੀਟਾਂ ਬੁੱਕ ਕਰਵਾਈਆਂ, ਪਰਮਿਟ ਦਿਖਾ ਕੇ। ਬੱਸ ਸਰਵਿਸ ਸਿਰਫ ਦਿਨੇ ਦਿਨੇ ਹੀ ਹੈ, ਸੀਟ ਇੱਕ ਦਿਹਾੜੀ ਪਹਿਲਾਂ ਹੀ ਬੁੱਕ ਕਰਾਉਣੀ ਪੈਂਦੀ ਹੈ। ਅਗਲੇ ਦਿਨ ਸਵੇਰੇ ਬੱਸ ਚੜ੍ਹੇ, ਸਾਰੀ ਦਿਹਾੜੀ ਦੇ ਪਹਾੜੀ ਸਫਰ ਮਗਰੋਂ ਨਾਗਾਲੈਂਡ ਦੀ ਰਾਜਧਾਨੀ ਕੋਹੀਮਾ ਹੁੰਦੀ ਹੋਈ ਬੱਸ ਸ਼ਾਮ ਨੂੰ ਮਨੀਪੁਰ ਦੀ ਰਾਜਧਾਨੀ ਇਮਫਾਲ ਪੁੱਜੀ। ਇੱਥੇ ਵੀ ਦੋ ਰਾਤਾਂ ਦੀ ਠਾਹਰ ਗੁਰਦੁਆਰੇ ਕੀਤੀ। ਇਸ ਸ਼ਹਿਰ 'ਚ 200 ਸਿੱਖ ਫੈਮਲੀਆਂ ਦੀ ਵੱਸੋਂ ਸੁਣੀ ਸੀ। ਦੂਜੇ ਦਿਨ ਬੱਸ ਦੀਆਂ ਸੀਟਾਂ ਬੁੱਕ ਕਰਾਈਆਂ, ਅਗਲੇ ਦਿਨ ਤੇਮਿੰਗਲੌਂਗ ਜਾਣ ਵਾਸਤੇ। ਵੈਸੇ ਤਾਂ ਇਮਫਾਲ ਤੋਂ ਤੇਮਿੰਗਲੌਂਗ ਵਾਸਤੇ ਦਿਹਾੜੀ 'ਚ ਸਿਰਫ ਇੱਕ ਬੱਸ ਹੀ ਤੁਰਦੀ ਹੈ, ਸਾਡੇ ਨਾਲ ਹੀ ਕੈਂਪ 'ਚ ਜਾਣ ਵਾਸਤੇ ਹੋਰ ਸੂਬਿਆਂ ਦੇ ਵੀ ਗਰੁੱਪ ਪੁੱਜਣ ਕਾਰਨ ਮਨੀਪੁਰ ਰੋਡਵੇਜ਼ ਨੇ ਦੋ ਹੋਰ ਸਪੈਸ਼ਲ ਬੱਸਾਂ ਤੋਰੀਆਂ। ਤਿੰਨੋਂ ਬੱਸਾਂ ਦਾ ਕਾਫ਼ਲਾ ਸਵੇਰ ਦਾ ਤੁਰਿਆ ਹੋਇਆ ਆਥਣੇ ਹੀ ਕੈਂਪ ਵਾਲੀ ਜਗਾਹ ਤੇਮਿੰਗਲੌਂਗ ਪੁੱਜਿਆ। ਸਾਰਾ ਸਫਰ ਪਹਾੜੀ ਚੜ੍ਹਾਈ ਵਾਲਾ ਸੀ। ਸਾਰੇ ਰਾਹ ਨਾ ਕੋਈ ਢਾਬਾ ਜਾਂ ਟੀ-ਸਟਾਲ ਤੇ ਨਾ ਹੀ ਕੋਈ ਪ੍ਰਾਈਵੇਟ ਮੋਟਰ ਗੱਡੀ ਮਿਲੀ, ਸਿਰਫ ਟਾਂਵੀਂ ਟੱਲੀ ਫ਼ੌਜੀ ਗੱਡੀ ਹੀ ਟੱਕਰਦੀ ਸੀ। ਰਾਹ 'ਚ ਨਾਕੇ ਵੀ ਮਿਲੇ, ਜੋ ਪੁਲਿਸ ਦੇ ਨਹੀਂ ਬਲਕਿ ਫੌਜ ਦੇ ਹੀ ਸੀਗੇ, ਜਿੱਥੇ ਬੱਸ ਦੀ ਚੈਕਿੰਗ ਹੁੰਦੀ ਸੀ।

ਇਸ ਰਾਹ ਵਾਲੇ ਪਹਾੜਾਂ 'ਤੇ ਬਾਂਸ ਦੇ ਸੰਘਣੇ ਜੰਗਲ ਮਿਲਦੇ ਹਨ। ਮੇਰੇ ਹਿਸਾਬ ਨਾਲ ਤੇਮਿੰਗਲੌਂਗ, ਭਾਰਤ ਦੇ ਦੂਰ-ਦੁਰੇਡੇ ਧੁਰ ਅੰਦਰਲੇ ਇਲਾਕਿਆਂ (interior areas) ਦੀ ਲਿਸਟ 'ਚ ਉਪਰਲੀਆਂ ਪੋਜੀਸ਼ਨਾਂ 'ਚ ਹੋਵੇਗਾ। ਜ਼ਿਲ੍ਹਾ ਹੈਡਕੁਆਟਰ ਹੋਣ ਦੇ ਬਾਵਜੂਦ ਇਹਦਾ ਸੂਬਾਈ ਰਾਜਧਾਨੀ ਨਾਲ ਉਦੋਂ ਤੱਕ ਕੋਈ ਟੈਲੀਫ਼ੋਨ ਲਿੰਕ ਨਹੀਂ ਸੀ। ਨਾ ਕੋਈ ਅਖਬਾਰ ਏਥੇ ਪੁੱਜਦਾ ਸੀ ਅਤੇ ਨਾ ਹੀ ਟੈਲੀਵਿਜ਼ਨ ਤੇ ਨਾ ਹੀ ਆਕਾਸ਼ਵਾਣੀ ਦੇ ਕਿਸੇ ਰੇਡੀਓ ਸਿਗਨਲ ਦੀ ਇੱਥੇ ਤੱਕ ਪਹੁੰਚ ਸੀ। ਮੈਂ ਆਪਣਾ ਰੇਡੀਓ ਨਾਲ ਤਾਂ ਲੈ ਗਿਆ ਸੀ, ਪਰ ਉਹ ਸਿਰਫ ਬੰਗਲਾ ਦੇਸ਼ ਦਾ ਹੀ ਰੇਡੀਓ ਸਟੇਸ਼ਨ ਫੜਦਾ ਸੀ। ਬਿਜਲੀ ਸਿਰਫ 2 ਘੰਟੇ ਸਵੇਰੇ ਤੇ 2 ਘੰਟੇ ਸ਼ਾਮ ਨੂੰ ਆਉਂਦੀ ਸੀ। ਪਿੰਡਾਂ ਦੇ ਘਰ ਬਾਂਸ ਤੇ ਫੂਸ ਦੀਆਂ ਛੱਤਾਂ ਵਾਲੇ ਹੀ ਸੀਗੇ। ਫੌਜ ਇੱਥੇ ਵੀ ਤਾਇਨਾਤ ਸੀ। ਸਾਨੂੰ ਨੇੜੇ ਦੇ ਪਿੰਡਾਂ 'ਚ ਵੀ ਘੁਮਾਇਆ ਗਿਆ, ਦੇਖ ਕੇ ਇਓਂ ਜਾਪਦਾ ਸੀ ਕਿ ਉੱਥੋਂ ਦੇ ਵਸਨੀਕਾਂ ਦਾ ਜਿਹੋ ਜਿਹਾ ਜੀਵਨ ਅੱਜ ਹੈ, ਇੱਕ ਸੌ ਸਾਲ ਪਹਿਲਾਂ ਵੀ ਉਹੋ ਜਿਹਾ ਹੀ ਹੋਊਗਾ। ਸਹੀ ਮਾਅਨਿਆਂ 'ਚ ਦੁਨੀਆਂ ਤੋਂ ਪਰੇ ਵਾਲਾ ਇਲਾਕਾ ਸੀ ਇਹ। ਅਜਿਹੀ ਅਹਿਮੀਅਤ (significance) ਵਾਲੇ ਇਲਾਕੇ ਨੂੰ ਪੂਰੇ 10 ਦਿਨ ਧੁਰ ਅੰਦਰੋਂ ਨੀਝ ਨਾਲ ਦੇਖ ਕੇ ਮੇਰੇ ਮਨ ਨੂੰ ਬਹੁਤ ਤਸੱਲੀ ਹੋਈ। ਆਮ ਹਾਲਤਾਂ 'ਚ ਇੱਥੇ ਪਹੁੰਚ ਸਕਣਾ ਉੱਕਾ ਹੀ ਸੰਭਵ ਨਹੀਂ ਸੀ, ਪਰ ਪਰਮਾਤਮਾ ਦੀ ਮਿਹਰ ਸਦਕਾ ਮੈਨੂੰ ਇਹ ਮੌਕਾ ਮਿਲ ਗਿਆ ਸੀ। ਰੱਬ ਦੀ ਮਿਹਰ ਕਿ ਮੇਰੇ ਇੱਕ ਦੋਸਤ ਸ. ਜਸਵਿੰਦਰ ਸਿੰਘ ਕੂਨਰ ਦੀ ਮਾਰਫਤ ਹੋਈ, ਜੋ ਉਦੋਂ ਉਹ ਨਹਿਰੂ ਯੁਵਾ ਕੇਂਦਰ ਫਰੀਦਕੋਟ ਦੇ ਜ਼ਿਲ੍ਹਾ ਇੰਚਾਰਜ ਸੀਗੇ। ਉਨ੍ਹਾਂ ਨੇ ਹੀ ਕੈਂਪ 'ਤੇ ਜਾਣ ਵਾਲੇ ਗਰੁੱਪ 'ਚ ਮੇਰਾ ਨਾਂ ਸ਼ਾਮਲ ਕੀਤਾ। ਸ. ਕੂਨਰ ਦਾ ਜੱਦੀ ਪਿੰਡ ਲੋਪੋਂ ਹੈ, ਲੁਧਿਆਣੇ ਜ਼ਿਲ੍ਹੇ 'ਚ ਸਮਰਾਲੇ ਤੇ ਦੋਰਾਹੇ ਵਿਚਾਲੇ। ਅੱਜ ਕੱਲ੍ਹ ਉਹ ਪੱਕੇ ਤੌਰ 'ਤੇ ਪਟਿਆਲੇ ਰਿਹਾਇਸ਼ ਪਜ਼ੀਰ ਨੇ, ਸਰਕਾਰੀ ਨੌਕਰੀ ਤੋਂ ਰਿਟਾਇਰ ਹੋ ਕੇ ਪਟਿਆਲੇ ਜ਼ਿਲ੍ਹਾ ਕਚਹਿਰੀ 'ਚ ਵਕਾਲਤ ਕਰਦੇ ਨੇ। ਜਿੱਥੇ ਰੇਡੀਓ ਸਿਗਨਲ ਵੀ ਨਹੀਂ ਸੀ ਪਹੁੰਚਦਾ, ਬਿਨਾ ਪਰਮਿਟ ਐਂਟਰੀ ਨਹੀਂ ਸੀ, ਸਰਕਾਰੀ ਤੌਰ 'ਤੇ ਐਲਾਨੀਆ ਗੜਬੜ ਵਾਲਾ ਇਲਾਕਾ ਸੀ, ਓਹੋ ਜਿਹੇ isolated and risky zone ਦੇ ਖੁੱਲ੍ਹੇ-ਡੁੱਲ੍ਹੇ ਦਰਸ਼ਨ ਕਰਾਉਣ ਬਦਲੇ ਸ. ਕੂਨਰ ਦਾ ਮੈਂ ਅੱਜ ਵੀ ਅਹਿਸਾਨਮੰਦ ਹਾਂ।


## ਡੇਵਨਪੋਰਟ ਫੈਮਿਲੀ ਫਿਊਨਰਲ ਹੋਮ ਅਤੇ ਸ਼ਮਸ਼ਾਨਘਰ

Serving the Sikh Community with Dignity and Care



ਸਿੱਖ ਭਾਈਚਾਰੇ ਨਾਲ ਸਬੰਧਤ ਮ੍ਰਿਤਕਾਂ ਦਾ ਸਸਕਾਰ ਭਾਵਨਾਤਮਕ ਤੌਰ 'ਤੇ ਪੂਰੀ ਦੇਖਭਾਲ ਨਾਲ ਕੀਤਾ ਜਾਂਦਾ ਹੈ

- ਮੌਕੇ 'ਤੇ ਸਸਕਾਰ
- ਅੰਤਿਮ ਦਰਸ਼ਨਾਂ ਲਈ ਕਮਰਾ
- ਵੱਡਾ ਤੇ ਸੁੰਦਰ ਚੈਪਲ
- ਘੱਟ ਖਰਚ ਉਤੇ ਸੇਵਾਵਾਂ

- On Site Crematory
- Viewing Room Available
- Large, Beautiful Chapels
- Competitive Prices

ਪਰਿਵਾਰਾਂ ਦੀ ਉਸੇ ਤਰ੍ਹਾਂ ਸੇਵਾ ਕਰਦੇ ਹਾਂ, ਜਿਵੇਂ ਅਸੀਂ ਆਪਣੇ ਪਰਿਵਾਰ ਲਈ ਚਾਹੁੰਦੇ ਹਾਂ

Serving Families As We Would Want Ours Served

| Lake Zurich | Crystal Lake | Barrington |
|---|---|---|
| 847-550-4221 | 825-459-3411 | 847-381-3411 |

Please call or visit our website at
www.davenportfamily.com

Davenport
FAMILY FUNERAL HOMES AND CREMATORY

# ਚੰਗੀ ਖ਼ੁਰਾਕ ਹੀ ਦਿਲ ਲਈ ਫਾਇਦੇਮੰਦ

## ਜੀਵਨ-ਸ਼ੈਲੀ ਤੇ ਖ਼ੁਰਾਕ ਬਦਲਾਂਗੇ ਤਾਂ ਤੰਦਰੁਸਤ ਰਹਾਂਗੇ

## ਜੁਗ ਜੁਗ ਜੀਓ... (8)

ਡਾ. ਹਰਬੰਸ ਕੌਰ ਦਿਓਲ

**ਇਸ ਲੇਖ ਵਿਚਲੇ ਤੱਥ ਸਿਰਫ ਜਾਣਕਾਰੀ ਲਈ ਛਾਪੇ ਜਾ ਰਹੇ ਹਨ। ਕਿਸੇ ਵੀ ਤਰ੍ਹਾਂ ਦਾ ਘਰੇਲੂ ਆਹਰ-ਪਾਹਰ ਕਰਨ ਤੋਂ ਪਹਿਲਾਂ ਆਪਣੇ ਡਾਕਟਰ ਨਾਲ ਸਲਾਹ ਮਸ਼ਵਰਾ ਜ਼ਰੂਰ ਕਰੋ।**

"ਮੇਰੇ ਕੋਲੋਂ ਨਹੀਂ ਜੇ ਇਹ ਕੁਝ ਹੁੰਦਾ। ਮੇਰੀ ਕੋਈ ਗੱਲ ਨਹੀਂ ਸੁਣਦਾ। ਮੈਂ ਤਾਂ ਤੰਗ ਆ ਗਈ, ਤਾਅਨੇ-ਮਿਹਣੇ ਸੁਣ ਕੇ। ਮੇਰੀ ਤਾਂ ਹੋ ਗਈ ਤੋਬਾ।" ਪ੍ਰੀਤ ਨੇ ਮੇਜ 'ਤੇ ਕਾਗਜ਼ ਸੁੱਟਦਿਆਂ ਕਿਹਾ।

"ਸ਼ਾਂਤੀ, ਸ਼ਾਂਤੀ! ਕੀ ਹੋ ਗਿਆ ਹੁਣ?"

"ਜੇ ਮੈਂ ਸਲਾਦ ਦਿੰਨੀ ਆਂ ਤਾਂ ਕਹਿੰਦੇ ਨੇ, ਮੈਂ ਨਹੀਂ ਇਹ ਘਾਹ ਫੂਸ ਖਾਣਾ। ਇਹ ਡੰਗਰਾਂ ਦਾ ਖਾਜਾ ਤੂੰ ਖਾ ਲੈ। ਜੇ ਮੈਂ ਘੱਟ ਕਾਰਬ ਵਾਲੀ ਖੁਰਾਕ ਦਿੰਨੀ ਆਂ ਤਾਂ ਗੁਆਂਢੀਆਂ ਕੋਲ ਜਾ ਕੇ ਕਹਿੰਦੇ ਨੇ ਕਿ ਮੈਨੂੰ ਭੁੱਖਾ ਮਾਰਦੀ ਐ। ਬਸ ਮੇਰਾ ਕੰਮ ਖਤਮ! ਤੁਸੀਂ ਜਾਣੋ ਜਾਂ ਤੁਹਾਡਾ ਕੰਮ।"

"ਬਸ ਬਸ, ਇੰਨਾ ਛੇਤੀ ਨਹੀਂ। ਜਦੋਂ ਤੋਹਫੇ ਮਿਲਦੇ ਨੇ ਉਦੋਂ 'ਚਾਚੀ ਤਾਂ ਮੇਰੀ ਮਾਂ ਹੈ!' ਅੱਜ ਜਦੋਂ ਆਪਣੀ ਵਾਰੀ ਆਈ ਤਾਂ ਗਿਰਗਟ ਵਾਂਗ ਰੰਗ ਬਦਲ ਲਿਆ। ਜ਼ਿੰਮੇਵਾਰੀ ਤੋਂ ਨੱਠੀ ਦਾ ਨਹੀਂ, ਇਹ ਤੇਰਾ ਵੇਲਾ ਹੈ ਦਿਖਾਉਣ ਦਾ ਕਿ ਤੂੰ ਕੀ ਕਰਨ ਦੇ ਕਾਬਲ ਹੈਂ? ਪਹਿਲਾਂ ਚੰਗੀ ਤਰ੍ਹਾਂ ਇਹ ਸਮਝ ਕਿ ਬਿਮਾਰੀ ਕੀ ਹੈ? ਕਿਉਂ ਹੋਈ ਅਤੇ ਜੇ ਇਸ ਦਾ ਇਲਾਜ ਨਾ ਕੀਤਾ ਤਾਂ ਕੀ ਨਤੀਜਾ ਹੋਵੇਗਾ? ਇਸ ਨੂੰ ਠੀਕ ਕਰਨ ਲਈ ਕੀ ਕਰਨ ਦੀ ਲੋੜ ਹੈ? ਇੱਕ ਵਕਤ 'ਤੇ ਇੱਕ ਕਦਮ ਪੁੱਟਣਾ ਪਏਗਾ। ਜੇ ਹਫਤੇ ਵਿੱਚ 1-2 ਵਾਰੀ ਸਿਹਤ ਬੈਂਕ ਵਿੱਚ ਡਿਪਾਜ਼ਿਟ ਹੋ ਜਾਵੇ, ਇਸ ਨਾਲ ਹੀ ਕਮਾਲ ਹੋ ਜਾਣੀ ਏ। ਜਿੰਨੀ ਦੇਰ ਕਿਸੇ ਨੂੰ ਆਪਣੀ ਬਿਮਾਰੀ ਦੀ ਪੂਰੀ ਜਾਣਕਾਰੀ ਨਾ ਹੋਵੇ, ਆਪਾਂ ਉਸ ਤੋਂ ਆਸ ਨਹੀਂ ਕਰ ਸਕਦੇ ਕਿ ਉਹ 50-60 ਸਾਲਾਂ ਦਾ ਆਪਣੀ ਜੀਵਨ-ਸ਼ੈਲੀ (ਲਾਈਫ ਸਟਾਈਲ) ਬਦਲ ਲੈਣਗੇ ਕੁਝ ਦਿਨਾਂ ਵਿੱਚ। ਇਹ ਤਬਦੀਲੀਆਂ ਹੌਲੀ ਹੌਲੀ ਕਰਨੀਆਂ ਪੈਣਗੀਆਂ, ਪਿਆਰ ਨਾਲ ਸਮਝਾ ਕੇ। ਗੁੱਸੇ ਨਾਲ ਨਹੀਂ, ਧੀਰਜ ਕਰਕੇ ਅਤੇ ਢੇਰ ਸਾਰੀ ਹੱਲਾਸ਼ੇਰੀ ਨਾਲ।

ਜਿਹੜਾ ਇਲਾਜ ਆਪਾਂ ਕੁਦਰਤੀ ਤਰੀਕੇ ਨਾਲ ਬਿਨਾ ਦਵਾਈ ਦੇ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ, ਉਸ ਨੂੰ ਵਕਤ ਤਾਂ ਲੱਗੇਗਾ ਹੀ! ਬਹੁਤ ਦ੍ਰਿੜਤਾ ਅਤੇ ਸਵੈ-ਨਿਯੰਤਰਨ ਦੀ ਜ਼ਰੂਰ ਹੈ। ਜਦੋਂ ਉਨ੍ਹਾਂ ਨੂੰ ਇਲਾਜ ਨਾ ਕਰਨ ਦਾ ਨਤੀਜਾ ਪਤਾ ਲਗੇਗਾ, ਉਹ ਤੁਹਾਡਾ ਸਾਥ ਜ਼ਰੂਰ ਦੇਣਗੇ। ਇਹ ਨੁਕਸਾਨ ਵਾਲੀਆਂ ਗੱਲਾਂ ਹੁਣ ਹੀ ਨਹੀਂ, ਭਵਿੱਖ ਵਿੱਚ ਵੀ ਵਾਪਰ ਸਕਦੀਆਂ ਹਨ। ਤੈਨੂੰ ਪਤਾ ਹੀ ਹੈ ਕਿ ਦਿਲ ਦਾ ਦੌਰਾ, ਜਿਸ ਨਾਲ ਜਾਨ ਜਾਣ ਦਾ ਵੀ ਖਤਰਾ ਹੁੰਦਾ ਹੈ। ਦੂਜਾ ਸਟਰੋਕ, ਜਿਸ ਨਾਲ ਇੱਕ ਅੰਗ, ਇੱਕ ਪਾਸਾ, ਦੋਨੋਂ ਪਾਸੇ ਕੰਮ ਕਰਨ ਤੋਂ ਅਸਮਰੱਥ ਹੋ ਸਕਦੇ ਨੇ। ਇੱਥੋਂ ਤੱਕ ਕੇ ਬੋਲਣ ਦੀ ਕਾਬਲੀਅਤ ਤੋਂ ਵੀ ਹੱਥ ਧੋਣੇ ਪੈ ਜਾਂਦੇ ਨੇ ਕਈ ਵਾਰ ਤਾਂ! ਬੰਦਾ ਲਾਚਾਰ ਹੋ ਜਾਂਦੈ। ਹੱਥ, ਬਾਹਾਂ, ਲੱਤਾਂ, ਜ਼ੁਬਾਨ- ਕੁਝ ਵੀ ਨਹੀਂ ਕੰਮ ਕਰਦਾ। ਜੇ ਘਰ ਦਾ ਟੱਬਰ ਨਾ ਸੰਭਾਲ ਸਕੇ ਤਾਂ ਬਾਕੀ ਉਮਰ ਮੰਜੇ ਵਿੱਚ ਪਏ ਪਏ ਲੋਕਾਂ ਦੇ ਤਰਸ 'ਤੇ, ਨਰਸਿੰਗ ਹੋਮ ਵਿੱਚ ਨਿਕਲਦੀ ਏ। ਜੇ ਕੁਝ ਗੱਲਾਂ ਵੱਲ ਹੁਣ ਤਵੱਜੋ ਦਿੱਤੀ ਜਾਵੇ ਤਾਂ ਇਹ ਸਭ ਕੁਝ ਦਾ ਖਤਰਾ ਬਹੁਤ ਘੱਟ ਹੋ ਸਕਦਾ ਹੈ ਜਾਂ ਬਿਲਕੁਲ ਖਤਮ ਹੋ ਸਕਦਾ ਹੈ।"

"ਦੀਦੀ, ਮੈਂ ਪੜ੍ਹਿਆ ਸੀ ਕਿ ਸਾਰੀ ਦੁਨੀਆਂ ਵਿੱਚ ਬੰਦੇ ਦੇ ਮਰਨ ਦਾ ਨੰਬਰ ਇੱਕ ਕਾਰਨ ਹੈ- ਦਿਲ ਦੀ ਬਿਮਾਰੀ।"

"ਪ੍ਰੀਤ, ਤੂੰ ਠੀਕ ਕਿਹੈ! ਇਸ ਤੋਂ ਇਲਾਵਾ ਸਾਊਥ ਏਸ਼ੀਅਨ, ਜਿਨ੍ਹਾਂ ਵਿੱਚ ਆਪਾਂ ਆਉਂਦੇ ਹਾਂ, ਨੰਬਰ ਇੱਕ 'ਤੇ ਹਨ- ਮਤਲਬ ਸਾਰਿਆਂ ਦੇਸ਼ਾਂ ਨੂੰ ਛੱਡ ਕੇ ਹਿੰਦੋਸਤਾਨੀਆਂ ਨੂੰ ਸਭ ਤੋਂ ਜ਼ਿਆਦਾ ਦਿਲ ਦੀ ਬਿਮਾਰੀ ਹੁੰਦੀ ਐ ਅਤੇ ਹੁੰਦੀ ਵੀ ਹੌਲੀ ਯਾਨਿ ਘੱਟ ਉਮਰੇ ਹੀ। ਅਮਰੀਕਾ ਵਿੱਚ ਹੀ ਦੇਖ ਲਓ, ਗੋਰਿਆਂ ਵਿੱਚ ਦਿਲ ਦੀ ਬਿਮਾਰੀ ਦਾ ਰਿਸਕ ਹੈ 2.5% ਅਤੇ ਹਿੰਦੋਸਤਾਨੀਆਂ ਵਿੱਚ 7.5%; ਤਕਰੀਬਨ 3 ਗੁਣਾਂ। ਇਹ ਹੈ ਆਪਣਾ ਲਾਈਫ ਸਟਾਇਲ ਅਤੇ ਖੁਰਾਕ ਦੀ ਮਿਹਰਬਾਨੀ ਕਰਕੇ, ਜਿਸ ਤਰ੍ਹਾਂ ਆਪਾਂ ਨੇ ਪਹਿਲਾਂ ਵੀ ਕਿਹਾ ਸੀ- ਕਸਰਤ ਦੀ ਘਾਟ, ਨੀਂਦ ਦੀ ਘਾਟ ਅਤੇ ਜ਼ਿਆਦਾ ਸਟਰੈੱਸ ਦਾ ਵੀ ਕਾਫੀ ਯੋਗਦਾਨ ਹੈ ਇਸ ਸਭ ਕੁਝ ਵਿੱਚ।"

"ਦੀਦੀ, ਇਹ ਤਾਂ ਜ਼ਿਆਦਾ ਫਿਕਰ ਵਾਲੀ ਗੱਲ ਹੈ ਅਤੇ ਇਸ ਵੱਲ ਬਹੁਤ ਹੀ ਧਿਆਨ ਦੇਣ ਦੀ ਜ਼ਰੂਰਤ ਹੈ। ਸਾਰਾ ਪੁਆੜਾ ਤਾਂ ਇਹ ਇਨਸੁਲਿਨ ਤੇ ਸ਼ੂਗਰ ਦੀ ਖੂਨ ਵਿੱਚ ਬਹੁਤ ਜ਼ਿਆਦਾ ਮਿਕਦਾਰ ਵਿੱਚ ਹੋਣ ਦਾ ਹੈ। ਇਸੇ ਕਰਕੇ ਇਨਫਲੇਮੇਸ਼ਨ ਹੁੰਦੀ ਹੈ। ਤੁਸੀਂ ਦਿਲ ਲਈ ਹਾਨੀਕਾਰਨ ਖੁਰਾਕ ਬਾਰੇ ਦੱਸਿਆ ਸੀ ਪਿਛਲੀ ਵਾਰ। ਕਿਉਂ ਨਾ ਅੱਜ ਆਪਾਂ ਦਿਲ ਲਈ ਫਾਇਦੇਮੰਦ ਖੁਰਾਕ ਬਾਰੇ ਗੱਲਾਂ ਕਰੀਏ।"

"ਆਪਾਂ ਇਸ ਬਾਰੇ ਗੱਲ ਕਰ ਚੁਕੇ ਹਾਂ। ਚੰਗੀ ਖੁਰਾਕ ਹੀ ਦਿਲ ਲਈ ਫਾਇਦੇਮੰਦ ਖੁਰਾਕ ਹੈ। ਕਿਉਂਕਿ ਇਹ ਬਹੁਤ ਜ਼ਰੂਰੀ ਹੈ, ਅੱਜ ਫਿਰ ਦੁਹਰਾਉਂਦੇ ਹਾਂ। ਖੁਰਾਕ ਤੋਂ ਬਿਨਾ ਕੁਝ ਹੋਰ ਗੱਲਾਂ ਵੱਲ ਵੀ ਧਿਆਨ ਦਿਆਂਗੇ। ਲੈ ਸੁਣ-

1. Nitrate ਅਤੇ antioxidants ਵਾਲੀਆਂ ਸਬਜ਼ੀਆਂ ਦੀ ਖੁਰਾਕ ਖਾਣੀ ਚਾਹੀਦੀ ਹੈ। ਇਨ੍ਹਾਂ ਵਿੱਚ ਢੇਰ ਸਾਰੀਆਂ ਚੀਜ਼ਾਂ ਆ ਜਾਂਦੀਆਂ ਹਨ- ਚਕੰਦਰ, ਅਰੂਗਲਾ, ਸੈਲਰੀ, ਪੱਤਿਆਂ ਵਾਲੀਆਂ ਸਬਜ਼ੀਆਂ (ਪਾਲਕ, ਗੋਭੀ, ਸਵਿਸ ਚਾਰਡ, ਕੇਲ, ਅਸਪੈਰੇਗਸ); ਲਸਣ, ਅਨਾਰ, ਤਰਬੂਜ਼, ਗਰੀਨ ਟੀ, ਐਕਸਟਰਾ ਵਰਜਿਨ ਔਲਿਵ ਆਇਲ, ਐਪਲ ਸਾਈਡਰ ਵਿਨੇਗਰ, ਸਿਟਰਸ ਨਟਜ਼ ਅਤੇ ਸੀਡਜ਼। ਇਸ ਖੁਰਾਕ ਨਾਲ nitric oxide gas ਸਰੀਰ ਵਿੱਚ ਬਣਦੀ ਹੈ, ਜਿਸ ਨਾਲ ਤੁਹਾਡਾ sympathetic system down regulate ਹੁੰਦਾ ਹੈ, ਮਤਲਬ ਉਸ ਦਾ ਅਸਰ ਘਟ ਜਾਂਦੈ ਅਤੇ cortisol ਵੀ ਘੱਟ ਬਣਦੀ ਹੈ। ਖੂਨ ਦੀਆਂ ਨਾੜੀਆਂ ਚੌੜੀਆਂ ਹੋ ਜਾਂਦੀਆਂ ਨੇ, ਬਲੱਡ ਪ੍ਰੈਸ਼ਰ ਘਟ ਜਾਂਦੈ, ਖੂਨ ਦਾ ਵਹਾਅ ਚੰਗਾ ਹੋ ਜਾਂਦੈ। ਇਹ ਇਮੂੰਨ ਸਿਸਟਮ ਨੂੰ ਵੀ ਸਰਗਰਮ ਕਰਦੀ ਹੈ, ਇਹ ਦਿਲ ਅਤੇ ਦਿਮਾਗ ਲਈ ਬਹੁਤ ਹੀ ਅੱਛੀ ਹੈ। ਇਸ ਨਾਲ ਯਾਦਦਾਸ਼ਤ ਵਧਦੀ ਹੈ ਅਤੇ ਆਲਜ਼ਾਈਮਰ (alzheimer) ਦਾ ਰਿਸਕ ਵੀ ਘਟ ਜਾਂਦਾ ਹੈ।



2. Nitric oxide gas ਜ਼ਿਆਦਾ ਬਣਾਉਣ ਲਈ ਇਹ ਵਾਲੀ ਖੁਰਾਕ ਤੋਂ ਬਿਨਾ ਪੌਲੀਫੀਨੌਲ ਵਾਲੀ ਖੁਰਾਕ ਵੀ ਖਾਣੀ ਚਾਹੀਦੀ ਹੈ, ਜਿਵੇਂ blue berries, plums, cherries, strawberries, apple, black currants, black olive, dark chocolate, black tea, coffee, hazelnuts and pecans. Spices ਜਿਵੇਂ ਹਲਦੀ, ਲੌਂਗ, ਦਾਲਚੀਨੀ, ਅਦਰਕ, ਜੀਰਾ, polyphenols ਸੌਖੇ ਹੀ ਤਾਜ਼ੀ ਖੁਰਾਕ ਵਿੱਚੋਂ ਮਿਲ ਜਾਂਦੇ ਨੇ, ਜਿੰਨੇ ਦੀ ਦਿਨ ਵਿੱਚ ਜ਼ਰੂਰਤ ਹੁੰਦੀ ਹੈ।

3. ਗਲੂਟਾਥਾਉਨ (glutathione) ਇਸ ਨੂੰ ਸਾਰੇ anti oxidents ਦੀ ਮਾਂ ਕਹਿੰਦੇ ਨੇ, ਇਹ ਇੰਨਾ ਅਸਰਦਾਰ ਹੈ। ਇਹ ਕੁਦਰਤੀ ਹੀ ਖਰਾਕ ਵਿੱਚੋਂ ਸੌਖਾ ਹੀ ਮਿਲ ਜਾਂਦੈ। ਜਿਵੇਂ ਕਰੂਸੀਫੈਰਸ (cruciferous) ਸਬਜ਼ੀਆਂ (ਕੇਲ, ਬਰੌਕਲੀ, ਗੋਭੀ), ਪਾਲਕ, citrus, ਤਰਬੂਜ਼। ਸਬਜ਼ੀਆਂ ਨੂੰ ਵੱਧ ਤਾਪਮਾਨ 'ਤੇ ਨਾ ਬਣਾਓ।

4. Supplements L-arginine ਅਤੇ citrulline ਲੈਣ ਨਾਲ ਵੀ ਸਰੀਰ ਵਿੱਚ Nitric oxide ਜ਼ਿਆਦਾ ਪੈਦਾ ਹੁੰਦੀ ਹੈ।

5. ਆਪਾਂ nitric oxide gas ਦੀ ਸਰੀਰ ਵਿੱਚ ਮਾਤਰਾ ਵਧਾ ਸਕਦੇ ਹਾਂ, ਨੱਕ ਰਾਹੀਂ ਸਾਹ ਲੈ ਕੇ, ਖਾਸ ਕਰਕੇ ਜੇ ਆਪਾਂ ਸਾਹ ਬਾਹਰ ਕੱਢਣ ਵੇਲੇ humming bee ਦੀ ਆਵਾਜ਼ ਕਰੀਏ ਅਤੇ ਹੌਲੀ ਹੌਲੀ ਸਾਹ ਬਾਹਰ ਕੱਢੀਏ। ਜਿਹੜਾ ਆਪਾਂ ਸਬਜ਼ੀਆਂ ਖਾਂਦੇ ਹਾਂ, ਉਸ ਤੋਂ 85% nitric oxide gas ਬਣਦੀ ਹੈ; 5% cured or lunch meal ਤੋਂ ਅਤੇ 10% ਜਿਹੜਾ ਥੁੱਕ ਆਪਾਂ ਅੰਦਰ ਲੰਘਾਉਂਦੇ ਹਾਂ, ਉਸ ਤੋਂ। ਇਹ ਜ਼ਿਆਦਾ ਬਣਦੀ ਹੈ ਖੂਨ ਦੀਆਂ ਨਾੜੀਆਂ, ਦਿਮਾਗ ਵਿੱਚ ਅਤੇ ਮੂੰਹ ਵਿੱਚ। ਸਰੀਰ ਦੇ ਬਾਕੀ ਸੈੱਲ ਵੀ ਇਸ ਨੂੰ ਬਣਾਉਣ ਦੇ ਯੋਗ ਹਨ ਅਤੇ ਕੁਝ seconds ਵਿੱਚ ਹੀ ਇਹ ਖਤਮ ਹੋ ਜਾਂਦੀ ਹੈ, ਫਟਾ ਫਟ ਆਪਣਾ ਕੰਮ ਕਰਕੇ।"

"ਦੀਦੀ, ਨਾਈਟ੍ਰਿਕ ਔਕਸਾਈਡ ਗੈਸ ਤਾਂ ਆਪਣੇ ਲਈ ਬਹੁਤ ਹੀ ਲਾਭਦਾਇਕ ਹੈ।"

"ਹਾਂ, ਆਪਣੀ ਦਿਲ ਦੀ ਤੰਦਰੁਸਤੀ ਦੀ ਖੁਰਾਕ ਇਸ ਦੇ ਰਾਹੀਂ ਹੀ ਕੰਮ ਕਰਦੀ ਏ।"

"ਮੈਂ ਕਦੇ ਵੀ ਨਹੀਂ ਸੋਚਿਆ ਸੀ ਕਿ ਮੂੰਹ ਵਿਚਲੇ ਕਟਾਣੂ ਆਪਣੀ ਸਿਹਤ ਲਈ ਇੰਨੇ ਲਾਭਦਾਇਕ ਹਨ।"

"ਆਪਣੇ ਮੂੰਹ ਵਿੱਚ ਇਹ ਆਮ ਤੌਰ 'ਤੇ 2 ਤਰ੍ਹਾਂ ਦੇ ਕਟਾਣੂ ਹੁੰਦੇ ਹਨ। ਇੱਕ ਤਰ੍ਹਾਂ ਦੇ ਕੰਮ ਖਰਾਬ ਕਰਦੇ ਹਨ, ਜਿਨ੍ਹਾਂ ਨੂੰ ਆਪਾਂ ਮਾੜੇ ਕਟਾਣੂ ਕਹਿ ਸਕਦੇ ਹਾਂ, ਉਹ ਦੰਦਾਂ ਦੇ ਪਲੈਕ ਦੇ ਥੱਲੇ ਛੁਪ ਕੇ ਨੁਕਸਾਨ ਪਹੁੰਚਾਉਂਦੇ ਹਨ- ਮਸੂੜਿਆਂ ਦੀ ਇਨਫੈਕਸ਼ਨ ਕਰਕੇ ਅਤੇ ਉਹ ਦਿਲ ਤੱਕ ਪਹੁੰਚ ਕੇ ਦਿਲ ਦੇ ਮਸਲ ਲਈ ਖਤਰਨਾਕ ਸਾਬਤ ਹੁੰਦੇ ਹਨ। ਦੂਸਰੀ ਕਿਸਮ ਦੇ ਜਰਮ ਨੂੰ ਦੋਸਤ ਕਟਾਣੂ ਕਹਿ ਸਕਦੇ ਹਾਂ। ਉਹ ਮੂੰਹ ਵਿੱਚ ਨਾਈਟ੍ਰਿਕ ਔਕਸਾਈਡ ਬਨਾਉਣ ਵਿੱਚ ਮਦਦ ਕਰਦੇ ਹਨ। ਦਿਲ ਦੀ ਤੰਦਰੁਸਤੀ ਲਈ ਅੱਛੀ ਮੂੰਹ ਦੀ ਹਾਈਜੀਨ (oral hygeine) ਬਹੁਤ ਹੀ ਜ਼ਰੂਰੀ ਹੈ। ਮਾਊਥ ਵਾਸ਼ ਨਾਲ ਚੰਗੇ ਅਤੇ ਮਾੜੇ ਜਰਮ ਦੋਨੋਂ ਹੀ ਮਰ ਜਾਂਦੇ ਨੇ। ਫਾਇਦੇ ਨਾਲੋਂ ਨੁਕਸਾਨ ਜ਼ਿਆਦਾ ਹੁੰਦਾ ਹੈ। ਇਸ ਲਈ ਜਿਹੜਾ ਐਂਟੀਸੈਪਟਿਕ ਮਾਊਥ ਵਾਸ਼ ਹੈ, ਉਸ ਦਾ ਇਸਤੇਮਾਲ ਕਰਨਾ ਹਾਨੀਕਾਰਕ ਹੈ। ਇਸ ਤੋਂ ਬਿਨਾ ਫਲੋਰਾਈਡ ਅਤੇ ਐਂਟੀਬਾਓਟਿਕ ਵੀ ਨੁਕਸਾਨਦੇਹ ਹਨ। ਮੂੰਹ ਵਿੱਚ ਹੀ ਆਪਣੀ ਖੁਰਾਕ ਹਜ਼ਮ ਹੋਣੀ ਸ਼ੁਰੂ ਹੋ ਜਾਂਦੀ ਹੈ। ਆਪਣੇ ਥੁੱਕ ਵਿੱਚ ਕਈ ਐਨਜਾਈਮ ਹਨ, ਜੋ ਮਦਦ ਕਰਦੇ ਹਨ। ਦੰਦਾਂ ਨਾਲ ਜਿੰਨਾ ਆਪਾਂ ਖੁਰਾਕ ਨੂੰ ਚਿੱਥ ਕੇ ਖਾਈਏ, ਓਨਾ ਹੀ ਹਾਜਮੇ ਦਾ ਕੰਮ ਚੰਗਾ ਹੁੰਦਾ ਹੈ। ਧਿਆਨ ਰੱਖੋ ਕਿ ਮੂੰਹ ਵਿੱਚ ਕਿੰਨਾ, ਕਿੰਨੀ ਵਾਰੀ, ਕਿਹੜੇ ਵਕਤ ਅਤੇ ਕੀ ਪਾ ਰਹੇ ਹੋ। ਇਹ ਨਾ ਹੋਵੇ ਕਿ ਮੂੰਹ ਵਿਚਲੇ 2-3 ਇੰਚ ਦੇ ਮਾਸ ਦੇ ਲੋਥੜੇ ਯਾਨਿ ਜੀਭ ਨੂੰ ਖੁਸ਼ ਕਰਦੇ ਕਰਦੇ ਬਾਕੀ ਸਰੀਰ ਅਤੇ ਦਿਮਾਗ ਦਾ ਭੱਠਾ ਬਿਠਾ ਦਈਏ ਅਤੇ ਬੁਢਾਪੇ ਵਿੱਚ ਲੈਣੇ ਦੇ ਦੇਣੇ ਪੈ ਜਾਣ ਤੇ ਇੱਕ ਸਫਾ ਲੰਮੀ ਲਿਸਟ ਦਵਾਈਆਂ ਲੈਣੀਆਂ ਪੈਣ। ਹੁਣੇ ਹੀ ਸਾਵਧਾਨ ਹੋ ਜਾਵੋ!"

"ਦੀਦੀ, ਤੁਸੀਂ ਕਿਹਾ ਸੀ ਕਿ ਆਪਣੀ ਵੱਡੀ ਖੁਰਾਕ ਦੀ ਨਾਲੀ ਵਿੱਚ ਵੀ ਦੋਸਤ ਕਟਾਣੂ ਵਸਦੇ ਨੇ ਅਤੇ ਆਪਣੀ ਸਿਹਤ ਲਈ ਬਹੁਤ ਅਹਿਮ ਕੰਮ ਕਰਦੇ ਨੇ। ਉਨ੍ਹਾਂ ਦੀ ਸਿਹਤ ਲਈ ਫਰਮੈਂਟਡ ਖੁਰਾਕ ਵੀ ਬਹੁਤ ਲਾਭਦਾਇਕ ਹੈ, ਜਿਸ ਵਿੱਚ ਤੁਸੀਂ ਸਾਵਰ ਕਰਾਊਟ ਦਾ ਨਾਂ ਲਿਆ ਸੀ। ਜੇ ਆਪਾਂ ਬਣਿਆ ਬਣਾਇਆ ਖਰੀਦਦੇ ਹਾਂ, ਉਹ ਸਵਾਦ ਨਹੀਂ ਹੁੰਦਾ ਇੰਨਾ, ਜਿੰਨਾ ਤੁਹਾਡਾ ਘਰ ਬਣਾਇਆ। ਉਸ ਦੀ ਰੈਸਿਪੀ ਦਿਓ।"

"ਪ੍ਰੀਤ, ਇਹ ਤਾਂ ਬਹੁਤ ਹੀ ਸੌਖਾ ਏ, ਤੈਨੂੰ ਕੁਝ ਲਿਖਣ ਦੀ ਜ਼ਰੂਰਤ ਨਹੀਂ। ਇੱਕ ਫੁੱਲ ਲੈ ਲਵੋ ਪੱਤਾ ਗੋਭੀ ਦਾ- ਹਰਾ ਜਾਂ ਪਰਪਲ, ਅੱਛਾ ਹੈ ਜੇ ਔਰਗੈਨਿਕ ਹੋਵੇ, ਨਹੀਂ ਤਾਂ ਬਾਹਰਲੇ 2-3 ਪੱਤੇ ਲਾਹ ਕੇ ਸੁੱਟ ਦਿਓ ਮਲਚ ਵਗੈਰਾ ਬਨਾਉਣ ਲਈ। ਇਨ੍ਹਾਂ ਤੋਂ ਬਿਨਾ 2 ਹੋਰ ਪੱਤੇ ਲੈ ਕੇ ਸੰਭਾਲ ਕੇ ਰੱਖ ਲਵੋ। ਗੋਭੀ ਦੇ ਫੁੱਲ ਦਾ ਗਬਲਾ ਕੋਰ (core) ਕੱਢ ਕੇ ਰੱਖ ਲਵੋ, ਬਾਕੀ ਦੇ ਫੁੱਲ ਨੂੰ ਬਾਰੀਕ ਬਾਰੀਕ ਸਲਾਈਸ ਕਰ ਲਵੋ। ਵੱਡੇ ਕਟੋਰੇ ਵਿੱਚ 2 ਚੱਮਚ ਦਾਣੇਦਾਰ, ਅੱਛੀ ਤਰ੍ਹਾਂ ਦੇ ਨਮਕ ਨਾਲ ਮਿਲਾ ਕੇ ਥੋੜ੍ਹਾ ਜਿਹਾ ਕੁੱਟ ਲਵੋ, ਜਿਸ ਨਾਲ ਪਾਣੀ ਯਾਨਿ ਜੂਸ ਜਿਹਾ ਨਿਕਲ ਆਵੇ। ਇੱਕ ਸੇਬ ਛਿੱਲਕੇ ਸਮੇਤ ਕੱਟ ਲਵੋ ਅਤੇ ਜਿਹੜੇ ਗੋਭੀ ਦੇ ਫੁੱਲ ਦਾ ਕੋਰ ਕੱਢਿਆ ਸੀ, ਮਿਲਾ ਕੇ ਬਲੈਂਡਰ ਵਿੱਚ ਬਾਰੀਕ ਕਰਕੇ ਬਾਕੀ ਦੇ ਗੋਭੀ ਦੇ ਮਿਕਸ ਵਿੱਚ ਮਿਲਾ ਕੇ, ਅੱਧਾ ਗੈਲਨ ਕੱਚ ਦੇ ਜਾਰ ਵਿੱਚ ਪਾ ਲਵੋ। ਅੱਛੀ ਤਰ੍ਹਾਂ ਪੈਕ ਕਰੋ ਤਾਂ ਕੇ ਲਿਕੁਡ ਇਹ ਮਿਕਸ ਨੂੰ ਚੰਗੀ ਤਰ੍ਹਾਂ ਢਕ ਲਵੇ। ਜੋ ਦੋ ਪੱਤੇ ਬਚਾਏ ਸੀ, ਉਹ ਫੋਲਡ ਕਰਕੇ ਉਤੇ ਰੱਖ ਦੇਵੋ ਅਤੇ ਕੁਝ ਸ਼ੀਸ਼ੇ ਦੇ ਬਣੇ ਭਾਰ ਨਾਲ ਪੱਤੇ ਜਾਰ ਵਿੱਚ ਦਬਾ ਲਓ ਤਾਂ ਕਿ ਉਹ ਵੀ ਲਿਕੁਡ ਵਿੱਚ ਡੁੱਬ ਜਾਣ ਅਤੇ ਜਾਰ ਨੂੰ ਏਅਰ ਟਾਈਟ ਢੱਕਣ ਨਾਲ ਬੰਦ ਕਰਕੇ ਇੱਕ ਪਾਸੇ ਕਾਊਂਟਰ 'ਤੇ ਰੱਖ ਦੇਣਾ।

ਹਰ ਹਫਤੇ ਚਖ ਕੇ ਦੇਖ ਲੈਣਾ, ਜਦੋਂ ਤੁਹਾਨੂੰ ਲੱਗੇ ਕਿ ਉਸ ਦੀ ਖੱਟਾਸ ਤੁਹਾਡੇ ਪਸੰਦ ਦੀ ਹੈ ਤਾਂ ਉਸ ਨੂੰ ਫਰਿਜ਼ ਵਿੱਚ ਰੱਖ ਦੇਵੋ ਅਤੇ ਥੋੜ੍ਹਾ ਜਿਹਾ ਹਰ ਰੋਜ਼ ਇਸਤੇਮਾਲ ਕਰਨਾ ਸ਼ੁਰੂ ਕਰ ਲੈਣਾ।"

"ਵਾਓ! ਇਹ ਤਾਂ ਸੌਖਾ ਈ ਬਹੁਤ ਐ। ਤੁਸੀਂ ਹਮੇਸ਼ਾ ਕਹਿੰਦੇ ਹੋ ਕਿ ਸਬਜ਼ੀਆਂ ਜਿੰਨੀਆਂ ਕੱਚੀਆਂ ਹੋਣ ਜਾਂ ਘੱਟ ਤੋਂ ਘੱਟ ਤਾਪਮਾਨ 'ਤੇ ਰਿੰਨ੍ਹੀਆਂ ਜਾਂ ਸਟੀਮ ਕੀਤੀਆਂ ਹੋਈਆਂ ਹੀ ਖਾਣੀਆਂ ਚਾਹੀਦੀਆਂ ਹਨ।"

"ਤੁਸੀਂ ਸਲਾਦ ਬਣਾ ਕੇ, ਸਬਜ਼ੀਆਂ ਬਦਲ ਬਦਲ ਕੇ ਵੱਖਰੇ ਵੱਖਰੇ ਤਰ੍ਹਾਂ ਦੀਆਂ ਹਰੀਆਂ, ਰੰਗ-ਬਰੰਗੀਆਂ, ਉਨ੍ਹਾਂ ਵਿੱਚ ਬੀਨਜ਼, ਨਟਸ, ਸੀਡਜ਼ ਅਤੇ ਚੀਜ਼ ਪਾ ਕੇ ਵਧੀਆ ਜਿਹੀ ਡਰੈਸਿੰਗ ਨਾਲ ਖਾ ਕੇ ਉਸ ਦਾ ਮਜ਼ਾ ਲਵੋ।"

"ਦੀਦੀ, ਚਲੋ ਲੱਗਦੇ ਹੱਥ ਅੱਜ ਅੱਛੇ ਜਿਹੇ ਸਲਾਦ ਦੀ ਵਿਧੀ (recipes) ਹੋ ਜਾਵੇ ਫਿਰ!"

"ਚੱਲ ਫਿਰ ਲਿਖ- ਪਹਿਲੀ ਹੈ ਚਕੰਦਰ ਦਾ ਸਲਾਦ। ਚਕੰਦਰ ਦਿਲ ਲਈ ਬਹੁਤ ਹੀ ਚੰਗਾ ਹੈ।

ਸਮੱਗਰੀ:

-ਤਿੰਨ ਚਕੰਦਰਾਂ

-ਅੱਧਾ ਕੱਪ ਸੰਤਰੇ ਦਾ ਤਾਜ਼ਾ ਜੂਸ

-ਦੋ ਚੱਮਚ ਸ਼ਹਿਦ

-ਦੋ ਚੱਮਚ ਬਾਲਸੈਮਿਕ ਵਿਨੇਗਰ (balsamic vinegar)

-ਇੱਕ ਚੱਮਚ ਸੰਤਰੇ ਦਾ zest

-ਇੱਕ ਚੱਮਚ Dijon mustard

-ਅੱਧਾ ਚੱਮਚ ਔਲਿਵ ਆਇਲ (extra virgin olive oil)

ਇਹ ਸਾਰਿਆਂ ਨੂੰ (ਚਕੰਦਰ ਤੋਂ ਬਿਨਾ) ਵਿਸਕ ਨਾਲ ਮਿਲਾ ਲਵੋ।

ਸੁਆਦ ਮੁਤਾਬਕ ਨਮਕ ਅਤੇ ਕਾਲੀ ਮਿਰਚ ਪਾ ਲਵੋ।

ਚਕੰਦਰ ਨੂੰ ਪਾਰਚਮੈਂਟ ਕਾਗਜ਼ ਵਿੱਚ ਲਪੇਟ ਕੇ 400 ਡਿਗਰੀ ਫਾਰਨਹੀਟ ਉਤੇ 50 ਕੁ ਮਿੰਟ ਰੋਸਟ ਕਰ ਲਵੋ। ਠੰਡਾ ਹੋਣ 'ਤੇ ਛਿੱਲ ਕੇ ਇਸ ਨੂੰ ਕਿਊਬਜ਼ ਵਿੱਚ ਕੱਟ ਲਵੋ। ਅੱਧਾ ਕੱਪ ਪਿਆਜ, ਇੱਕ ਪੇਅਰ, ਕੱਪ ਦਾ ਚੌਥਾ ਹਿੱਸਾ ਫੈਟਾ ਚੀਜ਼ ਛੋਟੇ ਛੋਟੇ ਟੁਕੜੇ ਕੀਤਾ ਹੋਇਆ, ਦੋ ਬੜੇ ਚੱਮਚ ਕੱਟੇ ਤੇ ਰੋਸਟ ਕੀਤੇ ਬਦਾਮ। ਸਾਰੇ ਮਿਕਸ ਕਰਕੇ ਉਪਰ ਦੱਸੀ ਹੋਈ ਡਰੈਸਿੰਗ ਨਾਲ ਮਿਲਾ ਕੇ ਖਾਓ, ਖਿਲਾਓ ਅਤੇ ਸੁਆਦ ਲਵੋ।

ਦੂਜੀ ਵਿਧੀ ਹੈ ਸਲਾਦ ਦੀ। ਸਬਜ਼ੀਆਂ ਨੂੰ ਪਾਣੀ ਨਾਲ ਚੰਗੀ ਤਰ੍ਹਾਂ ਧੋ ਕੇ ਅਤੇ ਸੁਕਾ ਕੇ ਇਸਤੇਮਾਲ ਕਰੋ।

ਸਮੱਗਰੀ:

-ਔਰਗੈਨਿਕ ਇੰਗਲਿਸ਼ ਖੀਰਾ, ਛਿੱਲਣ ਤੋਂ ਬਿਨਾ, ਤਿੰਨ ਟੁਕੜਿਆਂ ਵਿੱਚ ਕੱਟ ਕੇ ਪੀਲਰ ਨਾਲ ਪਤਲਾ ਪਤਲਾ ਸਲਾਈਸ ਕਰ ਲਓ ਲੰਮੀਆਂ ਕਾਤਰਾਂ ਵਿੱਚ

-ਇੱਕ ਰੈਡਿਸ਼ ਜਾਂ ਮੂਲੀ ਵੀ ਉਸੀ ਤਰ੍ਹਾਂ ਸਲਾਈਸ ਕਰ ਲਵੋ ਜਾਂ ਹੋਰ ਆਪਣੀ ਮਰਜ਼ੀ ਦੀ ਸਬਜ਼ੀ

-ਇੱਕ ਟਮਾਟਰ ਕੱਟ ਲਓ

-ਚੌਥਾ ਹਿੱਸਾ ਪਿਆਜ ਕੱਟਿਆ ਹੋਇਆ

-ਇੱਕ ਪੱਤਾ ਗੋਭੀ (lettuce) ਦਾ ਕੱਟ ਲਵੋ

-ਚੌਥਾ ਹਿੱਸਾ ਲਾਲ ਅਤੇ ਚੌਥਾ ਹਿੱਸਾ ਹੀ ਪੀਲੀ ਸ਼ਿਮਲਾ ਮਿਰਚ ਸਲਾਈਸ ਕਰਕੇ, ਥੋੜ੍ਹੇ ਜਿਹੇ ਛੋਟੇ ਛੋਟੇ ਬਰੋਕਲੀ ਦੇ ਹਿੱਸੇ (ਇਨ੍ਹਾਂ ਨੂੰ ਥੋੜ੍ਹਾ ਜਿਹਾ ਸਟੀਮ ਕਰ ਲਵੋ)

ਸਾਰੀਆਂ ਸਬਜ਼ੀਆਂ ਨੂੰ ਇੱਕ ਬਰਤਨ ਵਿੱਚ ਪਾ ਲਵੋ ਅਤੇ ਉਸ ਵਿੱਚ ਉਬਲੇ ਛੋਲੇ, ਰਾਜਮਾਂਹ, ਰੋਸਟ ਕੀਤੇ ਪੀਨਟਜ਼ (ਚੌਥਾ ਹਿੱਸਾ ਕੱਪ ਹਰ ਇੱਕ ਦਾ), ਚੀਜ਼ ਜਾਂ ਪਨੀਰ ਕਿਊਬ ਕੀਤੇ ਹੋਏ- ਸਾਰੇ ਹੀ ਮਿਲਾ ਲਵੋ।

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

# ਕੁਦਰਤ ਨਾਲ ਆਢੇ ਲਾਵਾਂਗੇ ਤਾਂ ਖਤਰੇ ਹੀ ਸਹੇੜਾਂਗੇ...

## ਫੰਗਲ ਬਿਮਾਰੀਆਂ- ਮਨੁੱਖਜਾਤੀ ਲਈ ਗੰਭੀਰ ਖ਼ਤਰਾ

**ਫੰਗਲ ਇਨਫੈਕਸ਼ਨਾਂ ਦੇ ਤੇਜ਼ੀ ਨਾਲ ਫੈਲਣ ਦੇ ਕਾਰਨਾਂ ਵਿੱਚੋਂ ਇੱਕ ਤੱਥ ਇਹ ਹੈ ਕਿ ਉੱਲੀ ਮਿੱਟੀ ਵਿੱਚ 40 ਸਾਲਾਂ ਤੱਕ ਜ਼ਿੰਦਾ ਰਹਿ ਸਕਦੀ ਹੈ। ਹਾਲ ਹੀ ਵਿੱਚ ਅਸੀਂ ਦੁਨੀਆ ਨੂੰ ਕੋਵਿਡ ਦੁਆਰਾ ਪੈਦਾ ਹੋਏ ਮਨੁੱਖੀ ਸਿਹਤ ਦੇ ਖਤਰੇ ਉੱਤੇ ਇੱਕਜੁੱਟ ਹੁੰਦੇ ਦੇਖਿਆ ਹੈ। ਸਾਨੂੰ ਹੁਣ ਫੰਗਲ ਇਨਫੈਕਸ਼ਨ ਨਾਲ ਨਜਿੱਠਣ ਲਈ ਵਿਸ਼ਵ ਪੱਧਰ 'ਤੇ ਇਕਜੁੱਟ ਹੋਣ ਦੀ ਲੋੜ ਹੈ।**

ਤਰਜੀਹਾਂ

ਡਾ. ਪਰਸ਼ੋਤਮ ਸਿੰਘ ਤਿਆਗੀ
ਫੋਨ: +91-9855446519



ਅੰਗਰੇਜ਼ੀ ਵਿੱਚ ਇੱਕ ਪ੍ਰਸਿੱਧ ਵਾਕੰਸ਼ (Popular Phrase) ਹੈ, "ਮਨੁੱਖ ਪ੍ਰਸਤਾਵਿਤ ਕਰਦਾ ਹੈ, ਪਰ ਪਰਮੇਸ਼ੁਰ ਨਿਪਟਾਉਂਦਾ ਹੈ।" (Man proposes but God disposes) ਸਵਾਲ ਹੈ ਕਿ ਰੱਬ ਮਨੁੱਖ ਦੇ ਵਿਰੁੱਧ ਕਿਉਂ ਕੰਮ ਕਰੇਗਾ? ਕੀ ਮਨੁੱਖ ਨਾਲ ਰੱਬ ਦੀ ਕੋਈ ਦੁਸ਼ਮਣੀ ਹੈ? ਜਵਾਬ ਬਹੁਤ ਸਰਲ ਹੈ। ਜੇ ਮਨੁੱਖ ਪਰਮਾਤਮਾ ਦੀ ਬਣਾਈ ਕੁਦਰਤ ਨੂੰ ਬਰਕਰਾਰ ਰੱਖਦਾ ਹੈ, ਤਾਂ ਰੱਬ ਦੀ ਕੋਈ ਦਖਲਅੰਦਾਜ਼ੀ ਨਹੀਂ ਹੋਵੇਗੀ ਅਤੇ ਮਨੁੱਖ ਦੀਆਂ ਤਜਵੀਜ਼ਾਂ/ਯੋਜਨਾਵਾਂ ਨੂੰ ਸਫਲਤਾਪੂਰਵਕ ਲਾਗੂ ਕੀਤਾ ਜਾਵੇਗਾ। ਪਰ ਜੇ ਮਨੁੱਖ ਕੁਦਰਤ ਨੂੰ ਵਿਗਾੜਦਾ ਹੈ ਤਾਂ 'ਰੱਬ ਨਿਪਟਾਉਂਦਾ ਹੈ' ਵਾਕੰਸ਼ ਦਾ ਹਿੱਸਾ ਕੰਮ ਕਰੇਗਾ। ਮਨੁੱਖ ਪਰਮਾਤਮਾ ਉੱਤੇ ਸਰਵਉੱਚਤਾ ਦਾ ਦਾਅਵਾ ਨਹੀਂ ਕਰ ਸਕਦਾ ਅਤੇ ਜੋ ਕੁਝ ਵੀ ਮਨੁੱਖ ਦੀ ਬੁੱਧੀਮਾਨ ਖੋਜ ਦੇ ਨਤੀਜੇ ਵਜੋਂ ਸਾਹਮਣੇ ਆਉਂਦਾ ਹੈ, ਉਸ ਨੂੰ ਪਰਮਾਤਮਾ ਦੇ ਦਖਲ ਤੋਂ ਬਿਨਾ ਉਸ ਦੇ ਆਪਣੇ ਕੀਤੇ ਹੋਣ ਦਾ ਦਾਅਵਾ ਨਹੀਂ ਕੀਤਾ ਜਾ ਸਕਦਾ। ਖੇਤੀ ਵਿਗਿਆਨੀਆਂ ਦੀ ਬੁੱਧੀ ਨਾਲ ਵਿਕਸਿਤ ਆਧੁਨਿਕ ਖੇਤੀ ਤਕਨੀਕਾਂ, ਫ਼ਸਲਾਂ ਦੀਆਂ ਕਿਸਮਾਂ, ਖੇਤੀ ਰਸਾਇਣਾਂ ਦੀ ਖੋਜ ਅਤੇ ਕਿਸਾਨਾਂ ਦੀ ਸਖ਼ਤ ਮਿਹਨਤ ਉਦੋਂ ਵਿਅਰਥ ਜਾਂਦੀ ਹੈ, ਜਦੋਂ ਫ਼ਸਲਾਂ ਕੀੜਿਆਂ, ਬਿਮਾਰੀਆਂ, ਨਦੀਨਾਂ, ਅਣਚਾਹੇ ਮੀਂਹ ਜਾਂ ਸੋਕੇ ਨਾਲ ਬੁਰੀ ਤਰ੍ਹਾਂ ਪ੍ਰਭਾਵਿਤ ਹੁੰਦੀਆਂ ਹਨ।

ਪਿਛਲੀਆਂ ਕੁਝ ਸਦੀਆਂ ਵਿੱਚ ਵਿਗਿਆਨ ਨੇ ਬਹੁਤ ਤਰੱਕੀ ਕੀਤੀ ਅਤੇ ਮਨੁੱਖ ਦੇ ਜੀਵਨ ਨੂੰ ਆਸਾਨ ਬਣਾਇਆ; ਪਰ ਮਨੁੱਖ ਨੂੰ ਇਹ ਅਹਿਸਾਸ ਹੋਣਾ ਚਾਹੀਦਾ ਹੈ ਕਿ ਵਿਗਿਆਨਕ ਤਕਨਾਲੋਜੀ ਦੀ ਤਰੱਕੀ ਆਮ ਜਨਤਾ ਲਈ ਨੁਕਸਾਨਦੇਹ ਨਤੀਜੇ ਪੈਦਾ ਕਰ ਸਕਦੀ ਹੈ। ਵਿਗਿਆਨਕ ਤਰੱਕੀ ਅਣਜਾਣੇ ਵਿੱਚ ਮਨੁੱਖਜਾਤੀ ਲਈ ਗੰਭੀਰ ਸਮੱਸਿਆਵਾਂ ਪੈਦਾ ਕਰ ਸਕਦੀ ਹੈ। ਖੇਤੀਬਾੜੀ ਵਿੱਚ ਵਿਗਿਆਨਕ ਤਰੱਕੀ ਨੇ ਫਸਲਾਂ ਦੇ ਉਤਪਾਦਨ ਵਿੱਚ ਭਾਰੀ ਸੁਧਾਰ ਲਿਆਂਦਾ ਹੈ, ਪਰ ਨਾਲ ਹੀ ਇਨ੍ਹਾਂ ਤਰੱਕੀਆਂ ਨੇ ਨਵੀਆਂ ਸਮੱਸਿਆਵਾਂ ਪੈਦਾ ਕੀਤੀਆਂ ਹਨ।

ਉਪਰੋਕਤ ਦੇ ਸਬੰਧ ਵਿੱਚ ਅਸੀਂ ਪੌਦਿਆਂ ਅਤੇ ਮਨੁੱਖਾਂ ਵਿੱਚ ਉੱਲੀ (ਫੰਗੀ) ਦੁਆਰਾ ਵਿਕਸਿਤ ਬਿਮਾਰੀਆਂ ਦੀ ਮਿਸਾਲ ਲੈ ਸਕਦੇ ਹਾਂ। ਉੱਲੀ ਇੱਕ ਸਧਾਰਨ ਜੀਵ ਜਾਂ ਜੀਵਤ ਚੀਜ਼ ਹੈ, ਜੋ ਨਾ ਤਾਂ ਕੋਈ ਪੌਦਾ ਹੈ ਅਤੇ ਨਾ ਹੀ ਕੋਈ ਜਾਨਵਰ। ਉਹ ਪੌਦਿਆਂ ਅਤੇ ਜਾਨਵਰਾਂ ਦੇ ਵਿਚਕਾਰਲੇ ਜੀਵ ਹਨ। ਕੁਝ ਉੱਲੀ ਮਨੁੱਖਜਾਤੀ ਲਈ ਲਾਭਦਾਇਕ ਹਨ ਜਿਵੇਂ ਕਿ ਖੁੰਬਾਂ ਨੂੰ ਭੋਜਨ ਵਜੋਂ ਵਰਤਿਆ ਜਾਂਦਾ ਹੈ, ਕੁਝ ਰੋਗਾਂ ਨਾਲ ਲੜਨ ਲਈ ਐਂਟੀਬਾਇਓਟਿਕਸ ਤਿਆਰ ਕਰਨ ਲਈ ਵਰਤੇ ਜਾਂਦੇ ਹਨ ਅਤੇ ਕੁਝ ਬੇਕਰੀ ਤੇ ਅਲਕੋਹਲ ਵਾਲੇ ਉਤਪਾਦਾਂ ਨੂੰ ਤਿਆਰ ਕਰਨ ਲਈ ਵਰਤੇ ਜਾਂਦੇ ਹਨ; ਪਰ ਉੱਲੀ ਦੇ ਹਾਨੀਕਾਰਕ ਪ੍ਰਭਾਵ ਲਾਭਦਾਇਕ ਪ੍ਰਭਾਵਾਂ ਨੂੰ ਪਿੱਛੇ ਛੱਡ ਗਏ ਹਨ ਅਤੇ ਉੱਲੀ ਮਨੁੱਖਤਾ ਲਈ ਖ਼ਤਰਾ ਬਣ ਗਈ ਹੈ। ਕੁਝ ਉੱਲੀ ਸਾਡੀ ਖੁਰਾਕੀ ਫਸਲਾਂ ਵਿੱਚ ਗੰਭੀਰ ਬਿਮਾਰੀਆਂ ਪੈਦਾ ਕਰਦੀਆਂ ਹਨ, ਜਿਸ ਦੇ ਨਤੀਜੇ ਵਜੋਂ ਭਾਰੀ ਨੁਕਸਾਨ ਅਤੇ ਦੂਰਗਾਮੀ ਪ੍ਰਭਾਵ ਹੁੰਦੇ ਹਨ।

ਇਸ ਸੰਦਰਭ ਵਿੱਚ ਅਸੀਂ 19ਵੀਂ ਸਦੀ ਦੇ "ਵੱਡੇ ਆਇਰਿਸ਼ ਅਕਾਲ" (Great Irish Famine) ਦੀ ਮਿਸਾਲ ਲੈ ਸਕਦੇ ਹਾਂ, ਜਿਸ ਨੂੰ ਵਿਗਿਆਨ ਦੇ ਸਿੱਧੇ ਜਾਂ ਅਸਿੱਧੇ ਨਤੀਜੇ ਵਜੋਂ ਦਰਸਾਇਆ ਜਾ ਸਕਦਾ ਹੈ। 'ਆਇਰਿਸ਼ ਅਕਾਲ' 1845 ਤੋਂ 1849 ਦੇ ਵਿਚਕਾਰ ਦੀ ਮਿਆਦ ਹੈ, ਜਦੋਂ ਫਾਈਟੋਫਥੋਰਾ ਇਨਫਸਟੈਨਸ (Phytophthora infestans) ਵਜੋਂ ਜਾਣੇ ਜਾਂਦੇ ਇੱਕ ਉੱਲੀ ਨੇ ਆਲੂ ਵਿੱਚ ਬਿਮਾਰੀ ਪੈਦਾ ਕਰ ਕੇ ਪੂਰੀ ਫਸਲ ਬਰਬਾਦ ਕਰ ਦਿੱਤੀ। ਆਇਰਲੈਂਡ ਦੇ ਲੋਕ ਭੋਜਨ ਦੇ ਸਰੋਤ ਦੇ ਤੌਰ 'ਤੇ ਆਲੂ ਉਤੇ ਬਹੁਤ ਜ਼ਿਆਦਾ ਨਿਰਭਰ ਕਰਦੇ ਸਨ, ਇਸ ਲਈ ਸੰਕ੍ਰਮਣ ਦਾ ਆਇਰਲੈਂਡ ਅਤੇ ਇਸ ਦੀ ਆਬਾਦੀ 'ਤੇ ਘਾਤਕ ਪ੍ਰਭਾਵ ਪਿਆ ਸੀ। ਆਲੂ ਦੇ ਅਕਾਲ ਦੇ ਨਤੀਜੇ ਵਜੋਂ ਭੁੱਖਮਰੀ ਅਤੇ ਸਬੰਧਿਤ ਕਾਰਨਾਂ ਕਰਕੇ ਲਗਭਗ 10 ਲੱਖ ਆਇਰਿਸ਼ ਲੋਕਾਂ ਦੀ ਮੌਤ ਹੋ ਗਈ। ਇਹ 19ਵੀਂ ਸਦੀ ਵਿੱਚ ਯੂਰਪ ਵਿੱਚ ਹੋਣ ਵਾਲਾ ਸਭ ਤੋਂ ਭਿਆਨਕ ਅਕਾਲ ਸੀ। ਇਸ ਸੰਦਰਭ ਵਿੱਚ ਅਸੀਂ ਦੂਜੇ ਵਿਸ਼ਵ ਯੁੱਧ ਦੌਰਾਨ '1943 ਦੇ ਬੰਗਾਲ ਅਕਾਲ' ਦੀ ਮਿਸਾਲ ਵੀ ਲੈ ਸਕਦੇ ਹਾਂ, ਜਿਸ ਨੇ ਬ੍ਰਿਟਿਸ਼ ਭਾਰਤ ਦੇ ਬੰਗਾਲ ਸੂਬੇ (ਮੌਜੂਦਾ ਬੰਗਲਾਦੇਸ਼, ਪੱਛਮੀ ਬੰਗਾਲ ਅਤੇ ਪੂਰਬੀ ਭਾਰਤ) ਨੂੰ ਪ੍ਰਭਾਵਿਤ ਕੀਤਾ ਸੀ। ਇਸ ਅਕਾਲ ਵਿੱਚ ਤਕਰੀਬਨ 25-30 ਲੱਖ ਲੋਕ ਭੁੱਖਮਰੀ, ਮਲੇਰੀਆ, ਕੁਪੋਸ਼ਣ, ਸਿਹਤ ਸੰਭਾਲ ਦੀ ਘਾਟ ਅਤੇ ਹੋਰ ਬਿਮਾਰੀਆਂ ਨਾਲ ਮਰ ਗਏ ਸਨ। ਇਸ ਅਕਾਲ ਦਾ ਮੁੱਖ ਕਾਰਨ ਬ੍ਰਿਟਿਸ਼ ਭਾਰਤ ਵਿੱਚ ਹੈਲਮਿੰਥੋਸਪੋਰੀਅਮ (Helminthosporium) ਨਾਮਕ ਉੱਲੀ ਦਾ ਦਾਖਲਾ ਸੀ। ਉੱਲੀ ਨੇ ਚੌਲਾਂ ਦੇ ਪੌਦਿਆਂ 'ਤੇ ਹਮਲਾ ਕੀਤਾ, ਜੋ ਬੰਗਾਲੀਆਂ ਦਾ ਮੁੱਖ ਭੋਜਨ ਸਰੋਤ ਸੀ। ਝੋਨੇ ਦੀ ਸਾਰੀ ਫ਼ਸਲ ਤਬਾਹ ਹੋ ਗਈ। ਇਸ ਕਾਰਨ ਅਕਾਲ ਪੈ ਗਿਆ।

Puccinia graminis ਨਾਂ ਦੀ ਇੱਕ ਹੋਰ ਉੱਲੀ ਕਣਕ ਵਿੱਚ 'ਜੰਗਾਲ ਰੋਗਾਂ' (Rust Diseases) ਦਾ ਕਾਰਨ ਬਣਦੀ ਹੈ। ਇਹ ਸੈਂਕੜੇ ਸਾਲ ਪਹਿਲਾਂ ਸੰਯੁਕਤ ਰਾਜ ਅਮਰੀਕਾ ਵਿੱਚ ਦਾਖਲ ਹੋਇਆ ਸੀ, ਪਰ ਅਜੇ ਵੀ ਫਸਲਾਂ ਦੇ ਨੁਕਸਾਨ ਦੇ ਰੂਪ ਵਿੱਚ ਇਸ ਦਾ ਨਕਾਰਾਤਮਕ ਆਰਥਿਕ ਪ੍ਰਭਾਵ ਹੈ। ਭਾਰਤ ਵਿੱਚ 1922 ਦੇ ਆਸ-ਪਾਸ ਕਣਕ ਦੀ 'ਜੰਗਾਲ ਦੀਆਂ ਬਿਮਾਰੀਆਂ' ਦਾਖਲ ਹੋਈਆਂ। ਇਹ ਬਿਮਾਰੀਆਂ ਕਣਕ ਦੀ ਪੈਦਾਵਾਰ ਘਟਾ ਕੇ ਹਰ ਸਾਲ ਕਰੋੜਾਂ ਰੁਪਏ ਦਾ ਆਰਥਿਕ ਨੁਕਸਾਨ ਕਰ ਰਹੀਆਂ ਹਨ। ਇਸ ਉੱਲੀ ਦੇ ਬੀਜਾਣੂ ਗਰਮੀਆਂ ਵਿੱਚ ਫਸਲ ਦੇ ਪੱਕਣ ਤੋਂ ਬਾਅਦ ਮਰ ਜਾਂਦੇ ਹਨ। ਗਰਮੀਆਂ ਵਿੱਚ ਬੀਜਾਣੂ ਪਹਾੜਾਂ ਦੇ ਠੰਢੇ ਮੌਸਮ ਵਿੱਚ ਪਰਵਾਸ ਕਰਦੇ ਹਨ ਅਤੇ ਕਿਸੇ ਹੋਰ ਪੌਦੇ ਦੇ ਸਰੀਰ ਵਿੱਚ ਰਹਿੰਦੇ ਹਨ ਤੇ ਇੱਕ ਹੋਰ ਕਿਸਮ ਦੇ ਬੀਜ ਪੈਦਾ ਕਰਦੇ ਹਨ। ਇਹ ਨਵੇਂ ਬੀਜਾਣੂ ਅਗਲੀ ਸਰਦੀਆਂ ਵਿੱਚ ਜਦੋਂ ਫ਼ਸਲ ਬੀਜੀ ਜਾਂਦੀ ਹੈ, ਕਣਕ ਦੇ ਬੂਟਿਆਂ 'ਤੇ ਹਮਲਾ ਕਰਦੇ ਹਨ।

ਵਿਸ਼ਵ ਵਿਗਿਆਨੀਆਂ ਨੇ ਕਿਹਾ ਹੈ ਕਿ ਵਧਦੀ ਆਬਾਦੀ ਦੇ ਫਲਸਰੂਪ ਮਨੁੱਖਤਾ ਨੂੰ ਭੋਜਨ ਉਤਪਾਦਨ ਲਈ ਬੇਮਿਸਾਲ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਚੌਲਾਂ, ਕਣਕ, ਮੱਕੀ, ਸੋਇਆਬੀਨ ਅਤੇ ਆਲੂ ਦੀਆਂ ਪੰਜ ਸਭ ਤੋਂ ਮਹੱਤਵਪੂਰਨ ਫਸਲਾਂ ਵਿੱਚ ਫੰਗਲ ਇਨਫੈਕਸ਼ਨ ਕਾਰਨ ਨੁਕਸਾਨ ਹੁੰਦਾ ਹੈ, ਜੋ ਇੱਕ ਸਾਲ ਲਈ ਹਰ ਰੋਜ਼ ਲਗਭਗ 600 ਮਿਲੀਅਨ ਤੋਂ 4 ਬਿਲੀਅਨ ਲੋਕਾਂ ਨੂੰ ਭੋਜਨ ਪ੍ਰਦਾਨ ਕਰਨ ਦੇ ਬਰਾਬਰ ਹੁੰਦਾ ਹੈ। ਦੁਨੀਆ ਭਰ ਵਿੱਚ ਉਤਪਾਦਕ ਹਰ ਸਾਲ ਫੰਗਲ ਇਨਫੈਕਸ਼ਨ ਕਾਰਨ ਉੱਲੀਨਾਸ਼ਕਾਂ ਦੀ ਵਿਆਪਕ ਵਰਤੋਂ ਦੇ ਬਾਵਜੂਦ ਆਪਣੀਆਂ ਫਸਲਾਂ ਦਾ 10 ਤੋਂ 23 ਫੀਸਦੀ ਤੱਕ ਗੁਆ ਦਿੰਦੇ ਹਨ। ਫਰਾਂਸੀਸੀ ਵਿਗਿਆਨੀ ਮਿਲਾਰਡੇਟ ਨੇ ਦੇਖਿਆ ਕਿ ਚੋਰਾਂ ਨੂੰ ਅੰਗੂਰ ਚੋਰੀ ਕਰਨ ਤੋਂ ਰੋਕਣ ਲਈ ਵਾਈਨ ਬਣਾਉਣ ਵਾਲਿਆਂ ਨੇ ਅੰਗੂਰਾਂ ਦੀਆਂ ਵੇਲਾਂ 'ਤੇ ਕਾਪਰ ਸਲਫੇਟ ਅਤੇ ਚੂਨੇ ਦੇ ਮਿਸ਼ਰਣ ਨਾਲ ਛਿੜਕਾਅ ਕੀਤਾ। ਮਿਲਾਰਡੇਟ ਨੇ ਇਸ ਦਾ ਨਾਮ ਪਹਿਲੀ ਉੱਲੀਨਾਸ਼ਕ ਦੇ ਰੂਪ ਵਿੱਚ ਬਾਰਡੋ ਮਿਸ਼ਰਣ ਦਿੱਤਾ, ਜੋ ਅੰਗੂਰ ਦੇ ਫ਼ਫ਼ੂੰਦੀ ਦੀ ਬਿਮਾਰੀ ਦਾ ਮੁਕਾਬਲਾ ਕਰ ਸਕਦਾ ਸੀ। ਇਸ ਖੋਜ ਤੋਂ ਬਾਅਦ ਕਈ ਹੋਰ ਉੱਲੀਨਾਸ਼ਕਾਂ ਦੀ ਖੋਜ ਕੀਤੀ ਗਈ, ਪਰ ਹੌਲੀ ਹੌਲੀ ਉੱਲੀ ਨੇ ਉੱਲੀਨਾਸ਼ਕਾਂ ਦੇ ਵਿਰੁੱਧ ਪ੍ਰਤੀਰੋਧਕ ਸ਼ਕਤੀ ਵਿਕਸਿਤ ਕੀਤੀ ਅਤੇ ਹੁਣ ਬਹੁਤ ਸਾਰੀਆਂ ਉੱਲੀਨਾਸ਼ਕ ਬੇਅਸਰ ਹੋ ਗਈਆਂ ਹਨ।

ਮਨੁੱਖੀ ਸਿਹਤ 'ਤੇ ਉੱਲੀ ਦੇ ਪ੍ਰਭਾਵ ਨੂੰ ਜਨਤਕ ਸਿਹਤ ਅਧਿਕਾਰੀਆਂ ਦੁਆਰਾ ਘੱਟ ਮਹੱਤਵ ਦਿੱਤਾ ਗਿਆ ਹੈ। ਹਾਲਾਂਕਿ ਇਹ ਜਰਾਸੀਮ ਦੁਨੀਆ ਭਰ ਵਿੱਚ ਅਰਬਾਂ ਲੋਕਾਂ ਨੂੰ ਸੰਕ੍ਰਮਿਤ ਕਰਦਾ ਹੈ ਅਤੇ ਪ੍ਰਤੀ ਸਾਲ 1.5 ਮਿਲੀਅਨ ਤੋਂ ਵੱਧ ਲੋਕਾਂ ਨੂੰ ਮਾਰਦਾ ਹੈ। ਜ਼ਿਆਦਾਤਰ ਉੱਲੀ ਮਨੁੱਖਾਂ ਲਈ ਹਾਨੀਕਾਰਕ ਨਹੀਂ ਹਨ, ਪਰ ਕੁਝ ਉੱਲੀ ਕਮਜ਼ੋਰ ਪ੍ਰਤੀਰੋਧੀ ਲੋਕਾਂ ਵਿੱਚ ਬਿਮਾਰੀਆਂ ਪੈਦਾ ਕਰਨ ਦੇ ਸਮਰੱਥ ਹਨ। ਫੰਗਲ ਰੋਗ ਆਮ ਤੌਰ 'ਤੇ ਚਮੜੀ, ਨਹੁੰਆਂ ਜਾਂ ਫੇਫੜਿਆਂ ਨੂੰ ਪ੍ਰਭਾਵਿਤ ਕਰਦੇ ਹਨ; ਪਰ ਸਾਡੇ ਮਹੱਤਵਪੂਰਣ ਅੰਗ ਜਿਵੇਂ ਕਿ ਦਿਲ, ਗੁਰਦੇ, ਦਿਮਾਗ ਅਤੇ ਅੱਖਾਂ ਵੀ ਪ੍ਰਭਾਵਿਤ ਹੋ ਸਕਦੇ ਹਨ।

ਹਾਲ ਹੀ ਵਿੱਚ ਵਿਸ਼ਵ ਸਿਹਤ ਸੰਗਠਨ ਨੇ ਮਨੁੱਖਾਂ ਲਈ ਸਭ ਤੋਂ ਖਤਰਨਾਕ ਉੱਲੀ ਦੀ ਸੂਚੀ ਬਣਾਉਣ ਦਾ ਪਹਿਲਾ ਵਿਸ਼ਵਵਿਆਪੀ ਯਤਨ ਕੀਤਾ ਹੈ। ਐਚ.ਬੀ.ਓ. ਚੈਨਲ ਦੇ ਟੀ.ਵੀ. ਸ਼ੋਅ (The Last of Us) ਦੇ ਵਿੱਚ ਇਹ ਦਿਖਾਇਆ ਗਿਆ ਹੈ ਕਿ ਕਿਵੇਂ ਇੱਕ ਉੱਲੀ ਆਮ ਲੋਕਾਂ ਨੂੰ ਜ਼ੋਂਬੀ ਵਿੱਚ ਬਦਲ ਦਿੰਦੀ ਹੈ। ਇਹ ਸ਼ੋਅ ਉੱਲੀ ਦੀ ਅਸਲ ਪ੍ਰਜਾਤੀ 'ਜ਼ੋਂਬੀ ਕੀੜੀ ਫੰਗਸ' (Zombie Ant Fungus) 'ਤੇ ਆਧਾਰਤ ਹੈ, ਜੋ ਕੀੜੀਆਂ 'ਤੇ ਹਮਲਾ ਕਰਦੀ ਹੈ ਅਤੇ ਉਨ੍ਹਾਂ ਦੇ ਦਿਮਾਗ ਨੂੰ ਕੰਟਰੋਲ ਕਰਦੀ ਹੈ। ਹਾਲਾਂਕਿ ਟੀ.ਵੀ. ਸ਼ੋਅ ਵਿੱਚ ਇਸ ਉੱਲੀ ਨੂੰ ਮਨੁੱਖ ਉੱਤੇ ਹਮਲਾ ਕਰਦੇ ਦਿਖਾਇਆ ਗਿਆ ਹੈ, ਪਰ ਅਸਲ ਵਿੱਚ ਇਹ ਮਨੁੱਖਾਂ ਨੂੰ ਸੰਕ੍ਰਮਿਤ ਨਹੀਂ ਕਰ ਸਕਦਾ, ਕਿਉਂਕਿ ਮਨੁੱਖ ਦੇ ਸਰੀਰ ਦਾ ਤਾਪਮਾਨ ਕੀੜੀਆਂ ਨਾਲੋਂ ਬਹੁਤ ਜ਼ਿਆਦਾ ਹੁੰਦਾ ਹੈ। ਟੀ.ਵੀ. ਸ਼ੋਅ ਦੀ ਕਹਾਣੀ ਇੱਕ ਕਾਲਪਨਿਕ ਹੈ, ਪਰ ਜੇ ਇਸ ਉੱਲੀ ਦੇ ਸਬੰਧ ਵਿੱਚ ਕਲਪਨਾ ਹਕੀਕਤ ਵਿੱਚ ਤਬਦੀਲ ਹੋ ਜਾਵੇ ਤਾਂ ਇਸ ਤੋਂ ਡਰਾਉਣੀ ਕੋਈ ਚੀਜ਼ ਨਹੀਂ ਹੋਵੇਗੀ। ਇਹ ਸੰਭਵ ਹੈ, ਕਿਉਂਕਿ ਅਤੀਤ ਵਿੱਚ ਕੁਝ ਕਲਪਨਾਵਾਂ ਸੱਚ ਵਿੱਚ ਬਦਲੀਆਂ ਹਨ। ਮਿਸਾਲ ਵਜੋਂ ਜਦੋਂ ਮਨੁੱਖ ਨੇ ਪੰਛੀਆਂ ਵਾਂਗ ਉੱਡਣ ਦੀ ਕਲਪਨਾ ਕੀਤੀ, ਤਾਂ ਹਵਾਈ ਜਹਾਜ਼ ਦੀ ਖੋਜ ਹੋਈ।

ਵਿਸ਼ਵ ਵਿਗਿਆਨੀਆਂ ਨੇ ਕਿਹਾ ਹੈ ਕਿ ਹਾਲਾਂਕਿ ਟੀ.ਵੀ. ਸ਼ੋਅ ਵਿੱਚ ਕਹਾਣੀ ਇੱਕ ਵਿਗਿਆਨਕ ਕਲਪਨਾ ਹੈ, ਪਰ ਫੰਗਲ ਇਨਫੈਕਸ਼ਨਾਂ ਦੇ ਤੇਜ਼ੀ ਨਾਲ ਫੈਲਣ ਕਾਰਨ ਇੱਕ ਵਿਸ਼ਵਵਿਆਪੀ ਸਿਹਤ ਤਬਾਹੀ ਦੇਖੀ ਜਾ ਸਕਦੀ ਹੈ। ਇੱਥੇ ਆਉਣ ਵਾਲਾ ਖ਼ਤਰਾ ਜ਼ੋਂਬੀਜ਼ ਬਾਰੇ ਨਹੀਂ ਹੈ, ਪਰ ਵਿਸ਼ਵਵਿਆਪੀ ਭੁੱਖਮਰੀ ਬਾਰੇ ਹੈ। ਦੁਨੀਆ ਭਰ ਵਿੱਚ ਵਧਦੀ ਆਬਾਦੀ ਦੇ ਕਾਰਨ ਖੁਰਾਕ ਸੁਰੱਖਿਆ ਨੂੰ ਬੇਮਿਸਾਲ ਚੁਣੌਤੀਆਂ ਦਾ ਸਾਹਮਣਾ ਕਰਨ ਦੀ ਉਮੀਦ ਹੈ। ਫੰਗਲ ਇਨਫੈਕਸ਼ਨਾਂ ਦੇ ਤੇਜ਼ੀ ਨਾਲ ਫੈਲਣ ਦੇ ਕਾਰਨਾਂ ਵਿੱਚੋਂ ਇੱਕ ਤੱਥ ਇਹ ਹੈ ਕਿ ਉੱਲੀ ਮਿੱਟੀ 'ਚ 40 ਸਾਲਾਂ ਤੱਕ ਜ਼ਿੰਦਾ ਰਹਿ ਸਕਦੀ ਹੈ। ਹਾਲ ਹੀ ਵਿੱਚ ਅਸੀਂ ਦੁਨੀਆ ਨੂੰ ਕੋਵਿਡ ਰਾਹੀਂ ਪੈਦਾ ਹੋਏ ਮਨੁੱਖੀ ਸਿਹਤ ਦੇ ਖਤਰੇ ਉੱਤੇ ਇੱਕਜੁੱਟ ਹੁੰਦੇ ਦੇਖਿਆ ਹੈ। ਸਾਨੂੰ ਹੁਣ ਫੰਗਲ ਇਨਫੈਕਸ਼ਨ ਨਾਲ ਨਜਿੱਠਣ ਲਈ ਵਿਸ਼ਵ ਪੱਧਰ 'ਤੇ ਇਕਜੁੱਟ ਹੋਣ ਦੀ ਲੋੜ ਹੈ।

### ਮਲਟੀਡਰੱਗ-ਰੋਧਕ ਖਮੀਰ ਕੈਂਡੀਡਾ ਔਰਿਸ (ਸੀ. ਔਰਿਸ)

**ਮਲਟੀਡਰੱਗ-ਰੋਧਕ ਖਮੀਰ ਕੈਂਡੀਡਾ ਔਰਿਸ (ਸੀ. ਔਰਿਸ) ਦੇ ਫੈਲਣ ਦੀਆਂ ਤਾਜ਼ਾ ਰਿਪੋਰਟਾਂ ਅਮਰੀਕਾ ਭਰ ਦੇ ਸਿਹਤ ਅਧਿਕਾਰੀਆਂ ਅਤੇ ਮਾਹਰਾਂ ਨੂੰ ਚਿੰਤਿਤ ਕਰ ਰਹੀਆਂ ਹਨ। ਔਰਿਸ ਲਈ ਸਕਾਰਾਤਮਕ ਟੈਸਟ ਕੀਤੇ ਗਏ ਸਨ। ਰਾਸ਼ਟਰੀ ਤੌਰ 'ਤੇ ਕੇਸ ਪਹਿਲਾਂ ਨਾਲੋਂ ਵੱਧ ਹਨ। ਚਿੰਤਾਜਨਕ ਹੈ ਕਿ ਇਹ ਸੂਖਮ ਉੱਲੀਮਾਰ ਪਹਿਲਾਂ ਤੋਂ ਹੀ ਬਿਮਾਰ ਮਰੀਜ਼ਾਂ ਲਈ, ਸਤ੍ਹਾ 'ਤੇ ਇਸ ਦੀ ਅਸਾਧਾਰਨ ਰਹਿਣ ਦੀ ਸ਼ਕਤੀ ਦੇ ਨਾਲ ਅਤੇ ਨਿਗਰਾਨੀ ਜੋ ਜਾਣੇ-ਪਛਾਣੇ ਮਾਮਲਿਆਂ 'ਤੇ ਨਿਰਭਰ ਕਰਦੀ ਹੈ।**



**ਸੀ. ਔਰਿਸ ਇੱਕ ਬਹੁਤ ਜ਼ਿਆਦਾ ਪ੍ਰਸਾਰਿਤ ਖਮੀਰ ਹੈ, ਜੋ ਲਾਗਾਂ ਦਾ ਕਾਰਨ ਬਣ ਸਕਦਾ ਹੈ, ਖਾਸ ਤੌਰ 'ਤੇ ਉਨ੍ਹਾਂ ਮਰੀਜ਼ਾਂ ਵਿੱਚ ਜਿਨ੍ਹਾਂ ਦੀ ਪਹਿਲਾਂ ਹੀ ਗੰਭੀਰ ਡਾਕਟਰੀ ਸਥਿਤੀਆਂ ਹਨ। ਕੁਝ ਲਾਗਾਂ ਹਲਕੀਆਂ ਹੋ ਸਕਦੀਆਂ ਹਨ, ਜਦੋਂ ਕਿ ਖੂਨ ਦੀਆਂ ਲਾਗਾਂ ਸਭ ਤੋਂ ਖ਼ਤਰਨਾਕ ਹੁੰਦੀਆਂ ਹਨ- ਇੱਥੋਂ ਤੱਕ ਕਿ ਘਾਤਕ ਵੀ। ਸਾਹ ਲੈਣ ਵਾਲੀਆਂ ਟਿਊਬਾਂ, ਫੀਡਿੰਗ ਟਿਊਬਾਂ ਜਾਂ ਕੈਥੀਟਰਾਂ ਨੂੰ ਸੀ. ਔਰਿਸ ਨਾਲ ਲਾਗ ਦਾ ਵੱਧ ਖ਼ਤਰਾ ਹੋ ਸਕਦਾ ਹੈ।**

---

## ਚੰਗੀ ਖੁਰਾਕ ਹੀ ਦਿਲ ਲਈ ਫਾਇਦੇਮੰਦ

ਡਰੈਸਿੰਗ (dressing) ਲਈ:

2-3 ਚੱਮਚ ਲੈਮਨ ਦਾ ਜੂਸ

2 ਚੱਮਚ ਔਲਿਵ ਆਇਲ

ਅੱਧਾ ਚੱਮਚ ਨਮਕ, ਅੱਧਾ ਚੱਮਚ ਕਾਲੀ ਮਿਰਚ ਪੀਸੀ ਹੋਈ

ਇੱਕ ਚੱਮਚ ਚਾਟ ਮਸਾਲਾ, ਅੱਧਾ ਚੱਮਚ ਭੁੰਨਿਆ ਜੀਰਾ ਅਤੇ ਥੋੜ੍ਹਾ ਜਿਹਾ ਹਰਾ ਧਨੀਆ ਕੱਟਿਆ ਹੋਇਆ। ਸਭ ਕੁਝ ਮਿਲਾ ਕੇ ਸਲਾਦ ਦੇ ਉਤੇ ਪਾ ਕੇ ਖਾਓ ਤੇ ਅਨੰਦ ਮਾਣੋ।"

"ਸੁਣ ਕੇ ਹੀ ਮੇਰਾ ਤਾਂ ਖਾਣ ਨੂੰ ਚਿੱਤ ਕਰ ਆਇਆ, ਦੀਦੀ।"

"ਪ੍ਰੀਤ, ਕੁਝ ਸਪਲੀਮੈਂਟ ਹਨ ਜੋ ਦਿਲ ਦੇ ਕੈਲਸੀਅਮ ਅਤੇ ਪਲੈਕ ਨੂੰ ਘੱਟ ਕਰਨ ਜਾਂ ਹਟਾਉਣ ਲਈ ਅੱਛੇ ਮੰਨੇ ਜਾਂਦੇ ਹਨ, ਜਿਸ ਤਰ੍ਹਾਂ ਮੈਗਨੀਸੀਅਮ, ਆਪਣੀ ਖੁਰਾਕ ਵਿੱਚ ਇਸ ਦੀ ਕਾਫੀ ਘਾਟ ਹੁੰਦੀ ਹੈ। ਤੁਹਾਨੂੰ ਮੈਗਨੀਸੀਅਮ ਵਾਲੀ ਖੁਰਾਕ ਖਾਣ ਦੇ ਨਾਲ ਨਾਲ ਬਾਹਰੋਂ ਵੀ ਲੈਣਾ ਪੈਂਦੈ। ਮੈਗਨੀਸੀਅਮ ਔਕਸਾਈਡ ਚੰਗੀ ਤਰ੍ਹਾਂ ਘੁਲਦਾ ਨਹੀਂ ਪਾਣੀ ਵਿੱਚ, ਇਹ ਨਾ ਲਵੋ। ਜੇ ਕਬਜ ਦੀ ਤਕਲੀਫ ਹੈ ਤਾਂ ਮੈਗਨੀਸੀਅਮ ਸਿਟਰੇਟ ਚੰਗਾ ਹੈ। Magnesium glycinate ਦਿਮਾਗ ਦੀ ਸ਼ਾਂਤੀ ਲਈ ਚੰਗਾ ਹੈ।

Magnesium ਦੇ ਨਾਲ ਵਿਟਾਮਨਜ਼ $K_2$ ਅਤੇ D ਦੀ ਵੀ ਜ਼ਰੂਰਤ ਹੁੰਦੀ ਹੈ।

ਵਿਟਾਮਨ 'ਸੀ' ਤਾਂ ਆਪਾਂ ਨੂੰ ਸਾਰਿਆਂ ਨੂੰ ਹੀ ਲੈਣ ਦੀ ਲੋੜ ਹੈ, ਕਿਉਂਕਿ ਆਪਣਾ ਸਰੀਰ ਇਸ ਨੂੰ ਬਨਾਉਣ ਦੇ ਅਸਮਰੱਥ ਹੈ/

ਵਿਟਾਮਨ E-Tocotrienols ਵੀ ਨਾੜੀਆਂ ਦੇ ਪਲੈਕ ਨੂੰ ਘਟਾਉਣ ਵਿੱਚ ਮਦਦਗਾਰ ਹੈ।

ਜਦੋਂ ਤੁਸੀਂ ਡਾਕਟਰ ਕੋਲ ਜਾਂਦੇ ਹੋ, ਉਹ ਤੁਹਾਨੂੰ ਦਵਾਈ ਦੀ ਪਰਚੀ ਲਿਖ ਕੇ ਤੁਹਾਡੀ ਮਦਦ ਕਰਨ ਦੀ ਕੋਸ਼ਿਸ਼ ਕਰਦੇ ਹਨ। ਸਾਰੀਆਂ ਦਵਾਈਆਂ ਤੋਂ ਜ਼ਿਆਦਾ ਸਟੈਟਨ ਦਵਾਈਆਂ ਦਿੱਤੀਆਂ ਜਾਂਦੀਆਂ ਨੇ। ਤਕਰੀਬਨ ਐਸ ਵੇਲੇ ਅਮਰੀਕਾ ਵਿੱਚ 32 ਮਿਲੀਅਨ ਲੋਕ ਇਸ ਦਵਾਈ ਨੂੰ ਲੈ ਰਹੇ ਹਨ। ਇਸ ਨਾਲ ਇਨਫਲੇਮੇਸ਼ਨ ਥੋੜ੍ਹੀ ਜਿਹੀ ਘਟ ਜਾਂਦੀ ਹੈ ਅਤੇ ਸੈੱਲਾਂ ਦੀ ਸਟਿਕੀਨੈੱਸ ਵੀ, ਪਰ ਹੋਰ ਬਹੁਤਾ ਜ਼ਿਆਦਾ ਫਾਇਦਾ ਨਹੀਂ ਹੁੰਦਾ- ਨਾ ਦਿਲ ਦਾ ਦੌਰਾ ਰੋਕਣ ਲਈ, ਨਾ ਉਮਰ ਲੰਮੀ ਕਰਨ ਵਿੱਚ; ਪਰ ਇਨ੍ਹਾਂ ਦੇ ਨੁਕਸਾਨ ਕਾਫੀ ਹਨ। ਜਿਵੇਂ:

-ਪੱਠਿਆਂ ਅਤੇ ਜੋੜਾਂ ਵਿੱਚ ਦਰਦ

-ਪੱਠਿਆਂ ਦਾ ਕਮਜ਼ੋਰ ਹੋ ਜਾਣਾ

-ਕਮਜ਼ੋਰੀ

-ਦਿਮਾਗੀ ਕਮਜ਼ੋਰੀ, ਉਦਾਸੀ ਵਗੈਰਾ

-CO Q10 ਦੀ ਘਾਟ, ਜੋ ਐਨਰਜੀ ਪੈਦਾ ਕਰਨ ਲਈ ਬੇਹੱਦ ਜ਼ਰੂਰੀ ਹੈ ਸਰੀਰ ਲਈ। ਇਸ ਲਈ ਜੇ ਕੋਈ ਸਟੈਟਨ ਡਰੱਗਜ਼ ਲੈ ਰਿਹਾ ਹੋਵੇ, ਉਸ ਨੂੰ CO Q10 ਜ਼ਰੂਰ ਲੈਣਾ ਚਾਹੀਦਾ ਹੈ।

-ਨਰਵਜ਼ ਦੀ ਕਮਜ਼ੋਰੀ

-ਕਸਰਤ ਤੇ ਨੀਂਦ ਦੀ ਘਾਟ ਅਤੇ ਸਟਰੈੱਸ ਦਾ ਵੀ ਬਹੁਤ ਅਹਿਮ ਰੋਲ ਹੈ ਦਿਲ, ਦਿਮਾਗ ਅਤੇ ਪੂਰੇ ਸਰੀਰ ਦੀ ਤੰਦਰੁਸਤੀ ਵਿੱਚ। ਕਿਉਂ ਨਾ ਆਪਾਂ ਅਗਲੀ ਵਾਰ ਨੀਂਦ ਨਾਲ ਸਬੰਧਤ ਗੱਲਾਂ ਕਰੀਏ। ਕਸਰਤ ਅਤੇ ਸਟਰੈੱਸ ਬਾਰੇ ਪਿਛਲੀ ਵਾਰ ਗੱਲ ਕੀਤੀ ਸੀ।"

"ਠੀਕ ਐ।"

"ਖੁਸ਼ ਰਹੋ, ਤੰਦਰੁਸਤ ਰਹੋ।"

**"ਸਿੱਖਾਂ ਤੇ ਮੁਸਲਮਾਨਾਂ ਦੀ ਇਤਿਹਾਸਕ ਸਾਂਝ" ਪੁਸਤਕ ਨੌਜਵਾਨ ਲੇਖਕ ਅਲੀ ਰਾਜਪੁਰਾ ਦੀ ਭਾਈਚਾਰਕ ਸਾਂਝ ਸਬੰਧੀ ਇੱਕ ਪੜ੍ਹਨਯੋਗ ਪੁਸਤਕ ਹੈ। ਸੁਹਿਰਦ ਪਾਠਕਾਂ ਲਈ ਇਹ ਪੁਸਤਕ 'ਪੰਜਾਬੀ ਪਰਵਾਜ਼' ਵਿੱਚ ਲੜੀਵਾਰ ਛਾਪੀ ਜਾ ਰਹੀ ਹੈ। ਛੋਟੇ ਸਾਹਿਬਜ਼ਾਦਿਆਂ ਲਈ 'ਹਾਅ ਦਾ ਨਾਅਰਾ' ਮਾਰਨ ਕਰਕੇ ਨਵਾਬ ਸ਼ੇਰ ਮੁਹੰਮਦ ਖ਼ਾਂ ਦਾ ਸਿੱਖ ਇਤਿਹਾਸ ਵਿੱਚ ਉਚੇਚਾ ਜ਼ਿਕਰ ਹੈ ਅਤੇ ਉਸ ਨੂੰ ਆਦਰ ਤੇ ਸਤਿਕਾਰ ਨਾਲ ਯਾਦ ਕੀਤਾ ਜਾਂਦਾ ਹੈ। ਪੇਸ਼ ਹੈ, ਨਵਾਬ ਸ਼ੇਰ ਮੁਹੰਮਦ ਖ਼ਾਂ ਬਾਰੇ ਸੰਖੇਪ ਵੇਰਵਾ...**

'ਸਿੱਖਾਂ ਤੇ ਮੁਸਲਮਾਨਾਂ ਦੀ ਇਤਿਹਾਸਕ ਸਾਂਝ'



ਅਲੀ ਰਾਜਪੁਰਾ
ਫੋਨ:+91-9417679302

# ਨਵਾਬ ਸ਼ੇਰ ਮੁਹੰਮਦ ਖ਼ਾਂ



ਮਲੇਰਕੋਟਲਾ ਵਿੱਚ ਗੁਰਦੁਆਰਾ 'ਹਾਅ ਦਾ ਨਾਅਰਾ'

ਨਵਾਬ ਸ਼ੇਰ ਮੁਹੰਮਦ ਖ਼ਾਂ ਦਾ ਜਨਮ ਪਿਤਾ ਨਵਾਬ ਫਿਰੋਜ਼ ਖਾਨ ਦੇ ਘਰ 1640 ਈ. ਵਿੱਚ ਹੋਇਆ। ਨਵਾਬ ਸ਼ੇਰ ਖਾਨ ਦਾ ਪਿਛੋਕੜ ਇਤਿਹਾਸਕ ਤੌਰ 'ਤੇ ਉੱਘੀ ਸ਼ਖ਼ਸੀਅਤ ਹਜ਼ਰਤ ਸ਼ੇਖ਼ ਸਦਰ-ਉਦ-ਦੀਨ 'ਸਦਰ-ਏ-ਜਹਾਂ' (ਰਹਿ) ਨਾਲ ਜੁੜਦਾ ਹੈ, ਜਿਨ੍ਹਾਂ ਨੂੰ ਮਲੇਰਕੋਟਲਾ ਰਿਆਸਤ ਦੇ ਮੋਢੀ ਵਜੋਂ ਜਾਣਿਆ ਜਾਂਦਾ ਹੈ। ਨਵਾਬ ਸ਼ੇਰ ਮੁਹੰਮਦ ਖ਼ਾਂ 1672 ਈ. ਵਿੱਚ ਰਿਆਸਤ ਦਾ ਸ਼ਾਸਕ ਬਣਿਆ। ਇਤਿਹਾਸਕ ਤੱਥਾਂ ਅਨੁਸਾਰ ਸ਼ੇਰ ਖਾਨ ਦੇ ਛੋਟੇ ਭਰਾ ਨੇ ਆਪਣੇ ਭਰਾ ਪ੍ਰਤੀ ਮੁਹੱਬਤ ਦਾ ਸਬੂਤ ਦਿੰਦਿਆਂ ਆਪਣੇ ਹਿੱਸੇ ਦੀ ਜਗੀਰ ਲਈ ਕੋਈ ਮੰਗ ਨਾ ਰੱਖੀ। ਉਸ ਸਮੇਂ ਦੌਰਾਨ ਔਰੰਗਜ਼ੇਬ ਪ੍ਰਤੀ ਸਾਰੇ ਪਾਸੇ ਬਾਗ਼ੀ ਸੁਰਾਂ ਉੱਠ ਰਹੀਆਂ ਸਨ। ਸ਼ੇਰ ਮੁਹੰਮਦ ਖ਼ਾਂ ਨੇ ਆਪਣੇ ਰਿਆਸਤੀ ਫ਼ਾਇਦਿਆਂ ਨੂੰ ਦੇਖਦਿਆਂ ਬਾਦਸ਼ਾਹ ਔਰੰਗਜ਼ੇਬ ਨੂੰ ਮਦਦ ਦੇਣ ਦੀ ਪਹਿਲ ਕੀਤੀ, ਜਿਸ ਦੀ ਸ਼ੇਰ ਮੁਹੰਮਦ ਖ਼ਾਂ ਨੇ ਆਪ ਅਗਵਾਈ ਕੀਤੀ ਸੀ। ਇਸ ਮਦਦ ਬਦਲੇ ਔਰੰਗਜ਼ੇਬ ਨੇ ਸ਼ੇਰ ਮੁਹੰਮਦ ਖ਼ਾਨ ਨੂੰ 70 ਪਿੰਡਾਂ ਦੀ ਜਗੀਰ ਦੀ ਮਾਲਕੀ ਇਨਾਮ ਵਜੋਂ ਦਿੱਤੀ। ਇਨ੍ਹਾਂ ਪਿੰਡਾਂ ਵਿੱਚੋਂ ਹੀ ਇੱਕ ਪਿੰਡ 'ਜਬਾਲ' (ਹਬੀਬਵਾਲ) ਵਿੱਚ ਇੱਕ ਆਪਣੇ ਨਾਂ ਦਾ ਸ਼ਾਹੀ ਕਿਲ੍ਹਾ ਬਣਵਾਇਆ।

ਥੋੜ੍ਹੇ ਸਮੇਂ ਮਗਰੋਂ ਹੀ ਬਦਾਯੂੰ ਦੇ ਅਲੀ ਮੁਹੰਮਦ ਰੁਹੇਲਾ ਦੇ ਵਿਦਰੋਹ ਦੀ ਖ਼ਬਰ ਆਣ ਲੱਗੀ, ਜਿਸ ਨੇ ਅੱਤ ਮਚਾਈ ਹੋਈ ਸੀ ਤੇ ਭੋਲੇ, ਨਿਹੱਥੇ ਲੋਕਾਂ ਨੂੰ ਲੁੱਟਦਾ ਸੀ। ਇਸ ਤੋਂ ਪਹਿਲਾਂ ਕਿ ਕੋਈ ਸਮੱਸਿਆ ਜਨਮ ਲਵੇ, ਉਸ ਤੋਂ ਪਹਿਲਾਂ ਮੁਗ਼ਲ ਬਾਦਸ਼ਾਹ ਨੇ ਇਸ ਬਗ਼ਾਵਤ ਨੂੰ ਕੁਚਲਣ ਦਾ ਹੁਕਮ ਦਿੱਤਾ। ਮੁਗ਼ਲ ਸਰਕਾਰ ਵੱਲੋਂ ਨਵਾਬ ਖ਼ਾਂ ਨੂੰ ਆਪਣੀ ਫੌਜ ਸਮੇਤ ਬਦਾਯੂੰ ਵੱਲ ਮਾਰਚ ਕਰਨ ਲਈ ਕਿਹਾ ਤਾਂ ਜੋ ਰੁਹੇਲ ਅਲੀ ਮੁਹੰਮਦ ਦੇ ਵਿਦਰੋਹ ਨੂੰ ਨੱਥ ਪਾਈ ਜਾ ਸਕੇ। ਇਸ ਯੁੱਧ ਦੀ ਅਗਵਾਈ ਵੀ ਨਵਾਬ ਸ਼ੇਰ ਮੁਹੰਮਦ ਖ਼ਾਂ ਨੇ ਕੀਤੀ। ਨਵਾਬ ਖ਼ਾਂ ਨੇ ਅਲੀ ਮੁਹੰਮਦ ਰੁਹੇਲੇ ਨੂੰ ਤੇ ਉਸ ਦੇ ਸਾਥੀਆਂ ਨੂੰ ਬੰਦੀ ਬਣਾ ਕੇ ਦਿੱਲੀ ਲਿਆਂਦਾ। ਔਰੰਗਜ਼ੇਬ ਨੇ ਇਸ ਕਾਮਯਾਬੀ ਤੋਂ ਖ਼ੁਸ਼ ਹੋ ਕੇ ਇਨਾਮ ਵਜੋਂ ਮਲੇਰਕੋਟਲਾ ਦੀ ਰਿਆਸਤ 'ਚ ਚੋਖਾ ਵਾਧਾ ਕੀਤਾ, ਜਿਸ ਵਿੱਚ ਮਾਛੀਵਾੜਾ, ਈਸੜੂ, ਰਾਣੂ, ਜਰਗ, ਪਾਇਲ, ਰੋਪੜ ਤੇ ਬਨੂੜ ਸ਼ਾਮਲ ਕੀਤੇ ਗਏ। ਸਨਮਾਨ ਚਿੰਨ੍ਹ ਤਲਵਾਰ ਵਜੋਂ ਇੱਕ ਘੋੜਾ ਅਤੇ 'ਸ਼ੇਰ ਬਹਾਦਰ' ਦਾ ਖ਼ਿਤਾਬ ਦਿੱਤਾ ਤੇ ਸਰਹਿੰਦ ਦਾ ਡਿਪਟੀ ਚਕਲਦਾਰ ਵੀ ਨਿਯੁਕਤ ਕੀਤਾ ਗਿਆ।


## ਮਾਤਾ ਗੁਜਰੀ, ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਹਿ ਸਿੰਘ ਦੇ ਸਮੇਂ

ਔਰੰਗਜ਼ੇਬ ਸ਼ੇਰ ਮੁਹੰਮਦ ਖ਼ਾਂ ਦੀ ਕਾਬਲੀਅਤ ਤੋਂ ਜਾਣੂੰ ਸੀ, ਇਸ ਲਈ ਉਸ ਨੇ ਦੁਬਾਰਾ ਫੇਰ ਆਪਣੇ ਨਵਾਬਾਂ ਅਤੇ ਜਗੀਰਦਾਰਾਂ ਨੂੰ ਮਰਾਠਿਆਂ ਵਿਰੁੱਧ ਲੜਨ ਲਈ ਸੱਦਿਆ। ਇਸ ਵਾਰ ਨਵਾਬ ਸ਼ੇਰ ਮੁਹੰਮਦ ਖ਼ਾਂ ਵੱਲੋਂ ਭੇਜੀ ਫ਼ੌਜ ਦੀ ਅਗਵਾਈ ਨਵਾਬ ਸ਼ੇਰ ਮੁਹੰਮਦ ਖ਼ਾਂ ਦਾ ਚਾਚਾ ਇਖ਼ਤਿਆਰ ਖ਼ਾਂ ਕਰ ਰਿਹਾ ਸੀ, ਜਿਹੜਾ ਇਸ ਲੜਾਈ ਵਿੱਚ ਅੱਲ੍ਹਾ ਨੂੰ ਪਿਆਰਾ ਹੋ ਗਿਆ। ਇਸ ਕਾਮਯਾਬੀ (ਜਿੱਤ) ਤੋਂ ਖ਼ੁਸ਼ ਹੋ ਕੇ ਔਰੰਗਜ਼ੇਬ ਨੇ ਉਸ ਨੂੰ 'ਚੌਧਰੀ ਦਾ ਖ਼ਿਤਾਬ' ਦੇ ਕੇ ਨਿਵਾਜਿਆ। ਸਮੇਂ-ਸਮੇਂ ਮੁਗ਼ਲਾਂ ਦੀ ਮਦਦ ਕਰਨ ਕਰਕੇ ਇਹ ਪਰਿਵਾਰ ਔਰੰਗਜ਼ੇਬ ਦੇ ਬੇਅੰਤ ਕਰੀਬ ਹੋ ਗਿਆ।

ਵਕਤ ਦੇ ਨਾਲ-ਨਾਲ ਮੁਗ਼ਲ ਰਾਜ ਪਤਨ ਵੱਲ ਵਧਿਆ ਅਤੇ ਹੋਰ ਸ਼ਕਤੀਸ਼ਾਲੀ ਸੂਬੇਦਾਰ ਆਪਣੀ ਆਜ਼ਾਦ ਹਕੂਮਤ ਬਣਾਉਣ ਵੱਲ ਵਧਣ ਲੱਗੇ। ਦੱਖਣ ਦੇ ਮਰਾਠੇ ਸ਼ਿਵਾ ਜੀ ਦੀ ਅਗਵਾਈ ਵਿੱਚ ਇੱਕ ਵਿਸ਼ਾਲ ਮਰਾਠਾ ਹਕੂਮਤ ਦੇ ਸੁਪਨੇ ਲੈ ਰਿਹਾ ਸੀ। ਦੇਸ਼ ਵਿਚਲੀਆਂ ਕਈ ਰਿਆਸਤਾਂ ਨੇ ਮੁਗ਼ਲ ਸਰਕਾਰ ਨੂੰ ਲਗਾਨ ਦੇਣੋਂ ਇਨਕਾਰ ਕਰ ਦਿੱਤਾ ਸੀ। ਅਜਿਹੇ ਹਾਲਾਤ ਵਿੱਚ ਸਿੱਖ ਜਥੇਬੰਦੀ ਵਧੇਰੇ ਮਜ਼ਬੂਤ ਹੋਣ ਲੱਗੀ, ਕਿਉਂਕਿ ਉਹ ਪਹਿਲਾਂ ਹੀ ਮੁਗ਼ਲਾਂ ਦੀ ਉਨ੍ਹਾਂ ਦੇ ਧਰਮ ਪ੍ਰਤੀ ਅਸਹਿਣਸ਼ੀਲਤਾ ਤੋਂ ਨਿਰਾਸ਼ ਸਨ। ਉਹ ਵੀ ਮੁਗ਼ਲ ਸਲਤਨਤ ਦੀ ਕਮਜ਼ੋਰੀ ਦਾ ਫ਼ਾਇਦਾ ਉਠਾਉਂਦੇ ਹੋਏ ਆਪਣੇ ਜੰਗਜੂਆਂ ਨੂੰ ਜਮ੍ਹਾਂ ਕਰਨ ਲੱਗੇ ਅਤੇ ਉਨ੍ਹਾਂ ਨੇ ਉੱਤਰੀ ਭਾਰਤ ਦੇ ਇਲਾਕਿਆਂ ਉੱਪਰ ਆਪਣਾ ਕਬਜ਼ਾ ਕਰਨਾ ਸ਼ੁਰੂ ਕਰ ਦਿੱਤਾ। ਮੁਗ਼ਲ ਰਾਜ ਆਪਣੇ ਪ੍ਰਤੀ ਉੱਠ ਰਹੀ ਇਸ ਬਾਗ਼ੀ ਸੁਰ ਨੂੰ ਕਿਵੇਂ ਬਰਦਾਸ਼ਤ ਕਰ ਸਕਦੇ ਸਨ। ਇਸ ਲਈ ਮੁਗ਼ਲ ਬਾਦਸ਼ਾਹ ਨੇ ਇਸ ਉਭਰਦੀ ਤਾਕਤ ਨੂੰ ਦਬਾਉਣਾ ਮੁਨਾਸਿਬ ਸਮਝਿਆ। ਔਰੰਗਜ਼ੇਬ ਨੇ ਇਸ ਨੂੰ ਧਿਆਨ ਹਿੱਤ ਰੱਖਦਿਆਂ ਨਵਾਬ ਸ਼ੇਰ ਮੁਹੰਮਦ ਖ਼ਾਂ ਦੀ ਇਸ ਕਾਰਵਾਈ ਲਈ ਜ਼ਿੰਮੇਵਾਰੀ ਲਾਈ। ਨਵਾਬ ਮਲੇਰਕੋਟਲਾ ਨੇ ਔਰੰਗਜ਼ੇਬ ਦੇ ਹੁਕਮ ਨੂੰ ਮੰਨਦਿਆਂ ਚਮਕੌਰ ਸਾਹਿਬ ਉੱਤੇ ਫ਼ੌਜੀ ਹਮਲਾ ਕੀਤਾ। ਇੱਥੋਂ ਦੇ ਇਕੱਤਰ ਸਿੱਖ ਜੰਗ-ਜੂ ਆਪਣੀ ਵਿਉਂਤਬੰਦੀ ਬਣਾ ਰਹੇ ਸਨ। ਇਸ ਕਾਰਵਾਈ ਨੇ ਸਿੱਖਾਂ ਦੇ ਤਨ-ਬਦਨ ਨੂੰ ਅੱਗ ਲਾਈ ਜਿਸ ਨਾਲ ਸਿੱਖ ਹੋਰ ਵੀ ਭੜਕ ਉੱਠੇ। ਇਹ ਜ਼ਮਾਨਾ ਸ੍ਰੀ ਗੁਰੂ ਤੇਗ ਬਹਾਦਰ ਦੀ ਗੁਰਿਆਈ ਦਾ ਸੀ। ਇਸ ਲੜਾਈ 'ਚ ਜਿੱਥੇ ਸਿੱਖਾਂ ਨੂੰ ਨੁਕਸਾਨ ਝੱਲਣਾ ਪਿਆ, ਉੱਥੇ ਰਿਆਸਤ ਮਲੇਰਕੋਟਲਾ ਵੀ ਨੁਕਸਾਨੀ ਗਈ।

ਡਾ. ਤਾਰਿਕ ਕਿਫਾਇਤਉੱਲਾ ਅਨੁਸਾਰ, "ਸ਼ੇਰ ਮੁਹੰਮਦ ਖ਼ਾਂ ਦੇ ਜ਼ਮਾਨੇ ਵਿੱਚ ਹੀ ਦਿੱਲੀ ਸਲਤਨਤ ਨਾਲ ਸਿੱਖਾਂ ਦੀ ਲੜਾਈ ਸ਼ੁਰੂ ਹੋਈ, ਜਿਸ ਵਿੱਚ ਗੁਰੂ ਸਾਹਿਬਾਨ (ਗੁਰੂ ਤੇਗ਼ ਬਹਾਦਰ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਨੇ ਮੁਗ਼ਲ ਫ਼ੌਜਾਂ ਨਾਲ ਟੱਕਰ ਲਈ ਅਤੇ ਇਸ ਦਾ ਸਿਲਸਿਲਾ ਕਾਫ਼ੀ ਬਾਅਦ ਤੱਕ ਚਲਦਾ ਰਿਹਾ। ਗੁਰੂ ਸਾਹਿਬ (ਤੇਗ ਬਹਾਦਰ) ਗ੍ਰਿਫਤਾਰ ਹੋਏ ਅਤੇ ਉਨ੍ਹਾਂ ਨੂੰ ਦਿੱਲੀ ਲਿਜਾਇਆ ਗਿਆ। ਇਨ੍ਹਾਂ ਲੜਾਈਆਂ ਵਿੱਚ ਰਿਆਸਤ ਨੂੰ ਕਾਫ਼ੀ ਭਾਰੀ ਨੁਕਸਾਨ ਉਠਾਉਣਾ ਪਿਆ।"

ਇਸ ਪਿੱਛੋਂ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਸੁਰੱਖਿਆ ਲਈ ਬਹੁਤ ਸਾਰੀ ਫ਼ੌਜੀ ਤਾਕਤ ਇਕੱਠੀ ਕੀਤੀ ਅਤੇ ਪੰਜਾਬ ਦੇ ਨੇੜਲੇ ਪਹਾੜੀ ਖੇਤਰ ਵਿੱਚ ਹਮਲੇ ਕਰਨੇ ਸ਼ੁਰੂ ਕਰ ਦਿੱਤੇ। ਉਨ੍ਹਾਂ ਨੇ ਅਨੰਦਪੁਰ ਨੂੰ ਆਪਣਾ ਗੜ੍ਹ ਬਣਾ ਲਿਆ। ਜਦੋਂ ਔਰੰਗਜ਼ੇਬ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਅਨੰਦਪੁਰ ਵਿਖੇ ਹੋਣ ਦਾ ਪਤਾ ਲੱਗਿਆ ਤਾਂ ਉਸ ਨੇ ਆਪਣੇ ਪੁੱਤਰ ਸ਼ਹਿਜ਼ਾਦਾ ਮੁਰਾਦ (ਸ਼ਹਿਜ਼ਾਦਾ ਮੁਅੱਜ਼ਮ) ਦੀ ਅਗਵਾਈ ਹੇਠ ਦਸ ਹਜ਼ਾਰ ਫ਼ੌਜੀ ਭੇਜੇ ਅਤੇ ਸਰਹਿੰਦ ਤੇ ਜਲੰਧਰ ਦੇ ਚਕਲਦਾਰਾਂ ਨੂੰ ਮੁਗ਼ਲ ਫ਼ੌਜ ਦੀ ਮਦਦ ਲਈ ਕਿਹਾ ਤੇ ਨਵਾਬ ਸ਼ੇਰ ਮੁਹੰਮਦ ਖ਼ਾਂ ਨੂੰ ਵੀ ਇਸ ਲੜਾਈ ਵਿੱਚ ਸਾਥ ਦੇਣ ਦਾ ਹੁਕਮ ਦਿੱਤਾ।



ਨਵਾਬ ਸ਼ੇਰ ਮੁਹੰਮਦ ਖ਼ਾਂ

ਨਵਾਬ ਸ਼ੇਰ ਮੁਹੰਮਦ ਖ਼ਾਂ ਨੇ ਆਪਣੇ ਚਚੇਰੇ ਭਰਾ ਨਾਹਰ ਖ਼ਾਂ ਅਤੇ ਆਪਣੇ ਛੋਟੇ ਭਰਾ ਖ਼ਿਜ਼ਰ ਮੁਹੰਮਦ ਖ਼ਾਂ ਦੀ ਅਗਵਾਈ ਵਿੱਚ 5 ਹਜ਼ਾਰ ਫ਼ੌਜੀ ਸ਼ਹਿਜ਼ਾਦਾ ਮੁਰਾਦ ਦੀ ਮਦਦ ਲਈ ਭੇਜੇ। ਇਹ ਲੜਾਈ ਲੰਮਾ ਸਮਾਂ ਚਲਦੀ ਰਹੀ। ਅਨੰਦਪੁਰ ਨੂੰ ਹਰ ਪਾਸਿਓਂ ਘੇਰ ਕੇ ਬਾਹਰੀ ਮੇਲ-ਮਿਲਾਪ ਤੋਂ ਕੱਟ ਦਿੱਤਾ ਗਿਆ। ਗੁਰੂ ਗੋਬਿੰਦ ਸਿੰਘ ਜੀ ਅਤੇ ਉਨ੍ਹਾਂ ਦੇ ਫ਼ੌਜੀ ਭੁੱਖ ਤੋਂ ਪ੍ਰੇਸ਼ਾਨ ਹੋਣ ਲੱਗੇ। ਬਹੁਤ ਸਾਰੇ ਸਾਥੀ ਗੁਰੂ ਜੀ ਦਾ ਸਾਥ ਛੱਡ ਗਏ ਸਨ। ਕੁਝ ਇਤਿਹਾਸਕਾਰਾਂ ਦਾ ਮੰਨਣਾ ਹੈ ਕਿ "ਗੁਰੂ ਗੋਬਿੰਦ ਸਿੰਘ ਜੀ ਅਜਿਹੀ ਨਾਜ਼ੁਕ ਹਾਲਤ ਵਿੱਚ ਵੀ ਬਚ ਕੇ ਨਿਕਲਣਾ ਨਹੀਂ ਸਨ ਚਾਹੁੰਦੇ, ਪਰ ਬਾਕੀ ਸਾਥੀਆਂ ਦੀ ਰਾਇ ਨਾਲ ਉੱਥੋਂ ਰਾਤ ਦੇ ਹਨੇਰੇ ਵਿੱਚ ਨਿਕਲੇ।" ਕੁਝ ਇਤਿਹਾਸਕਾਰ ਇਸ ਤਰ੍ਹਾਂ ਵੀ ਲਿਖਦੇ ਹਨ ਕਿ ਹਜ਼ਾਰਾਂ ਦੀ ਗਿਣਤੀ ਵਿੱਚ ਸਿੱਖ ਭੁੱਖ ਨਾਲ ਮਾਰੇ ਗਏ। ਬਚੇ ਸਾਥੀਆਂ ਨਾਲ ਅਨੰਦਪੁਰ ਸਾਹਿਬ ਤੋਂ ਚੱਲ ਕੇ ਸਰਸਾ ਨਦੀ ਪਾਰ ਕਰ ਚਮਕੌਰ ਸਾਹਿਬ ਆਣ ਪੁੱਜੇ।

ਜਦੋਂ ਮੁਗ਼ਲ ਫੌਜਾਂ ਨੂੰ ਗੁਰੂ ਜੀ ਦੇ ਉਥੋਂ ਨਿਕਲ ਜਾਣ ਦੀ ਖ਼ਬਰ ਹੋਈ ਤਾਂ ਉਨ੍ਹਾਂ ਨੇ ਗੁਰੂ ਜੀ ਦੀ ਪੈੜ ਦੱਬਣੀ ਸ਼ੁਰੂ ਕਰ ਦਿੱਤੀ ਅਤੇ ਉਹ ਚਮਕੌਰ ਸਾਹਿਬ ਦੀ ਅੰਦਰੂਨੀ ਸਥਿਤੀ ਬਾਰੇ ਬੇਖ਼ਬਰ ਸਨ। ਜਿੱਥੇ ਮੁਗ਼ਲ ਫੌਜਾਂ ਨੂੰ ਕਾਫ਼ੀ ਔਕੜ ਦਾ ਸਾਹਮਣਾ ਕਰਨਾ ਪਿਆ ਸੀ। ਅੰਤ ਨੂੰ ਸ਼ਾਹੀ ਫ਼ੌਜਾਂ ਨੇ ਚਮਕੌਰ ਦੇ ਕਿਲ੍ਹੇ ਨੂੰ ਘੇਰ ਲਿਆ, ਜਿੱਥੇ ਗੁਰੂ ਜੀ ਨੇ ਠਹਿਰ ਕੀਤੀ ਹੋਈ ਸੀ। ਉੱਥੇ ਆਪਸੀ ਭੇੜ 'ਚ ਸ਼ੇਰ ਮੁਹੰਮਦ ਖ਼ਾਂ ਦਾ ਚਚੇਰਾ ਭਰਾ ਨਾਹਰ ਖ਼ਾਂ ਮਾਰਿਆ ਗਿਆ। ਚਚੇਰੇ ਭਰਾ ਦੀ ਮੌਤ ਨੇ ਸ਼ੇਰ ਮੁਹੰਮਦ ਖ਼ਾਂ ਨੂੰ ਡਾਢਾ ਦੁੱਖ ਦਿੱਤਾ। ਮੁਗ਼ਲ ਫ਼ੌਜਾਂ ਗੁਰੂ ਜੀ ਦੀ ਤਲਾਸ਼ ਵਿੱਚ ਸਨ। ਦੂਜੇ ਪਾਸੇ ਮਾਤਾ ਗੁਜਰ ਕੌਰ, ਸਾਹਿਬਜ਼ਾਦਾ ਫ਼ਤਿਹ ਸਿੰਘ ਅਤੇ ਜ਼ੋਰਾਵਰ ਸਿੰਘ ਨੇ ਪਿੰਡ ਖੇੜੀ ਵਿੱਚ ਇੱਕ ਗੰਗੂ ਬ੍ਰਾਹਮਣ ਦੇ ਘਰ ਸ਼ਰਨ ਲਈ ਹੋਈ ਸੀ ਤਾਂ ਉਸ ਨੇ ਮੁਗ਼ਲ ਬਾਦਸ਼ਾਹ ਤੋਂ ਇਨਾਮ ਹਾਸਲ ਕਰਨ ਦੇ ਚੱਕਰ 'ਚ ਮੋਰਿੰਡੇ ਦੇ ਰੰਘੜ ਗਵਰਨਰ ਨੂੰ ਪਰਿਵਾਰ ਦੀ ਸੂਹ ਦਿੱਤੀ। ਮੁਗ਼ਲ ਫ਼ੌਜਾਂ ਨੇ ਪਰਿਵਾਰ ਨੂੰ ਗ੍ਰਿਫ਼ਤਾਰ ਕਰ ਲਿਆ।

ਵਜ਼ੀਰ ਖ਼ਾਂ ਦੇ ਹੁਕਮ 'ਤੇ ਉਨ੍ਹਾਂ ਨੂੰ ਇੱਕ ਬੁਰਜ ਵਿੱਚ ਕੈਦ ਕਰ ਦਿੱਤਾ ਗਿਆ। ਪਰਿਵਾਰ ਦੀ ਗ੍ਰਿਫ਼ਤਾਰੀ ਵੇਲੇ ਨਵਾਬ ਸ਼ੇਰ ਮੁਹੰਮਦ ਖ਼ਾਂ ਵੀ ਸਰਹਿੰਦ ਵਿਖੇ ਮੌਜੂਦ ਸੀ। ਕੁਝ ਦਿਨਾਂ ਪਿਛੋਂ ਜਦੋਂ ਉਨ੍ਹਾਂ ਨੂੰ ਵਜ਼ੀਰ ਖ਼ਾਂ ਦੀ ਖੁੱਲ੍ਹੀ ਕਚਹਿਰੀ ਵਿੱਚ ਹਾਜ਼ਰ ਕੀਤਾ ਗਿਆ ਤਾਂ ਸਰਹਿੰਦ ਦੇ ਹੁਕਮਰਾਨਾਂ ਨੇ ਸ਼ੇਰ ਮੁਹੰਮਦ ਖ਼ਾਂ ਨੂੰ ਕਿਹਾ, "ਇਨ੍ਹਾਂ ਦਾ ਪਿਤਾ ਤੇਰੇ ਭਰਾਵਾਂ ਦਾ ਕਾਤਲ ਹੈ, ਤੂੰ ਹੁਣ ਉਨ੍ਹਾਂ ਦੀ ਮੌਤ ਦਾ ਬਦਲਾ ਲੈ ਸਕਦਾ ਏਂ..." ਨਵਾਬ ਸ਼ੇਰ ਮੁਹੰਮਦ ਖ਼ਾਂ ਨੇ ਇਸ ਸਵਾਲ ਦਾ ਜਵਾਬ ਬਹੁਤ ਦਲੇਰੀ ਨਾਲ ਦਿੱਤਾ, "ਮੇਰੇ ਭਰਾ ਗੋਬਿੰਦ ਸਿੰਘ (ਗੁਰੂ) ਹੱਥੋਂ ਖੁੱਲ੍ਹੀ ਜੰਗ ਵਿੱਚ ਮਾਰੇ ਗਏ ਹਨ ਤੇ ਮੈਂ ਉਨ੍ਹਾਂ ਤੋਂ ਖੁੱਲ੍ਹੀ ਜੰਗ ਵਿੱਚ ਹੀ ਬਦਲਾ ਲੈਣਾ ਚੰਗਾ ਸਮਝਦਾ ਹਾਂ, ਪਰ ਮੈਂ ਕਿਸੇ ਵੀ ਹਾਲਤ ਵਿੱਚ ਇਨ੍ਹਾਂ ਮਾਸੂਮ ਜਿੰਦਾਂ ਤੋਂ ਬਦਲਾ ਲੈਣ ਦੀ ਸੋਚ ਨਹੀਂ ਸਕਦਾ। ਕੈਦੀਆਂ ਨਾਲ ਮਾੜਾ ਨਹੀਂ ਚੰਗਾ ਸਲੂਕ ਕਰਨਾ ਬਹਾਦਰੀ ਹੈ, ਇਹੋ ਹੀ ਇਸਲਾਮ ਦੇ ਪੈਗ਼ੰਬਰ ਹਜ਼ੂਰ-ਏ-ਪਾਕ ਸੱਲਲ-ਲਾਹੋ-ਅੱਲਹ ਵਸੱਲਮ ਦੀ ਸਿੱਖਿਆ ਹੈ। ਮੈਂ ਇਨ੍ਹਾਂ ਮਾਸੂਮ ਜਿੰਦਾਂ 'ਤੇ ਜ਼ੁਲਮ ਕਰਕੇ ਇਸਲਾਮ ਨੂੰ ਦਾਗ਼ ਨਹੀਂ ਲਾਉਣਾ ਚਾਹੁੰਦਾ। ਜੇ ਇਨ੍ਹਾਂ ਦੇ ਅੱਬਾ ਜਾਨ ਨੂੰ ਵੀ ਕੈਦ ਕਰ ਲਿਆ ਜਾਵੇ, ਮੈਂ ਤਾਂ ਵੀ ਬਦਲਾ ਨਹੀਂ ਲਵਾਂਗਾ..."

ਸਰਹਿੰਦ ਦੇ ਚਲਕਦਾਰ ਵਜ਼ੀਰ ਖ਼ਾਂ ਉੱਤੇ ਨਵਾਬ ਸ਼ੇਰ ਮੁਹੰਮਦ ਖ਼ਾਂ ਦੀਆਂ ਦਲੀਲਾਂ ਦਾ ਕੋਈ ਅਸਰ ਨਾ ਹੋਇਆ। ਸਗੋਂ ਵਜ਼ੀਰ ਖ਼ਾਂ ਨੇ ਨਵਾਂ ਸਵਾਲ ਖੜ੍ਹਾ ਕਰ ਦਿੱਤਾ ਕਿ "ਜੇ ਇਹ ਇਸਲਾਮ ਕਬੂਲ ਕਰ ਲੈਂਦੇ ਹਨ ਤਾਂ ਇਨ੍ਹਾਂ ਨੂੰ ਛੱਡ ਦਿੱਤਾ ਜਾਵੇਗਾ..." ਇਸ ਵਿੱਚ ਵੀ ਵਜ਼ੀਰ ਖ਼ਾਂ ਦੀ ਚਲਾਕੀ ਸੀ ਕਿ ਬੱਚਿਆਂ ਨੂੰ ਇਸਲਾਮ ਧਾਰਨ ਕਰਵਾਉਣ; ਪਰ ਉਸ ਦੀ ਦਿਲੀ ਧਾਰਨਾ ਤਾਂ ਮਾਸੂਮ ਬੱਚਿਆਂ ਨੂੰ ਕਤਲ ਕਰਨਾ ਸੀ।

ਜਦੋਂ ਬੱਚਿਆਂ ਨੇ ਇਸਲਾਮ ਕਬੂਲ ਕਰਨੋਂ ਇਨਕਾਰ ਕਰ ਦਿੱਤਾ ਤਾਂ ਉਸ ਨੂੰ ਹੋਰ ਬਹਾਨਾ ਲੱਭ ਪਿਆ ਬੱਚਿਆਂ ਨੂੰ ਕਤਲ ਕਰਨ ਦਾ। ਵਜ਼ੀਰ ਖ਼ਾਂ ਨੇ ਨਿੱਕੀਆਂ ਜਿੰਦਾਂ ਨੂੰ ਜਿਉਂਦੇ ਹੀ ਨੀਂਹਾਂ ਵਿੱਚ ਚਿਣਨ ਦਾ ਹੁਕਮ ਦੇ ਦਿੱਤਾ। ਇਸ ਫ਼ੈਸਲੇ ਵਿਰੁੱਧ ਨਵਾਬ ਸ਼ੇਰ ਮੁਹੰਮਦ ਖ਼ਾਂ ਨੇ ਆਵਾਜ਼ ਉਠਾਈ ਕਿ ਪਿਤਾ ਦਾ ਬਦਲਾ ਬੱਚਿਆਂ ਤੋਂ ਲੈਣਾ ਬਿਲਕੁਲ ਜਾਇਜ਼ ਨਹੀਂ। ਵਜ਼ੀਰ ਖ਼ਾਂ ਆਪਣੇ ਫ਼ੈਸਲੇ ਤੋਂ ਪਿੱਛੇ ਨਾ ਹਟਿਆ ਤਾਂ ਨਵਾਬ ਸ਼ੇਰ ਖ਼ਾਂ ਨੇ ਉਸ ਸਮੇਂ ਇੱਕ ਖ਼ਤ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਨੂੰ ਲਿਖਿਆ, ਜਿਸ ਵਿੱਚ ਉਸ ਨੇ ਬੱਚਿਆਂ ਨੂੰ ਬਚਾਉਣ ਲਈ ਬੇਨਤੀ ਕੀਤੀ। "ਪੰਦਰਾ ਰੋਜ਼ਾ 'ਸ਼ਮਸ਼ੀਰ-ਏ-ਦਸਤ' ਅਨੁਸਾਰ ਪੰਜਾਬੀ ਅਨੁਵਾਦ ਹੋਇਆ ਖ਼ਤ" ਕੁਝ ਇਸ ਤਰ੍ਹਾਂ ਸੀ:

ਐ ਆਲਮ ਪਨਾਹ! ਜ਼ਮਾਨੇ ਦੇ ਅਜ਼ੀਮ ਰੁਤਬਿਆਂ ਅਤੇ ਜਾਹੋ ਹਸ਼ਮਤ ਵਾਲੇ ਸ਼ਹਿਨਸ਼ਾਹ ਖ਼ੁਦਾ ਤੁਹਾਨੂੰ ਸੱਤ ਅਸਮਾਨਾਂ ਦੀ ਹਕੂਮਤ ਨਸੀਬ ਫਰਮਾਵੇ, ਤੁਹਾਡੇ ਜਾਹੋ ਜਲਾਲ ਨੂੰ ਕਦੇ ਗ੍ਰਹਿਣ ਨਾ ਲੱਗੇ ਅਤੇ ਤੁਹਾਡੀ ਫ਼ਤਹਿ ਤੇ ਕਾਮਯਾਬੀ ਦੇ ਚੰਨ ਹਮੇਸ਼ਾ ਕਾਇਨਾਤ ਉੱਤੇ ਜਗਮਗਾਉਂਦੇ ਰਹਿਣ। ਮੈਂ ਨਿਮਾਣਾ ਦਾਸ ਉਸ ਸੁਹਣੇ ਰੱਬ ਅੱਗੇ ਬਹੁਤ ਹੀ ਅਦਬ, ਅਹਿਤਰਾਮ ਅਤੇ ਸਿਰ ਨਿਵਾਉਂਦਾ ਹੋਇਆ ਦੁਆ ਕਰਦਾ ਹਾਂ ਕਿ ਉਹ (ਅੱਲ੍ਹਾ) ਤੁਹਾਨੂੰ ਆਪਣੀ ਛਤਰ ਛਾਇਆ ਹੇਠ ਮਹਿਫ਼ੂਜ਼ ਰੱਖੇ, ਜੋ ਕਿ ਪੂਰੀ ਕਾਇਨਾਤ ਨੂੰ ਆਪਣੀ ਆਗੋਸ਼ ਵਿੱਚ ਲੈਣ ਵਾਲਾ ਹੈ, ਜਿਸ ਨੇ ਮਨੁੱਖੀ ਜਿੰਦ ਜਾਨ ਦੀ ਹਮੇਸ਼ਾ ਹਿਫ਼ਾਜ਼ਤ ਫਰਮਾਈ ਹੈ ਅਤੇ ਜੋ ਹਮੇਸ਼ਾ ਰਹਿਮ ਦਿਲ ਵਾਲਾ ਤੇ ਰਹੀਮ ਹੈ। ਉਸੇ ਮੁਕੱਦਸ ਤੇ ਸਰਵ ਉੱਚ ਰੱਬ ਅਤੇ ਰਹਿਮਾਨ ਤੇ ਰਹੀਮ ਦਾ ਵਾਸਤਾ ਦੇ ਕੇ ਜਿਸ ਦੇ ਕਬਜ਼ੇ ਵਿੱਚ ਪੂਰੀ ਕਾਇਨਾਤ ਦੀ ਜਾਨ ਹੈ, ਇਹ ਦਾਸ ਤੁਹਾਡੀ ਸੇਵਾ 'ਚ ਬੇਨਤੀ ਕਰਦਾ ਹੈ ਕਿ ਇਹ ਕਿੰਨਾ ਚੰਗਾ ਹੋਵੇ ਜੇ ਗੋਬਿੰਦ ਸਿੰਘ (ਦਸਮ ਪਾਤਸ਼ਾਹ) ਦੇ ਬੱਚਿਆਂ ਨੂੰ ਮਾਫ਼ ਕਰ ਦਿੱਤਾ ਜਾਵੇ।

ਆਲੀਜਾਹ! ਕੀ ਸੂਬੇਦਾਰ ਸਰਹਿੰਦ ਨੂੰ ਕਿਸੇ ਤਰ੍ਹਾਂ ਵੀ ਇਸ ਗੱਲ ਦਾ ਅਧਿਕਾਰ ਹੈ ਕਿ ਉਹ (ਗੁਰੂ) ਗੋਬਿੰਦ ਸਿੰਘ ਦੀਆਂ ਹੁਕਮ ਅਦੂਲੀਆਂ ਦੀ ਸਜ਼ਾ ਉਸ ਦੇ ਮਾਸੂਮ ਬੱਚਿਆਂ ਨੂੰ ਦੇਵੇ? ਕੇਵਲ ਇਸ ਲਈ ਕਿ ਉਹ ਉਸ ਦੇ ਬੱਚੇ ਹਨ ਅਤੇ ਉਨ੍ਹਾਂ ਨੂੰ ਜ਼ਿੰਦਾ ਦੀਵਾਰਾਂ ਵਿੱਚ ਚਿਣਵਾ ਦੇਵੇ, ਇੱਥੋਂ ਤੱਕ ਕਿ ਉਹ ਆਪਣੀ ਜਾਨ ਤੋਂ ਹੱਥ ਧੋ ਬੈਠਣ।

ਆਲਮ ਪਨਾਹ! ਭਾਵੇਂ ਸੂਬੇਦਾਰ ਦੇ ਹੁਕਮ ਦੀ ਨਿੰਦਾ ਕਰਨ ਦਾ ਕੋਈ ਹੌਸਲਾ ਨਹੀਂ ਰੱਖਦਾ, ਜਿਸ ਦਾ ਹੁਕਮ ਮੌਤ ਦੀ ਤਰ੍ਹਾਂ ਅਟੱਲ ਹੈ, ਪਰ ਤੁਹਾਡਾ ਇਹ ਖ਼ਾਦਿਮ ਅਤੇ ਖ਼ੈਰ ਖ਼ੁਆਹ ਉਸ ਦੇ ਇਸ ਨਾਪਾਕ ਅਤੇ ਨਾ ਦੂਰ-ਅੰਦੇਸ਼ੀ ਵਾਲੇ ਫੈਸਲੇ ਦੀ ਨਿੰਦਾ ਕਰਦਾ ਹੈ ਅਤੇ ਸਲਤਨਤ ਦਾ ਇੱਕ ਨਿਮਾਣਾ ਖ਼ਾਦਿਮ ਅਤੇ ਖ਼ੈਰ ਖ਼ੁਆਹ ਹੋਣ ਦੇ ਨਾਤੇ ਆਂ-ਜਨਾਬ ਦੀ ਸਲਤਨਤ ਦੀ ਖ਼ੈਰ ਖ਼ੁਆਹੀ ਲਈ ਬੇਨਤੀ ਕਰਦਾ ਹੈ ਕਿ ਹਾਲਾਤ ਨੂੰ ਮੁੱਖ ਰੱਖਦਿਆਂ ਸਿੱਖ ਕੌਮ ਦੀ ਹੁਕਮ ਅਦੂਲੀ 'ਤੇ ਕੋਈ ਮੁਨਾਸਬ ਸਜ਼ਾ ਤਜਵੀਜ਼ ਫ਼ਰਮਾਉਣ। ਇਨਸਾਫ਼ ਵੀ ਇਸੇ ਗੱਲ ਦਾ ਤਕਾਜ਼ਾ ਕਰਦਾ ਹੈ। ਤੁਹਾਡੇ ਇਸ ਨਿਮਾਣੇ ਖ਼ਾਦਿਮ ਦੇ ਖ਼ਿਆਲ ਅਨੁਸਾਰ ਕਿਸੇ ਤਰ੍ਹਾਂ ਵੀ ਇਹ ਗੱਲ ਤਾਕਤ ਤੇ ਹਕੂਮਤ ਦੀ ਸ਼ਾਯਾਨੇ ਸ਼ਾਨ ਨਹੀਂ ਕਿ ਕਿਸੇ ਵੀ ਕੌਮ ਦੀਆਂ ਹੁਕਮ ਅਦੂਲੀਆਂ ਦਾ ਬਦਲਾ ਉਸ ਦੇ ਮਾਸੂਮ ਬੱਚਿਆਂ ਤੋਂ ਲਿਆ ਜਾਵੇ, ਅਜਿਹੇ ਬੱਚਿਆਂ ਤੋਂ ਜੋ ਮਾਸੂਮ ਹੀ ਨਹੀਂ, ਨਾਜ਼ੁਕ ਅਤੇ ਕਮਸਿਨ ਵੀ ਹਨ ਅਤੇ ਜੋ ਕਿਸੇ ਸੂਰਤ 'ਚ ਵੀ ਇੱਕ ਮਜ਼ਬੂਤ ਤੇ ਤਾਕਤਵਰ ਸੂਬੇਦਾਰ ਦੀਆਂ ਬੇਪਨਾਹ ਤਾਕਤਾਂ ਦਾ ਮੁਕਾਬਲਾ ਨਹੀਂ ਕਰ ਸਕਦੇ। ਇਹ ਹਰਕਤ ਸਪੱਸ਼ਟ ਤੌਰ 'ਤੇ ਹਜ਼ਰਤ ਮੁਹੰਮਦ (ਸ.) ਦੀਆਂ ਸਿੱਖਿਆਵਾਂ ਅਤੇ ਇਸਲਾਮੀ ਅਸੂਲਾਂ ਦੇ ਖ਼ਿਲਾਫ਼ ਹੈ।

ਜ਼ਿੱਲੇ ਸੁਬਹਾਨੀ! ਜਹਾਂ ਪਨਾਹ ਦੇ ਇਸ ਨਿਮਾਣੇ ਖ਼ਾਦਿਮ ਨੂੰ ਡਰ ਹੈ ਕਿ ਸੂਬੇਦਾਰ ਸਰਹਿੰਦ ਦਾ ਇਹ ਗ਼ੈਰ-ਇਸਲਾਮੀ ਅਤੇ ਗ਼ੈਰ-ਇਨਸਾਨੀ ਕਦਮ ਕਿਤੇ ਆਲਮ ਪਨਾਹ ਦੇ ਜਾਹੋ ਜਲਾਲ, ਸ਼ਾਨੋ ਸ਼ੌਕਤ, ਇੱਜ਼ਤੋ ਵੱਕਾਰ ਅਤੇ ਇਨਸਾਫ ਤੇ ਸੱਚਾਈ ਉੱਤੇ ਹਮੇਸ਼ਾ ਦੇ ਲਈ ਧੱਬਾ ਨਾ ਬਣ ਜਾਵੇ। ਉਂਝ ਵੀ ਇਸ ਕਿਸਮ ਦੀ ਸਜ਼ਾ ਤੇ ਅਜ਼ੀਅਤ ਤੁਹਾਡੀ ਹਕੂਮਤ ਦੇ ਕਾਨੂੰਨ ਅਤੇ ਹੱਕ ਤੇ ਇਨਸਾਫ ਦੇ ਬਿਲਕੁਲ ਉਲਟ ਹੈ। ਉਪਰੋਕਤ ਗੁਜ਼ਾਰਿਸ਼ ਦੇ ਨਾਲ ਵਿਚਾਰਾਂ ਦੀ ਆਜ਼ਾਦੀ ਦਾ ਇਸਤੇਮਾਲ ਕਰਦਿਆਂ ਦਾਸ ਬੇਨਤੀ ਕਰਦਾ ਹੈ ਕਿ ਜੇ ਜਹਾਂ ਪਨਾਹ ਦੇ ਮਿਜ਼ਾਜ ਦੇ ਅਨੁਕੂਲ ਹੋਵੇ ਤਾਂ (ਗੁਰੂ) ਗੋਬਿੰਦ ਸਿੰਘ ਦੇ ਬੱਚਿਆਂ ਨੂੰ ਹਿਰਾਸਤ ਵਿੱਚ ਰੱਖਿਆ ਜਾ ਸਕਦਾ ਹੈ ਤਾਂ ਜੋ ਉਹ ਅਗਾਂਹ ਲਈ ਅਜਿਹੀਆਂ ਸਰਗਰਮੀਆਂ ਤੋਂ ਬਾਜ਼ ਰਹਿਣ, ਜੋ ਹਜ਼ੂਰ ਨੂੰ ਨਾ ਮੁਨਾਸਿਬ ਲੱਗਦੀਆਂ ਹੋਣ। ਇਹ ਹੋਰ ਵੀ ਮੁਨਾਸਿਬ ਹੋਵੇਗਾ, ਜੇ ਉਨ੍ਹਾਂ ਨੂੰ ਰਾਜਧਾਨੀ ਦਿੱਲੀ ਵਿੱਚ ਰੱਖਿਆ ਜਾਵੇ, ਜਦੋਂ ਤੱਕ ਕਿ ਉਨ੍ਹਾਂ ਵਿੱਚ ਤਬਦੀਲੀ ਨਾ ਆ ਜਾਵੇ ਅਤੇ ਤਖ਼ਤ ਦੀ ਆਗਿਆਕਾਰੀ ਤੇ ਵਫ਼ਾਦਾਰੀ ਕਬੂਲ ਨਾ ਲੈਣ। ਜੇ ਜ਼ਿੱਲੇ ਇਲਾਹੀ ਮੁਨਾਸਿਬ ਖ਼ਿਆਲ ਫਰਮਾਉਣ ਤਾਂ ਦੋਵੇਂ ਬੱਚਿਆਂ ਨੂੰ ਆਪਣੇ ਇਸ ਅਦਨਾ ਗ਼ੁਲਾਮ ਦੀ ਨਿਗਰਾਨੀ ਵਿੱਚ ਦੇਣ ਦਾ ਹੁਕਮ ਵੀ ਫ਼ਰਮਾ ਸਕਦੇ ਹਨ ਤਾਂ ਜੋ ਉਨ੍ਹਾਂ 'ਤੇ ਨਜ਼ਰ ਰਹੇ ਅਤੇ ਉਨ੍ਹਾਂ ਨੂੰ ਹਰੇਕ ਪ੍ਰਕਾਰ ਦੀਆਂ ਸਰਗਰਮੀਆਂ ਤੋਂ ਬਾਜ਼ ਰੱਖਿਆ ਜਾ ਸਕੇ।

⇒ ਬਾਕੀ ਅਗਲੇ ਸਫ਼ੇ ਉੱਤੇ ਪੜ੍ਹੋ

# ਈਰਾਨ ਨਾਲ ਪੰਜਾਬੀਆਂ ਦੀ ਧਾਰਮਿਕ ਸਾਂਝ

**ਪੰਜਾਬੀ ਦੁਨੀਆਂ ਦੇ ਵੱਖ-ਵੱਖ ਮੁਲਕਾਂ ਵਿੱਚ ਵੱਸੇ ਹੋਏ ਹਨ ਤੇ ਆਪਣੀ ਮਿਹਨਤ, ਲਿਆਕਤ ਅਤੇ ਮੁਹੱਬਤ ਸਦਕਾ ਨਿਰੰਤਰ ਉਚੇਰੇ ਮੁਕਾਮ ਹਾਸਿਲ ਕਰ ਰਹੇ ਹਨ। ਈਰਾਨ ਨਾਲ ਪੰਜਾਬੀਆਂ ਦੀ ਧਾਰਮਿਕ ਸਾਂਝ ਰਹੀ ਹੈ। ਇਤਿਹਾਸਕਾਰਾਂ ਦਾ ਮੰਨਣਾ ਹੈ ਕਿ ਈਰਾਨ ਦੇ ਕੁਝ ਕਬੀਲੇ ਜਿਵੇਂ ਕਿ 'ਕੁਰਦ' ਅਤੇ 'ਬਲੋਚ' ਤੇ ਕੁਝ ਇੱਕ ਹੋਰ ਲੋਕ ਸਮੂਹਾਂ ਦੀ ਪੰਜਾਬੀਆਂ ਨਾਲ ਸਦੀਆਂ ਪੁਰਾਣੀ ਸਾਂਝ ਹੈ। ਈਰਾਨ ਦੇ ਤਤਕਾਲੀ ਪ੍ਰਧਾਨ ਮੰਤਰੀ ਰਜ਼ਾ ਸ਼ਾਹ ਨੇ ਸ਼ਹਿਰ 'ਦੋਜ਼ਦੇਬ' (ਚੋਰਾਂ ਦਾ ਨਗਰ) ਵਿੱਚ ਵੱਸਦੇ ਪਾਕ-ਪਵਿੱਤਰ ਬਾਣੇ ਅਤੇ ਚੰਗੇਰੇ ਜੀਵਨ ਵਾਲੇ ਸਿੱਖਾਂ ਦੇ ਮਾਣ ਵਿੱਚ ਸ਼ਹਿਰ ਦਾ ਨਾਂ ਬਦਲ ਕੇ 'ਜ਼ਾਹੇਦ' ਰੱਖ ਦਿੱਤਾ- ਭਾਵ 'ਪਾਵਨ ਬੰਦਿਆਂ ਦੀ ਧਰਤੀ।'**


**ਬੋਲਦੇ ਪੰਨੇ**

**ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ**
**ਫੋਨ:+91-9781646008**



ਈਰਾਨ ਬੇਸ਼ੱਕ ਇੱਕ ਮੁਸਲਿਮ ਮੁਲਕ ਹੈ, ਪਰ ਪੰਜਾਬੀਆਂ ਦੀ ਤੇ ਖ਼ਾਸ ਕਰਕੇ ਸਿੱਖ ਕੌਮ ਦੀ ਇਸ ਧਰਤੀ ਨਾਲ ਗੂੜ੍ਹੀ ਧਾਰਮਿਕ ਸਾਂਝ ਹੈ। ਈਰਾਨ ਦੇ ਮਸ਼ਾਦ ਇਲਾਕੇ ਵਿੱਚ ਹਜ਼ਰਤ ਮੁਹੰਮਦ ਸਾਹਿਬ ਦੇ ਵੰਸ਼ਜ ਤੇ ਸਤਿਕਾਰਤ ਇਮਾਮ ਰਜ਼ਾ ਦੀ ਇਬਾਦਤਗਾਹ ਹੈ, ਜੋ ਕਿ ਪਵਿੱਤਰ ਮੱਕਾ, ਮਦੀਨਾ ਅਤੇ ਦੁਨੀਆਂ ਦੀਆਂ ਹੋਰ ਸਭ ਤੋਂ ਵਿਸ਼ਾਲ ਥਾਂਵਾਂ ਵਿੱਚ ਸ਼ੁਮਾਰ ਕੀਤੀ ਜਾਂਦੀ ਹੈ। ਇੱਥੇ ਸਿੱਖ ਧਰਮ ਦੇ ਮੋਢੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹਜ਼ਾਰਾਂ ਮੀਲ ਦਾ ਫ਼ਾਸਲਾ ਤੈਅ ਕਰਨ ਪਿੱਛੋਂ ਆਪਣੇ ਚਰਨ ਪਾਏ ਸਨ। ਉਹ ਮੱਕਾ ਤੋਂ ਵਾਪਿਸ ਪਰਤਦੇ ਸਮੇਂ ਬਗ਼ਦਾਦ, ਈਰਾਨ, ਬਸਰਾ ਅਤੇ ਕਰਬਲਾ ਵਿਖੇ ਠਹਿਰੇ ਸਨ। ਚੇਤੇ ਰਹੇ, ਉਸ ਵਕਤ ਈਰਾਨ ਦਾ ਨਾਂ 'ਖ਼ੁਰੱਮ ਸ਼ਹਿਰ' ਹੋਇਆ ਕਰਦਾ ਸੀ। ਇਮਾਮ ਰਜ਼ਾ ਦੀ ਇਬਾਦਤਗਾਹ ਵਿਖੇ ਅੱਜ ਵੀ ਦੁਨੀਆਂ ਭਰ ਤੋਂ ਹਰ ਸਾਲ ਤਿੰਨ ਕਰੋੜ ਦੇ ਕਰੀਬ ਸ਼ਰਧਾਲੂ ਜ਼ਿਆਰਤ ਭਾਵ ਤੀਰਥ ਦਰਸ਼ਨ ਲਈ ਆਉਂਦੇ ਹਨ। ਇਸੇ ਤਰ੍ਹਾਂ ਈਰਾਨ ਵਿਖੇ ਸਥਿਤ ਇੱਕ ਹਿੰਦੂ ਧਰਮ ਅਸਥਾਨ ਵਿਖੇ ਸੰਨ 1892 ਵਿੱਚ ਬਣਾਏ ਗਏ ਕੰਧ-ਚਿੱਤਰਾਂ ਵਿੱਚ ਨਿਹੰਗ ਬਾਣੇ ਵਿੱਚ ਦੋ ਸਿੱਖ ਦੁਆਰਪਾਲਾਂ ਦੀਆਂ ਤਸਵੀਰਾਂ ਵੀ ਵੇਖੀਆਂ ਜਾ ਸਕਦੀਆਂ ਹਨ।

ਇਤਿਹਾਸ ਦੱਸਦਾ ਹੈ ਕਿ ਸੰਨ 1900 ਦੇ ਆਸ-ਪਾਸ ਜਦੋਂ ਬਰਤਾਨਵੀ ਹਕੂਮਤ ਨੇ ਈਰਾਨ ਆਪਣੇ ਕਬਜ਼ੇ ਹੇਠ ਲੈ ਲਿਆ ਸੀ, ਉਦੋਂ ਕਈ ਸਿੱਖ ਸੈਨਿਕ ਅਤੇ ਵਪਾਰੀ ਵੀ ਇੱਥੇ ਆਣ ਪੁੱਜੇ ਸਨ। ਸੰਨ 1920 ਦੇ ਕਰੀਬ ਬਰਤਾਨਵੀ ਹਾਕਮਾਂ ਨੇ ਇੱਥੇ 'ਟ੍ਰਾਂਸ ਈਰਾਨਿਅਨ ਰੇਲਵੇ' ਪ੍ਰਾਜੈਕਟ ਸ਼ੁਰੂ ਕਰ ਦਿੱਤਾ ਸੀ ਤੇ ਇਸ ਪ੍ਰਾਜੈਕਟ ਨਾਲ ਜੁੜ ਕੇ ਕਈ ਸਿੱਖ ਪਰਿਵਾਰ 'ਦੋਜ਼ਦੇਬ' ਨਾਮਕ ਇਲਾਕੇ ਵਿੱਚ ਆ ਕੇ ਵੱਸਣੇ ਸ਼ੁਰੂ ਹੋ ਗਏ ਸਨ। ਬੜੀ ਦਿਲਚਸਪ ਗੱਲ ਹੈ ਕਿ ਰਜ਼ਾ ਸ਼ਾਹ, ਜੋ ਕਿ ਇੱਕ ਵੱਡਾ ਮਿਲਟਰੀ ਅਧਿਕਾਰੀ ਸੀ ਤੇ ਬਾਅਦ ਵਿੱਚ ਈਰਾਨ ਦਾ ਪ੍ਰਧਾਨ ਮੰਤਰੀ ਵੀ ਬਣਿਆ ਸੀ, ਇੱਕ ਵਾਰ ਦੇਜ਼ਦੇਬ ਇਲਾਕੇ ਵਿੱਚ ਆਇਆ ਅਤੇ ਇੱਥੇ ਆ ਕੇ ਉਸ ਨੇ ਸਿੱਖਾਂ ਨੂੰ ਦੁੱਧ ਚਿੱਟੇ ਲਿਬਾਸ ਵਿੱਚ ਘੁੰਮਦਿਆਂ ਵੇਖਿਆ ਤੇ ਬੜਾ ਖ਼ੁਸ਼ ਹੋਇਆ। ਉਸ ਨੇ ਤੁਰੰਤ ਹੀ ਦੋਜ਼ਦੇਬ ਸ਼ਹਿਰ ਦਾ ਨਾਂ ਬਦਲ ਕੇ 'ਜ਼ਾਹੇਦ' ਰੱਖ ਦਿੱਤਾ। ਇਸ ਦਾ ਕਾਰਨ ਇਹ ਸੀ ਕਿ ਦੋਜ਼ਦੇਬ ਦਾ ਅਰਥ ਹੁੰਦਾ ਸੀ 'ਚੋਰਾਂ ਦਾ ਨਗਰ', ਜੋ ਉੱਥੇ ਵੱਸਦੇ ਪਾਕ-ਪਵਿੱਤਰ ਬਾਣੇ ਅਤੇ ਚੰਗੇਰੇ ਜੀਵਨ ਵਾਲੇ ਸਿੱਖਾਂ ਲਈ ਰਜ਼ਾ ਸ਼ਾਹ ਨੂੰ ਵਾਜਿਬ ਨਾ ਜਾਪਿਆ ਤੇ ਉਸ ਵੱਲੋਂ ਇਸ ਨਗਰ ਨੂੰ ਦਿੱਤੇ ਗਏ ਨਵੇਂ ਨਾਂ ਦੇ ਅਰਥ ਸਨ- 'ਪਾਵਨ ਬੰਦਿਆਂ ਦੀ ਧਰਤੀ।' ਰਜ਼ਾ ਸ਼ਾਹ ਵੱਲੋਂ ਕੀਤੀ ਗਈ ਨਾਂ ਦੀ ਇਹ ਤਬਦੀਲੀ ਈਰਾਨ ਵਿੱਚ ਵੱਸਦੇ ਪੰਜਾਬੀਆਂ ਤੇ ਖ਼ਾਸ ਕਰਕੇ ਸਿੱਖਾਂ ਦੀ ਸੁੱਚਤਾ ਅਤੇ ਸ਼ਾਨ ਦਾ ਸਨਮਾਨ ਸੀ।



■ ਨਿਹੰਗ ਬਾਣੇ 'ਚ ਦੋ ਸਿੱਖ ਦੁਆਰਪਾਲਾਂ ਦੀਆਂ ਤਸਵੀਰਾਂ

ਸੰਨ 1930 ਤੋਂ ਬਾਅਦ ਜ਼ਾਹੇਦ ਨਗਰ ਵਿਖੇ ਇੱਕ ਸਕੂਲ ਸ਼ੁਰੂ ਕੀਤਾ ਗਿਆ ਸੀ, ਜੋ ਕਿ ਇੱਥੇ ਵੱਸਦੇ ਸਿੱਖ ਪਰਿਵਾਰਾਂ ਦੇ ਬੱਚਿਆਂ ਦੀ ਸਿੱਖਿਆ ਦੀਆਂ ਲੋੜਾਂ ਨੂੰ ਪੂਰਾ ਕਰਦਾ ਸੀ। ਸੰਨ 1952 ਵਿੱਚ ਇਹ ਸਕੂਲ ਤਹਿਰਾਨ ਵਿਖੇ ਤਬਦੀਲ ਕਰ ਦਿੱਤਾ ਗਿਆ ਸੀ ਅਤੇ ਸੰਨ 2004 ਵਿੱਚ ਇਸ ਦਾ ਨਾਂ ਬਦਲ ਕੇ 'ਕੇਂਦਰੀ ਵਿਦਿਆਲਾ' ਕਰ ਦਿੱਤਾ ਗਿਆ ਸੀ। ਸੰਨ 1979 ਵਿੱਚ ਇਸ ਨਗਰ ਵਿੱਚ 250 ਦੇ ਕਰੀਬ ਅਜਿਹੇ ਪੰਜਾਬੀ ਪਰਿਵਾਰ ਵੱਸਦੇ ਸਨ, ਜਿਨ੍ਹਾਂ ਕੋਲ ਮੋਟਰ-ਪਾਰਟਸ ਦੀ ਡਿਸਟ੍ਰੀਬਿਊਟਰਸ਼ਿਪ, ਇਮਾਰਤਸਾਜ਼ੀ ਦੀਆਂ ਫ਼ਰਮਾਂ ਅਤੇ ਆਯਾਤ-ਨਿਰਯਾਤ ਕੰਪਨੀਆਂ ਦੀ ਮਾਲਕੀ ਸੀ, ਪਰ ਇਸੇ ਹੀ ਸੰਨ 1979 ਵਿੱਚ ਆਈ 'ਈਰਾਨੀ ਜਾਂ ਮੁਸਲਿਮ ਕ੍ਰਾਂਤੀ' ਦੇ ਫਲਸਰੂਪ ਬਹੁਤ ਸਾਰੇ ਪੰਜਾਬੀ ਪਰਿਵਾਰ ਈਰਾਨ ਛੱਡ ਕੇ ਜਾਂ ਤਾਂ ਭਾਰਤ ਵਾਪਿਸ ਚਲੇ ਗਏ ਜਾਂ ਫਿਰ ਯੂਰਪ ਵੱਲ ਨੂੰ ਹੋ ਤੁਰੇ ਸਨ ਤੇ ਕੁਝ ਇੱਕ ਪਰਿਵਾਰ ਤਹਿਰਾਨ ਵਿਖੇ ਜਾ ਵੱਸੇ ਸਨ।

ਸਾਲ 2011 ਦੇ ਅੰਕੜਿਆਂ ਅਨੁਸਾਰ ਈਰਾਨ ਵਿੱਚ ਅੰਦਾਜ਼ਨ ਸੌ ਕੁ ਪੰਜਾਬੀ ਪਰਿਵਾਰ ਹੀ ਰਹਿ ਰਹੇ ਸਨ, ਜੋ ਆਪਸ ਵਿੱਚ ਪੰਜਾਬੀ ਭਾਸ਼ਾ ਵਿੱਚ ਅਤੇ ਬਾਕੀਆਂ ਨਾਲ ਫ਼ਾਰਸੀ ਜਾਂ ਬਲੋਚੀ ਭਾਸ਼ਾ ਵਿੱਚ ਗੱਲਬਾਤ ਕਰਦੇ ਸਨ। ਉਸ ਵਕਤ ਇੱਥੇ ਵੱਸਣ ਵਾਲੇ ਜ਼ਿਆਦਾਤਰ ਪੰਜਾਬੀਆਂ ਕੋਲ ਈਰਾਨ ਦੀ ਹੀ ਨਾਗਰਿਕਤਾ ਸੀ। ਇਹ ਵੀ ਜ਼ਿਕਰਯੋਗ ਹੈ ਕਿ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਤਹਿਰਾਨ ਵਿਖੇ ਸਥਿਤ ਇਕਲੌਤੇ ਗੁਰਦੁਆਰਾ ਸਾਹਿਬ 'ਭਾਈ ਗੰਗਾ ਸਿੰਘ ਸਭਾ' ਵਿਖੇ ਕਰਵਾਏ ਗਏ ਸਮਾਗਮ ਵਿੱਚ ਤਹਿਰਾਨ ਵਿਖੇ ਵੱਸਦੇ ਕੁੱਲ 60 ਦੇ ਕਰੀਬ ਪੰਜਾਬੀ ਪਰਿਵਾਰਾਂ ਨੇ ਭਾਗ ਲਿਆ ਸੀ। ਸਾਲ 2015 ਵਿੱਚ ਸਾਹਮਣੇ ਆਈ ਇੱਕ ਰਿਪੋਰਟ ਅਨੁਸਾਰ ਈਰਾਨ ਵਿੱਚ ਪੰਜਾਬੀਆਂ ਦੇ 175 ਪਰਿਵਾਰ ਰਹਿੰਦੇ ਸਨ, ਜਦੋਂ ਕਿ ਬੀਤੇ ਸਮੇਂ ਵਿੱਚ ਇੱਕ ਵੇਲਾ ਐਸਾ ਵੀ ਆਇਆ ਸੀ, ਜਦੋਂ ਉੱਥੇ ਇੱਕ ਹਜ਼ਾਰ ਤੋਂ ਵੀ ਵੱਧ ਸਿੱਖ ਪੰਜਾਬੀ ਪਰਿਵਾਰ ਨਿਵਾਸ ਕਰਿਆ ਕਰਦੇ ਸਨ। ਉਸ ਵਕਤ ਤਹਿਰਾਨ ਅਤੇ ਜ਼ਾਹੇਦ ਨਗਰਾਂ ਵਿੱਚ ਦੋ-ਦੋ ਗੁਰਦੁਆਰਾ ਸਾਹਿਬ ਵੀ ਸੁਸ਼ੋਭਿਤ ਸਨ।

ਇਤਿਹਾਸ ਦੇ ਗਰਭ 'ਚ ਲੁਕੀ ਇੱਕ ਕੌੜੀ ਗੱਲ ਇਹ ਹੈ ਕਿ ਇੱਕ ਵਾਰ ਤਹਿਰਾਨ ਦੇ ਗੁਰਦੁਆਰਾ ਭਾਈ ਗੰਗਾ ਸਿੰਘ ਸਭਾ ਵਿਖੇ ਪ੍ਰਬੰਧਕਾਂ ਨੇ ਗੁਰਦੁਆਰਾ ਇਮਾਰਤ ਦੇ ਅੰਦਰ ਹੀ ਇੱਕ ਅਜਿਹੀ ਵਿਵਸਥਾ ਕਰ ਦਿੱਤੀ ਸੀ, ਜਿਸ ਵਿੱਚ ਕਿਸੇ ਪ੍ਰਲੋਕ ਸਿਧਾਰ ਗਏ ਸਿੱਖ ਦੇ ਮ੍ਰਿਤਕ ਸਰੀਰ ਨੂੰ ਅੰਤਿਮ ਸਸਕਾਰ ਤੋਂ ਪਹਿਲਾਂ ਗੁਰਦੁਆਰੇ ਦੇ ਅੰਦਰ ਹੀ ਇਸ਼ਨਾਨ ਕਰਵਾਇਆ ਜਾਣ ਲੱਗ ਪਿਆ ਸੀ। ਉਕਤ ਪ੍ਰਬੰਧਕ ਕਮੇਟੀ ਦੇ ਇਸ ਕਾਰਜ ਦੀ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਕੁਝ ਹੋਰ ਸਿੱਖ ਸੰਗਠਨਾਂ ਨੇ ਇਹ ਕਹਿ ਕੇ ਵਿਰੋਧਤਾ ਕੀਤੀ ਸੀ ਕਿ ਜਿਸ ਇਮਾਰਤ ਵਿੱਚ ਪਾਵਨ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ ਹੋਵੇ, ਉਥੇ ਕਿਸੇ ਮੁਰਦਾ ਸਰੀਰ ਨੂੰ ਨੁਹਾਏ ਜਾਣਾ ਸਿੱਖ ਮਰਿਆਦਾਵਾਂ ਦੇ ਖ਼ਿਲਾਫ਼ ਹੈ। ਤਹਿਰਾਨ ਦੇ ਉਕਤ ਗੁਰਦੁਆਰਾ ਸਾਹਿਬ ਦੇ ਪ੍ਰਬੰਧਕ ਈਰਾਨ ਦੇ ਜਨਮਾਨਸ ਅਤੇ ਉੱਥੋਂ ਦੀਆਂ ਰਵਾਇਤਾਂ ਮੁਤਾਬਿਕ ਆਪਣੇ ਇਸ ਕਾਰਜ ਨੂੰ ਸਹੀ ਐਲਾਨ ਰਹੇ ਸਨ। ਇਸ ਵਿਚਾਰਧਾਰਕ ਵਿਰੋਧ ਕਰਕੇ ਕਾਫੀ ਵਿਵਾਦ ਪੈਦਾ ਹੋ ਗਿਆ ਸੀ, ਜੋ ਕਿ ਮੀਡੀਆ ਵਿੱਚ ਚਰਚਾ ਦਾ ਵਿਸ਼ਾ ਰਿਹਾ ਸੀ। ਉਸ ਕਾਲ ਖੰਡ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਸਨ।

ਇਤਿਹਾਸ ਦੇ ਖੋਜਕਾਰਾਂ ਦਾ ਇਹ ਮੰਨਣਾ ਹੈ ਕਿ ਈਰਾਨ ਦੇ ਕੁਝ ਕਬੀਲੇ ਜਿਵੇਂ ਕਿ 'ਕੁਰਦ' ਅਤੇ 'ਬਲੋਚ' ਤੇ ਕੁਝ ਇੱਕ ਹੋਰ ਲੋਕ ਸਮੂਹਾਂ ਦੀ ਪੰਜਾਬੀਆਂ ਨਾਲ ਸਦੀਆਂ ਪੁਰਾਣੀ ਸਾਂਝ ਹੈ। ਖੋਜੀਆਂ ਦਾ ਮੰਨਣਾ ਹੈ ਕਿ ਚਾਰ ਹਜ਼ਾਰ ਸਾਲ ਪਹਿਲਾਂ ਪੰਜਾਬੀ ਅਤੇ ਈਰਾਨੀ ਲੋਕ ਇੱਕ ਹੀ ਵੰਸ਼ 'ਚ ਹੋਇਆ ਕਰਦੇ ਸਨ ਤੇ ਬਾਅਦ ਵਿੱਚ ਇਹ 'ਆਰੀਆ' ਅਤੇ 'ਈਰਾਨੀ' ਲੋਕ ਸਮੂਹਾਂ ਵਿੱਚ ਵੰਡੇ ਗਏ ਸਨ। ਇਨ੍ਹਾਂ ਦੀ ਕੱਦ-ਕਾਠੀ, ਰੰਗ, ਸ਼ਕਲਾਂ ਅਤੇ ਆਪਣੇ ਹੱਕਾਂ ਲਈ ਲੜ-ਮਰਨ ਦਾ ਜਜ਼ਬਾ ਆਦਿ ਸਮੇਤ ਕਈ ਹੋਰ ਗੁਣ ਅੱਜ ਵੀ ਆਪਸ ਵਿੱਚ ਮੇਲ ਖਾਂਦੇ ਹਨ। ਕਿਹਾ ਜਾਂਦਾ ਹੈ ਕਿ ਇਨ੍ਹਾਂ ਦੀਆਂ ਭਾਸ਼ਾਈ ਜੜ੍ਹਾਂ ਵੀ ਮੂਲ ਰੂਪ ਵਿੱਚ ਕਿਤੇ ਨਾ ਕਿਤੇ ਜਾ ਕੇ ਆਪਸ ਵਿੱਚ ਜੁੜਦੀਆਂ ਹਨ। ਭਾਰਤੀਆਂ ਦੀ ਹਿੰਦੀ ਵਿੱਚ ਵੀ ਫ਼ਾਰਸੀ ਦੇ ਕਈ ਲਫ਼ਜ਼ ਪਾਏ ਜਾਂਦੇ ਹਨ ਤੇ ਪੰਜਾਬੀਆਂ ਦੀ ਪੰਜਾਬੀ ਭਾਸ਼ਾ ਦੀ ਵਰਣਮਾਲਾ ਵਿੱਚ ਤੇ ਫ਼ਾਰਸੀ ਦੇ ਅੱਖਰਾਂ ਨੂੰ ਵਿਸ਼ੇਸ਼ ਥਾਂ ਦਿੱਤੀ ਗਈ ਹੈ। ਮੁੱਕਦੀ ਗੱਲ ਇਹ ਹੈ ਕਿ 'ਇੰਡੋ-ਆਰੀਅਨ' ਅਤੇ 'ਈਰਾਨੀ' ਲੋਕ ਅਸਲ ਵਿੱਚ ਸਦੀਆਂ ਪਹਿਲਾਂ ਇੱਕ ਰਹੇ 'ਇੰਡੋ-ਈਰਾਨੀ' ਪਰਿਵਾਰ ਦੇ ਹੀ ਉਪ-ਸਮੂਹ ਹਨ।

ਸਾਲ 2019 ਵਿੱਚ ਭਾਰਤੀ ਪੰਜਾਬ ਦੀ ਸਰਕਾਰ ਨੇ ਇਹ ਐਲਾਨ ਕੀਤਾ ਸੀ ਕਿ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਫ਼ਲਸਫ਼ੇ ਸਬੰਧੀ ਖੋਜ ਕਾਰਜ ਲਈ ਕੁੱਲ 11 ਯੂਨੀਵਰਸਿਟੀਆਂ ਵਿੱਚ 'ਗੁਰੂ ਨਾਨਕ ਚੇਅਰਾਂ' ਸਥਾਪਿਤ ਕੀਤੀਆਂ ਜਾਣਗੀਆਂ, ਜਿਨ੍ਹਾਂ ਵਿੱਚੋਂ ਸੱਤ ਭਾਰਤੀ ਪੰਜਾਬ ਦੇ ਅੰਦਰ, ਤਿੰਨ ਪੰਜਾਬ ਤੋਂ ਬਾਹਰ ਦੇ ਸੂਬਿਆਂ ਵਿੱਚ ਅਤੇ ਇੱਕ ਈਰਾਨ ਦੀ 'ਯੂਨੀਵਰਸਿਟੀ ਆਫ਼ ਰਿਲੀਜਨਜ਼ ਐਂਡ ਡਿਨੋਮੀਨੇਸ਼ਨਜ਼' ਵਿਖੇ ਸਥਾਪਿਤ ਕੀਤੀ ਜਾਵੇਗੀ। ਇਸ ਦਾ ਭਾਵ ਹੈ ਕਿ ਈਰਾਨ ਨੂੰ ਮਹੱਤਵ ਦਿੰਦਿਆਂ ਇੱਥੇ ਵੀ ਗੁਰੂ ਨਾਨਕ ਸਾਹਿਬ ਸਬੰਧੀ ਖੋਜ ਕਾਰਜਾਂ ਲਈ ਚੇਅਰ ਕਾਇਮ ਕਰਨ ਦੀ ਗੱਲ ਕੀਤੀ ਗਈ ਸੀ।

---

# ਨਵਾਬ ਸ਼ੇਰ ਮੁਹੰਮਦ ਖ਼ਾਂ

***⇒ ਪਿਛਲੇ ਸਫੇ ਦੀ ਬਾਕੀ ...***

ਜ਼ਿੱਲੇ ਸੁਬਹਾਨੀ! ਨਿਮਾਣੇ ਖ਼ਾਦਿਮ ਨੂੰ ਡਰ ਹੈ ਕਿ ਜਜ਼ਬਾਤ ਅਤੇ ਵਫ਼ਾਦਾਰੀ 'ਚ ਡੁੱਬੀ ਹੋਈ ਇਹ ਲਿਖਤ ਕਿਤੇ ਸ਼ਾਹੀ ਆਦਾਬ ਦੇ ਬੰਨੇ ਪਾਰ ਨਾ ਕਰ ਗਈ ਹੋਵੇ, ਪਰ ਰੱਬੀ ਖ਼ੌਫ਼ ਅਤੇ ਆਲਾ ਹਜ਼ਰਤ ਨਾਲ ਵਫਾਦਾਰੀ ਦਾ ਤਕਾਜ਼ਾ ਦਾਸ ਨੂੰ ਇਸ ਗੱਲ ਦੀ ਇਜਾਜ਼ਤ ਨਹੀਂ ਦਿੰਦੇ ਕਿ ਮੈਂ ਹੱਕ ਗੱਲ ਕਹਿਣ ਤੋਂ ਗੁਰੇਜ਼ ਕਰਾਂ। ਮੇਰੇ ਨਿਮਾਣੇ ਦਾਸ ਦੀ ਗੁਜ਼ਾਰਿਸ਼ 'ਤੇ ਸ਼ਾਹੀ ਫੁੱਲ ਚੜ੍ਹਾਏ ਗਏ ਤਾਂ ਮੈਂ ਖ਼ੁਦ ਨੂੰ ਜ਼ਮਾਨੇ ਦਾ ਖ਼ੁਸ਼ਕਿਸਮਤ ਇਨਸਾਨ ਸਮਝਾਂਗਾ ਅਤੇ ਜੇ ਦਾਸ ਦੀ ਇਹ ਇਲਤਿਜ਼ਾ ਤਬੀਅਤ ਉੱਤੇ ਗਰਾਂ (ਭਾਰੀ) ਗੁਜ਼ਰੇ ਤਾਂ ਬੰਦਾ ਆਪਣਾ ਫਰਜ਼ ਨਿਭਾਉਂਦਿਆਂ ਹੱਕ ਤੇ ਇਨਸਾਫ਼ ਦੇ ਸਾਹਮਣੇ ਸਿਰਫ਼ ਆਪਣੇ ਨਿੱਜੀ ਵਿਚਾਰਾਂ ਦਾ ਇਜ਼ਹਾਰ ਕਰਦਾ ਹੈ, ਪਰ ਸੱਚ ਦੀ ਰਾਹ ਤੋਂ ਉਸ ਦਾ ਕਦਮ ਕਦੇ ਪਿੱਛੇ ਨਹੀਂ ਹਟੇਗਾ।

**ਦਸਤਖ਼ਤ/-**
**ਨਵਾਬ ਸ਼ੇਰ ਮੁਹੰਮਦ ਖ਼ਾਂ**
**ਰਿਆਸਤ ਮਾਲੇਰਕੋਟਲਾ।**

---

ਨਵਾਬ ਸ਼ੇਰ ਮੁਹੰਮਦ ਖ਼ਾਂ ਨੇ ਭਾਵੇਂ ਮਾਸੂਮਾਂ ਦੀ ਜਾਨ ਬਚਾਉਣ ਲਈ ਸੰਭਵ ਕੋਸ਼ਿਸ਼ ਵੀ ਕੀਤੀ ਤੇ ਔਰੰਗਜ਼ੇਬ ਤੱਕ ਪਹੁੰਚ ਵੀ, ਪਰ ਉਹ ਵਜ਼ੀਰ ਖ਼ਾਂ ਦੀਆਂ ਸਾਜ਼ਿਸ਼ਾਂ ਅੱਗੇ ਨਾਕਾਮ ਰਿਹਾ। ਇਤਿਹਾਸਕਾਰਾਂ ਅਨੁਸਾਰ 27 ਦਸੰਬਰ 1704 ਈ. ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਜਿਗਰ ਦੇ ਟੋਟੇ ਫ਼ਤਹਿ ਸਿੰਘ ਅਤੇ ਜ਼ੋਰਾਵਰ ਸਿੰਘ ਨੂੰ ਸਰਹਿੰਦ ਦੇ ਸੂਬੇਦਾਰ ਵਜ਼ੀਰ ਖ਼ਾਂ ਨੇ ਕੰਧਾਂ ਵਿੱਚ ਚਿਣਵਾ ਕੇ ਸ਼ਹੀਦ ਕਰ ਦਿੱਤਾ। ਬਾਅਦ ਵਿੱਚ ਸ਼ੇਰ ਮੁਹੰਮਦ ਖ਼ਾਂ ਸਿੱਧੇ ਰੂਪ ਵਿੱਚ ਸਿੱਖਾਂ ਵਿਰੁੱਧ ਆਉਣ ਤੋਂ ਕੰਨੀਂ ਕਤਰਾਉਣ ਲੱਗਾ। ਉਂਝ ਹਾਜੀ ਅੱਬਾਸ ਖ਼ਾਂ ਸ਼ਰਵਾਨੀ ਆਪਣੀ ਉਰਦੂ ਦੀ ਇੱਕ ਕਿਤਾਬ "ਸ਼ਰਵਾਨੀ ਨਾਮਾ" ਵਿੱਚ ਲਿਖਦੇ ਹਨ, "ਸਿੱਖੋਂ ਕੇ ਹਾਥੋਂ ਨਵਾਬ ਸ਼ੇਰ ਮੁਹੰਮਦ ਖ਼ਾਨ ਕੇ ਕਈ ਅਫ਼ਰਾਦ ਸ਼ਹੀਦ ਹੋ ਗਏ। ਗੁਰੂ ਤੇਗ਼ ਬਹਾਦੁਰ ਗ੍ਰਿਫ਼ਤਾਰ ਹੂਏ ਤੋ ਨਵਾਬ ਨੇ ਉਨ ਕੋ ਦਿੱਲੀ ਭੇਜ ਦੀਆ; ਯੇ ਲੜਾਈ ਸਿਖੋਂ ਕੀ ਤਰਫ ਸੇ ਮਹਜ਼ ਰਿਆਸਤ (ਮਲੇਰਕੋਟਲਾ) ਸੇ ਨਾ ਥੀ ਬਲਕਿ ਦਰਅਸਲ ਔਰੰਗਜ਼ੇਬ ਕੇ ਖਿਲਾਫ ਥੀ...।"

1706 ਈ. ਨੂੰ ਸਿੱਖਾਂ ਨੇ ਗੁਰੂ ਜੀ ਦੇ ਪਰਿਵਾਰ ਉੱਤੇ ਹੋਏ ਜ਼ੁਲਮ ਦਾ ਬਦਲਾ ਲੈਣ ਲਈ ਪੰਜਾਬ ਦੀਆਂ ਲਗਭਗ ਸਾਰੀਆਂ ਮੁਸਲਿਮ ਰਿਆਸਤਾਂ ਵਿਰੁੱਧ ਜੰਗ ਦਾ ਐਲਾਨ ਕਰ ਦਿੱਤਾ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਬੰਦਾ ਬੈਰਾਗੀ ਨੂੰ ਆਪਣਾ ਉੱਤਰਾਧਿਕਾਰੀ ਥਾਪਿਆ ਅਤੇ ਸਾਰੇ ਪੈਰੋਕਾਰਾਂ ਨੂੰ ਉਸ ਦੀ ਅਧੀਨਗੀ ਸੌਂਪੀ ਤੇ ਆਪਣੇ ਪਰਿਵਾਰ ਦੀ ਮੌਤ ਦਾ ਬਦਲਾ ਲੈਣ ਦਾ ਐਲਾਨ ਕਰ ਦਿੱਤਾ; ਪਰ ਸਿੱਖ ਫ਼ੌਜਾਂ ਨੂੰ ਮਲੇਰਕੋਟਲਾ ਰਿਆਸਤ ਉੱਤੇ ਹਮਲਾ ਨਾ ਕਰਨ ਦੀ ਹਦਾਇਤ ਵੀ ਕੀਤੀ, ਕਿਉਂਕਿ ਨਵਾਬ ਸ਼ੇਰ ਮੁਹੰਮਦ ਖ਼ਾਨ ਨੇ ਗੁਰੂ ਜੀ ਦੇ ਪੁੱਤਰਾਂ ਦੇ ਹੱਕ ਵਿੱਚ ਹਾਅ ਦਾ ਨਾਅਰਾ ਮਾਰਿਆ ਸੀ।

ਬੰਦਾ ਸਿੰਘ ਬਹਾਦਰ ਨੇ ਪੂਰੀ ਤਿਆਰੀ ਕਰਨ ਤੋਂ ਪਹਿਲਾਂ ਸਰਹਿੰਦ ਦੇ ਸੂਬੇਦਾਰ ਨੂੰ 25 ਦਿਨ ਪਹਿਲਾਂ ਅਲਟੀਮੇਟਮ ਦੇ ਦਿੱਤਾ ਕਿ ਅਪ੍ਰੈਲ 1707 ਨੂੰ ਫੱਗਣ ਦੇ ਮਹੀਨੇ ਸਰਹਿੰਦ ਲੁੱਟਿਆ ਜਾਵੇਗਾ। ਗੁਰੂ ਜੀ 'ਤੇ ਢਾਹੀਆਂ ਮੁਸੀਬਤਾਂ ਦੇ ਅਸਲ ਦੋਸ਼ੀ ਸੂਬੇਦਾਰ ਵਜ਼ੀਰ ਖ਼ਾਂ ਤੋਂ ਬਦਲਾ ਲਿਆ ਜਾਵੇਗਾ, ਪਰ ਹੰਕਾਰੇ ਵਜ਼ੀਰ ਖ਼ਾਂ ਨੇ ਕੋਈ ਵਿਸ਼ੇਸ਼ ਤਿਆਰੀ ਨਾ ਅਰੰਭੀ ਜਿਹੜੀ ਉਸ ਦੀ ਵੱਡੀ ਭੁੱਲ ਸਾਬਤ ਹੋਈ। ਅੰਤ ਨੂੰ ਸਮਾਂ ਆਉਣ 'ਤੇ ਵਜ਼ੀਰ ਖ਼ਾਂ ਨੂੰ ਬੰਦੀ ਬਣਾ ਲਿਆ ਗਿਆ। ਇਤਿਹਾਸਕਾਰਾਂ ਅਨੁਸਾਰ, "ਗੁਰੂ ਜੀ ਦੇ ਬੱਚਿਆਂ ਦਾ ਬਦਲਾ ਲੈਣ ਲਈ ਉਸ ਨੂੰ ਇੱਕ ਬਲਦ ਪਿੱਛੇ ਬੰਨ੍ਹ ਕੇ ਸਾਰੇ ਸ਼ਹਿਰ ਦੀਆਂ ਗਲੀਆਂ, ਮੁਹੱਲਿਆਂ ਤੇ ਸੜਕਾਂ ਉੱਤੇ ਘਸੀਟਿਆ ਗਿਆ ਅਤੇ ਫਿਰ ਜਿਉਂਦਾ ਜਲ਼ਾ ਦਿੱਤਾ ਗਿਆ। ਉਸ ਦੁਆਰਾ ਬਣਾਏ ਕਈ ਕਿਲ੍ਹਿਆਂ ਨੂੰ ਢਹਿ-ਢੇਰੀ ਕਰ ਦਿੱਤਾ ਗਿਆ।"

ਇਸ ਘਟਨਾ ਬਾਰੇ ਡਾ. ਹਰਚੰਦ ਸਿੰਘ ਸਰਹਿੰਦੀ ਕੁਝ ਇਸ ਤਰ੍ਹਾਂ ਜ਼ਿਕਰ ਕਰਦੇ ਹਨ, "ਸੰਨ 1710 ਈ. ਵਿੱਚ ਸਿੱਖਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਦੀ ਕਮਾਨ ਹੇਠ ਸਰਹਿੰਦ ਤੋਂ 12 ਕੋਹ ਦੀ ਵਿੱਥ 'ਤੇ ਚੱਪੜਚਿੜੀ ਦੇ ਮੈਦਾਨ ਵਿੱਚ ਇੱਕ ਫ਼ੈਸਲਾਕੁੰਨ ਜੰਗ ਲੜੀ, ਇਸ ਜੰਗ ਵਿੱਚ ਸੂਬੇਦਾਰ ਵਜ਼ੀਰ ਖ਼ਾਂ ਮਾਰਿਆ ਗਿਆ। ਬਾਬਾ ਬੰਦਾ ਸਿੰਘ ਬਹਾਦਰ ਦੇ ਇੱਕ ਉਘੇ ਜਰਨੈਲ ਫ਼ਤਿਹ ਸਿੰਘ ਨੇ ਖੰਡੇ ਦੇ ਇੱਕੋ ਵਾਰ ਨਾਲ ਸੂਬੇਦਾਰ ਵਜ਼ੀਰ ਖ਼ਾਂ ਨੂੰ ਗਰਦਨ ਤੋਂ ਲੈ ਕੇ ਲੱਕ ਤੱਕ ਦੋਫਾੜ ਕਰ ਦਿੱਤਾ...।"

ਔਰੰਗਜ਼ੇਬ ਦੀ ਮੌਤ ਤੋਂ ਬਾਅਦ ਗੱਦੀ ਉਸ ਦੇ ਪੁੱਤਰ ਬਹਾਦਰ ਸ਼ਾਹ ਦੇ ਹੱਥ ਆਈ ਤੇ ਉਸ ਨੇ ਸਿੱਖਾਂ ਦੀ ਦਿਨੋਂ-ਦਿਨ ਵਧ ਰਹੀ ਚੜ੍ਹਤ ਨੂੰ ਰੋਕਣ ਲਈ ਕਈ ਕੋਸ਼ਿਸ਼ਾਂ ਕੀਤੀਆਂ, ਭਾਵੇਂ ਜਿੱਤ ਵੀ ਮਿਲਦੀ ਰਹੀ ਪਰ ਇਸੇ ਸਬੰਧ 'ਚ ਨਵਾਬ ਸ਼ੇਰ ਮੁਹੰਮਦ ਖ਼ਾਂ ਨੇ ਕਦੇ ਸਿੱਖਾਂ ਵਿਰੁੱਧ ਉਸ ਦਾ ਸਾਥ ਨਾ ਦਿੱਤਾ। ਇਤਿਹਾਸਕਾਰਾਂ ਦਾ ਮੰਨਣਾ ਹੈ ਕਿ ਨਵਾਬ ਸ਼ੇਰ ਮੁਹੰਮਦ ਖ਼ਾਂ ਜਿੱਥੇ ਬਹਾਦਰ ਸੀ, ਉੱਥੇ ਉਹ ਬਹੁਤ ਸਮਝਦਾਰ ਵੀ ਸੀ।


ਬਹੁਤ ਸਾਰੀਆਂ ਜਿੱਤਾਂ ਮਗਰੋਂ ਸਿੱਖ ਬਹੁਤ ਸ਼ਕਤੀਸ਼ਾਲੀ ਹੋ ਚੁੱਕੇ ਸਨ। ਉਨ੍ਹਾਂ ਨੂੰ ਕਈ ਵਾਰ ਮਲੇਰਕੋਟਲਾ 'ਤੇ ਹਮਲਾ ਕਰਨ ਲਈ ਉਕਸਾਇਆ ਵੀ ਗਿਆ ਪਰ ਉਨ੍ਹਾਂ ਕੋਈ ਅਜਿਹਾ ਕਦਮ ਨਾ ਚੁੱਕਿਆ। ਸਿੱਖਾਂ ਦੇ ਹੱਥ ਤਾਕਤ ਆਉਣ 'ਤੇ ਵੀ ਉਨ੍ਹਾਂ ਨੇ ਮਲੇਰਕੋਟਲਾ ਨੂੰ ਹਮੇਸ਼ਾ ਮੁਸਲਿਮ ਰਿਆਸਤ ਹੋਣ ਦੇ ਬਾਵਜੂਦ ਮਾਣ-ਸਤਿਕਾਰ ਬਖ਼ਸ਼ਿਆ।

ਇਸੇ ਤਰ੍ਹਾਂ ਰਿਆਸਤ ਮਲੇਰਕੋਟਲਾ ਦੇ ਸ਼ਾਹੀ ਖ਼ਾਨਦਾਨ ਨਾਲ ਸਬੰਧ ਰੱਖਣ ਵਾਲੇ ਨਵਾਬ ਇਨਾਇਤ ਅਲੀ ਖ਼ਾਂ ਨੇ ਵੀ ਆਪਣੀ ਪੁਸਤਕ 'ਪ੍ਰਿੰਸ ਕੋਟਲਾ ਅਫ਼ਗਾਨਜ਼' ਵਿੱਚ ਨਵਾਬ ਸ਼ੇਰ ਮੁਹੰਮਦ ਖ਼ਾਂ ਬਾਰੇ ਖ਼ਿਆਲ ਰੱਖੇ ਹਨ, ਪਰ ਲਗਭਗ ਸਾਰੀਆਂ ਪੁਸਤਕਾਂ ਇਸ ਗੱਲ ਨੂੰ ਮਨਘੜਤ ਸਾਬਤ ਕਰਦੀਆਂ ਹਨ। ਇਸ ਤਰ੍ਹਾਂ ਦਾ ਦਾਅਵਾ ਕਰਨ ਵਾਲੀ ਇਸ ਮਨਘੜਤ ਕਹਾਣੀ ਦਾ ਕੋਈ ਠੋਸ ਸਬੂਤ ਨਹੀਂ ਲੱਭਦਾ। ਮੌਜੂਦਾ ਸਮੇਂ ਵੀ ਮਲੇਰਕੋਟਲਾ ਵਿੱਚ ਕਿਸੇ ਅਜਿਹੀ ਬੇਗ਼ਮ ਦੀ ਕਬਰ ਨਹੀਂ ਲੱਭਦੀ, ਜਿਸ ਬਾਰੇ ਕਿਹਾ ਜਾਵੇ ਕਿ ਉਹ ਸਿੱਖ ਧਰਮ ਨੂੰ ਛੱਡ ਕੇ ਇਸਲਾਮ ਵਿੱਚ ਆਈ ਹੋਵੇ।

ਨਵਾਬ ਸ਼ੇਰ ਮੁਹੰਮਦ ਖ਼ਾਂ ਵੱਲੋਂ ਦਸੰਬਰ 1704 ਈ. ਨੂੰ ਜ਼ੁਲਮ ਵਿਰੁੱਧ ਉਠਾਈ ਗਈ ਆਵਾਜ਼ ਦੀ ਘਟਨਾ ਨੂੰ ਮੁਕਾਮੀ ਇਤਿਹਾਸ ਵਿੱਚ 'ਹਾਅ ਦਾ ਨਾਅਰਾ' ਕਰਕੇ ਯਾਦ ਕੀਤਾ ਜਾਂਦਾ ਹੈ। 'ਹਾਅ ਦਾ ਨਾਅਰਾ' ਅਸਲ ਵਿੱਚ 'ਆਹ ਦਾ ਨਾਅਰਾ' ਹੈ। ਉਰਦੂ ਫ਼ਾਰਸੀ ਦੀਆਂ ਪੁਰਾਣੀਆਂ ਇਤਿਹਾਸਕ ਪੁਸਤਕਾਂ ਵਿੱਚ 'ਹਾਅ' ਸ਼ਬਦ ਦੀ ਥਾਂ 'ਆਹ' ਸ਼ਬਦ ਪ੍ਰਯੋਗ ਕੀਤਾ ਮਿਲਦਾ ਹੈ। 'ਆਹ' ਸ਼ਬਦ ਦੁੱਖ ਪ੍ਰਗਟ ਕਰਨ ਲਈ ਇਸਤੇਮਾਲ ਕੀਤਾ ਜਾਂਦਾ ਹੈ। ਪੰਜਾਬੀ ਕੋਸ਼ ਅਨੁਸਾਰ ਇਸ ਦਾ ਮਤਲਬ 'ਹਾਉਕਾ' ਜਾਂ 'ਹਾਏ' ਨਿਕਲਦਾ ਹੈ। ਭਾਵ ਨਵਾਬ ਸ਼ੇਰ ਮੁਹੰਮਦ ਖ਼ਾਂ ਦੁਆਰਾ ਸਾਹਿਬਜ਼ਾਦਿਆਂ ਲਈ ਉਠਾਈ ਗਈ ਹੱਕ ਦੀ ਆਵਾਜ਼ ਅਸਲ ਵਿੱਚ 'ਆਹ ਦਾ ਨਾਅਰਾ' ਹੈ, ਜੋ ਸਮੇਂ ਨਾਲ ਬਦਲ ਕੇ 'ਹਾਅ ਦਾ ਨਾਅਰਾ' ਕਿਹਾ ਜਾਣ ਲੱਗਾ।

ਉਰਦੂ ਦੀਆਂ ਦੂਜੀਆਂ ਪੁਸਤਕਾਂ ਵਿੱਚ ਵੀ ਇਸੇ ਤਰ੍ਹਾਂ 'ਹਾਅ' ਸ਼ਬਦ ਦੀ ਥਾਂ 'ਆਹ' ਸ਼ਬਦਾਂ ਦਾ ਪ੍ਰਯੋਗ ਕੀਤਾ ਗਿਆ ਹੈ। ਇਸ ਤੋਂ ਅਸੀਂ ਮਹਿਸੂਸ ਕਰ ਸਕਦੇ ਹਾਂ ਕਿ ਨਵਾਬ ਸ਼ੇਰ ਮੁਹੰਮਦ ਖ਼ਾਂ ਨੂੰ ਸਾਹਿਬਜ਼ਾਦਿਆਂ ਦੇ ਸ਼ਹੀਦ ਹੋਣ ਦਾ ਕਿੰਨਾ ਜ਼ਿਆਦਾ ਦੁੱਖ ਸੀ। ਇਸ ਲਈ ਸਿੱਖ ਕੌਮ ਵਿੱਚ ਰਿਆਸਤ ਮਲੇਰਕੋਟਲਾ ਦੇ ਇਸ ਅਣਖ਼ੀਲੇ ਨਵਾਬ ਨੂੰ ਹਮੇਸ਼ਾ ਆਦਰ ਅਤੇ ਸਤਿਕਾਰ ਨਾਲ ਯਾਦ ਕੀਤਾ ਜਾਂਦਾ ਹੈ।

ਨਵਾਬ ਸ਼ੇਰ ਮੁਹੰਮਦ ਖ਼ਾਂ 1712 ਈ. ਵਿੱਚ ਅੱਲ੍ਹਾ ਨੂੰ ਪਿਆਰਾ ਹੋ ਗਿਆ। ਇਹ ਇੱਕ ਸੁਲਝਿਆ ਹੋਇਆ ਸੈਨਿਕ, ਮੁਨਸਫ਼ ਅਤੇ ਪੱਕੇ ਇਰਾਦੇ ਦਾ ਧਾਰਨੀ, ਦਿਆਲੂ ਅਤੇ ਆਪਣੀ ਜਨਤਾ ਦਾ ਦਰਦ ਪਛਾਨਣ ਵਾਲ਼ਾ ਸੀ। ਉਸ ਨੇ ਇੱਕ ਮੁਸਲਿਮ ਰਿਆਸਤ ਦਾ ਹਾਕਮ ਹੁੰਦਿਆਂ ਹੋਇਆਂ ਵੀ ਆਪਣੀ ਰਿਆਸਤ ਵਿੱਚ ਮੁਸਲਮਾਨਾਂ ਦੇ ਨਾਲ-ਨਾਲ ਅਨੇਕਾਂ ਹਿੰਦੂਆਂ ਤੇ ਸਿੱਖਾਂ ਨੂੰ ਜ਼ਮੀਨਾਂ ਤੇ ਜਾਗੀਰ ਵੀ ਦਿੱਤੀ ਸੀ। ਗੁਰੂ ਸਾਹਿਬ ਦੇ ਮਾਸੂਮ ਬੱਚਿਆਂ ਲਈ ਪ੍ਰਗਟਾਈ ਹਮਦਰਦੀ ਉਸ ਦੇ ਇਨਸਾਨੀ ਕੱਦ ਨੂੰ ਕਈ ਗੁਣਾਂ ਉੱਚਾ ਕਰਦੀ ਹੈ। ਮਲੇਰਕੋਟਲਾ ਵਿੱਚ 'ਹਾਅ ਦਾ ਨਾਅਰਾ' ਗੁਰੂ ਘਰ ਉਸਾਰਿਆ ਗਿਆ ਹੈ।



# ਜਨਾਨੀ, ਜਨਾਨਾ, ਜਨਨੀ

**ਸ਼ਬਦੋ ਵਣਜਾਰਿਓ**

**ਪਰਮਜੀਤ ਢੀਂਗਰਾ**
**ਫੋਨ: +91-9417358120**



ਦੁਨੀਆ ਵਿੱਚ ਸ਼ਕਤੀ ਦੇ ਕਈ ਨਾਂ ਹਨ। ਪ੍ਰਕਿਰਤੀ ਦੇ ਮੂਲ ਵਿੱਚ ਸ਼ਕਤੀ ਚੱਕਰ ਪਿਆ ਹੈ, ਜੋ ਅਨੰਤ ਕਾਲ ਤੋਂ ਚਾਲਕ ਦੇ ਰੂਪ ਵਿੱਚ ਉਤਪੰਨ ਤੇ ਵਿਨਾਸ਼ ਦੀ ਲੀਲ੍ਹਾ ਰਚ ਰਿਹਾ ਹੈ। ਪ੍ਰਕਿਰਤੀ ਦੀ ਇਹ ਸ਼ਕਤੀ ਸਿਰਫ ਔਰਤ ਦੇ ਹਿੱਸੇ ਆਈ ਹੈ। ਪੁਰਸ਼ ਭਾਵੇਂ ਬਾਹੂਬਲੀ ਹੈ ਤੇ ਪਿੱਤਰੀ ਸੱਤਾ ਦਾ ਮਾਲਕ ਹੈ, ਪਰ ਪ੍ਰਕਿਰਤੀ ਨੇ ਉਹਨੂੰ ਆਪਣੀ ਪਰਮਸ਼ਕਤੀ ਨਹੀਂ ਦਿੱਤੀ। ਸ਼ਕਤੀ ਦੇ ਰੂਪ ਵਿੱਚ ਪੁਰਸ਼ ਔਰਤ ਨੂੰ ਪੂਜਣ ਲਈ ਮਜਬੂਰ ਹੈ। ਇਸ ਦਾ ਕਾਰਨ ਇਹ ਹੈ ਕਿ ਪੁਰਸ਼ ਸ਼ਕਤੀ ਦੇ ਦੋਹਾਂ ਰੂਪਾਂ ਨੂੰ ਨਹੀਂ ਸਾਧ ਸਕਦਾ। ਸ਼ਕਤੀ ਦੀ ਵਰਤੋਂ ਪੁਰਸ਼ ਸਿਰਫ਼ ਵਿਨਾਸ਼ ਲਈ ਕਰ ਸਕਦਾ ਹੈ। ਭਾਵੇਂ ਮਿਥਿਹਾਸ ਵਿੱਚ ਸ਼ਿਵ ਜੀ ਕੋਲ ਉਤਪੰਨ ਤੇ ਵਿਨਾਸ਼ ਦੀ ਤਾਕਤ ਹੈ, ਪਰ ਔਰਤ ਦੀ ਜਣਨ ਪ੍ਰਕਿਰਿਆ ਉਨ੍ਹਾਂ ਕੋਲ ਵੀ ਨਹੀਂ। ਵਿਨਾਸ਼ ਕਰਕੇ ਨਵ-ਸਿਰਜਣ ਦੀ ਤਾਕਤ ਪੁਰਸ਼ ਕੋਲ ਨਹੀਂ। ਇਹੀ ਕਾਰਨ ਹੈ ਕਿ ਨਿਰਮਾਣ-ਸਿਰਜਣ-ਪਾਲਣ ਨਾਲ ਜੁੜੀ ਭਾਸ਼ਾ ਇਸਤਰੀ ਵਾਚਕ ਹੈ, ਜਿਵੇਂ- ਪ੍ਰਕਿਰਤੀ, ਪ੍ਰਿਥਵੀ, ਮਾਂ, ਅੰਮਾ, ਅੰਮੀ, ਵਸੁਧਾ ਔਰਤ ਲਈ। ਇਸ ਪੱਖੋਂ ਜਨਾਨੀ, ਜਨਾਨਾ ਵਰਗੇ ਸ਼ਬਦ ਮਿਲਦੇ ਹਨ। ਨਿਰੁਕਤ ਕੋਸ਼ ਵਿੱਚ ਫ਼ਾਰਸੀ ਦਾ ਸ਼ਬਦ ਜ਼ਨ ਮਿਲਦਾ ਹੈ, ਜੋ ਪਤਨੀ, ਤੀਵੀਂ, ਵਹੁਟੀ ਲਈ ਹੈ। ਰੂਸੀ ਵਿੱਚ ਪਤਨੀ ਲਈ Zena ਸ਼ਬਦ ਮਿਲਦਾ ਹੈ। ਫ਼ਾਰਸੀ ਵਿੱਚ ਜ਼ਨ ਤੋਂ ਜਨਾਨੀ, ਜਨਾਨਾ, ਜਨਖਾ- ਹਿਜੜਾ, ਨਿਪੁੰਸਕ ਵਰਗੇ ਸ਼ਬਦ ਬਣੇ। ਫ਼ਾਰਸੀ ਵਿੱਚ ਜ਼ਨਚ ਤੀਵੀਆਂ ਦੇ ਸੁਭਾਅ ਦਾ ਵਾਚਕ ਹੈ। ਜਨਕ ਪਿਤਾ, ਪੈਦਾ ਕਰਨ ਵਾਲੇ ਰੂਪ ਦਾ ਵਾਚਕ ਹੈ।

ਮਹਾਨ ਕੋਸ਼ ਅਨੁਸਾਰ 'ਜਨਨਿ/ਜਨਨੀ' ਭਾਵ ਪੈਦਾ ਕਰਨ ਵਾਲੀ, ਜਣਨ ਵਾਲੀ, "ਨਾਨਕ ਜਨਨੀ ਧੰਨੀ ਮਾਇ॥" ਸੰਗਿਆ ਮਾਤਾ, ਮਾਂ, "ਜਨਨਿ ਪਿਤਾ ਲੋਕ ਸੁਤ ਬਨਿਤਾ॥ ਜਿਉ ਜਨਨੀ ਸੁਤ ਜਣਿ ਪਾਲਤੀ॥" ਜਨਨੇਂਦ੍ਰੀ-ਉਤਪੰਨ ਕਰਨ ਵਾਲਾ ਇੰਦ੍ਰਿਯ ਲਿੰਗ। ਅਰਬੀ ਕੋਸ਼ ਅਨੁਸਾਰ-ਜ਼ਨਾਨੀ=ਫ਼ਾ. ਜ਼ਨਾਨ ਭਾਵ ਔਰਤਾਂ ਨਾਲ ਸਬੰਧਤ ਰੱਖਣ ਵਾਲੀ ਚੀਜ਼ ਜਿਵੇਂ ਜ਼ਨਾਨੀ ਪੋਸ਼ਾਕ, ਜ਼ਨਾਨੀ ਬੋਲੀ, ਜ਼ਨਾਨੀ ਜੁੱਤੀ, ਔਰਤ, ਇਸਤਰੀ, ਨਾਰੀ, ਪਤਨੀ, ਘਰ ਵਾਲੀ। ਪੰਜਾਬੀ ਕੋਸ਼ਾਂ ਵਿੱਚ ਵੀ ਇਹੋ ਜਿਹੇ ਅਰਥ ਮਿਲਦੇ ਹਨ। ਇਸ ਨਾਲ ਜੁੜੇ ਕਈ ਸ਼ਬਦ ਵੀ ਮਿਲਦੇ ਹਨ, ਜਿਵੇਂ ਜ਼ਨਾਨਖਾਨਾ-ਘਰ ਦੇ ਅੰਦਰ ਰਹਿਣ ਵਾਲਾ ਹਿੱਸਾ ਜਾਂ ਥਾਂ, ਹਰਮ ਸਰਾ, ਰਣਵਾਸ। ਜਨਾਨੜਾ- ਜਨਾਨੀਆਂ ਵਰਗਾ ਮਰਦ, ਕਮਜ਼ੋਰ ਆਦਮੀ। ਜਨਾਨਾ ਸਕੂਲ, ਜਨਾਨਾ ਸਾਥ, ਜਨਾਨਾ ਹਸਪਤਾਲ, ਜਨਾਨਾ ਡੱਬਾ, ਜਨਾਨਾ ਪਖਾਨਾ, ਜਨਾਨਾ ਮਦਰਸਾ, ਜਨਾਨੀ ਗੱਡੀ, ਜਨਾਨੀ ਜਾਤ, ਜਨਾਨੀ ਦਾ ਆਲਮ। ਜਨਾਨੀ ਦਾ ਸ਼ੁਧ ਫ਼ਾਰਸੀ ਰੂਪ ਜਨਾਨ: ਹੈ। ਇਹਦਾ ਮੂਲ ਫ਼ਾਰਸੀ ਹੈ ਤੇ ਇਹ ਅਵੇਸਤਾ ਦੇ 'ਜਨਿਸ਼' ਦਾ ਰੂਪਾਂਤਰ ਹੈ, ਜਿਸ ਦਾ ਅਰਥ ਹੈ ਪਤਨੀ। ਅਰਬੀ-ਫ਼ਾਰਸੀ ਵਿੱਚ ਇਹਦਾ ਰੂਪ ਹੈ- 'ਜ਼ਨ' ਜਿਸ ਦੀ ਸਕੀਰੀ ਇੰਡੋ-ਇਰਾਨੀ ਭਾਸ਼ਾ ਪਰਿਵਾਰ ਦੇ 'ਜਨ' ਸ਼ਬਦ ਨਾਲ ਹੈ, ਜਿਸ ਵਿੱਚ ਜਨਮ ਦੇਣ ਦਾ ਭਾਵ ਹੈ।

ਸੰਸਕ੍ਰਿਤ ਵਿੱਚ ਉਤਪੰਨ ਕਰਨ, ਉਤਪਾਦਨ ਕਰਨ ਦੇ ਅਰਥਾਂ ਵਿੱਚ 'ਜਨ੍' ਧਾਤੂ ਹੈ। ਇਸ ਤੋਂ ਨਿਰਮਤ ਹੋਏ ਜਨਿ:, ਜਨਿਕਾ, ਜਨੀ ਵਰਗੇ ਸ਼ਬਦ ਹਨ, ਜਿਨ੍ਹਾਂ ਦਾ ਅਰਥ ਹੈ- ਔਰਤ, ਮਾਤਾ, ਪਤਨੀ। ਜਨਮ, ਜਨਨੀ, ਜਾਨ, ਜੰਤੂ ਵਰਗੇ ਸ਼ਬਦ ਇਸ ਤੋਂ ਨਿਰਮਿਤ ਹੋਏ ਹਨ। ਭਾਸ਼ਾ ਵਿਗਿਆਨੀਆਂ ਅਨੁਸਾਰ 'ਜ਼ਨ', ਜ਼ਨਾਨ, ਜਨਨਿ ਵਰਗੇ ਸ਼ਬਦ ਪਰੋਟੋ ਇੰਡੋ-ਯੂਰਪੀ ਮੂਲ ਦੇ ਹਨ ਤੇ ਇਹਦੇ ਲਈ ਉਨ੍ਹਾਂ ਨੇ ਇੱਕ ਧਾਤੂ ਖੋਜੀ ਹੈ- 'GWEN' ਜਿਸ ਦਾ ਅਰਥ ਹੈ- ਔਰਤ, ਮਾਤਾ, ਪਤਨੀ। ਇਨ੍ਹਾਂ ਤਿੰਨਾਂ ਸ਼ਬਦਾਂ ਦਾ ਵਿਸ਼ਾਲ ਅਰਥ ਹੈ- ਉਤਪੰਨ ਕਰਨ, ਪ੍ਰਜਣਨ ਦੇ ਦੈਵੀ ਗੁਣ ਨਾਲ ਭਰਪੂਰ ਸ਼ਕਤੀ। ਇਸ ਧਾਤੂ ਤੋਂ ਇੰਡੋ-ਇਰਾਨੀ ਸਮੇਤ ਅਨੇਕਾਂ ਯੂਰਪੀ ਭਾਸ਼ਾਵਾਂ ਵਿੱਚ ਇਸਤਰੀ ਵਾਚੀ ਸ਼ਬਦ ਬਣੇ ਹਨ। ਪ੍ਰਾਚੀਨ ਆਰੀਆ ਭਾਸ਼ਾ ਪਰਿਵਾਰ ਵਿੱਚ 'ਗਯ' ਵਿਅੰਜਨ ਪ੍ਰਮੁੱਖ ਰਿਹਾ ਹੈ। ਇਸ ਵਿੱਚ ਜ੍+ਞ੍, ਗ+ਨ+ਯ ਵਰਗੀਆਂ ਧੁਨੀਆਂ ਹਜ਼ਾਰਾਂ ਸਾਲਾਂ ਤੋਂ ਆਰੀਆਂ ਦੀਆਂ ਵਿਭਿੰਨ ਭਾਸ਼ਾਵਾਂ ਵਿੱਚ ਚਲਦੀਆਂ ਰਹੀਆਂ ਹਨ। ਗੁਜਰਾਤੀ-ਮਰਾਠੀ ਵਿੱਚ 'ਗਯ' ਨੂੰ 'ਗਨਯ', 'ਦੂਨਯ' ਰੂਪ ਵਿੱਚ ਉਚਾਰਿਆ ਜਾਂਦਾ ਹੈ।

ਮੂਲ ਰੂਪ ਵਿੱਚ ਪ੍ਰੋਟੋ ਇੰਡੋ-ਯੂਰਪੀ ਭਾਸ਼ਾ ਪਰਿਵਾਰ ਦੀ ਧਾਤੂ 'GWEN' ਵਿੱਚ ਕੁਝ 'ਗਯ' ਵਰਗੀ ਧੁਨੀ ਹੋਵੇਗੀ, ਜਿਸ ਕਰਕੇ ਇੰਡੋ-ਇਰਾਨੀ ਭਾਸ਼ਾ ਪਰਿਵਾਰ ਵਿੱਚ ਜਿੱਥੇ ਇਸ ਤੋਂ ਬਣੇ ਸ਼ਬਦਾਂ ਵਿੱਚ 'ਜ-ਜ਼' ਧੁਨੀਆਂ ਪ੍ਰਮੁੱਖ ਰਹੀਆਂ, ਓਥੇ ਯੂਰਪੀ ਭਾਸ਼ਾਵਾਂ ਵਿੱਚ 'ਗ' ਤੇ ਇਹਦੇ ਨੇੜਲੀ ਧੁਨੀ 'ਕ' ਪ੍ਰਮੁੱਖ ਹੋ ਗਈ। ਅੰਗਰੇਜ਼ੀ ਦੇ QUEEN ਸ਼ਬਦ ਦਾ ਅਰਥ ਹੈ- ਰਾਣੀ। ਇਹ ਅਸਲ ਵਿੱਚ ਗੋਥਿਕ ਭਾਸ਼ਾ ਦੇ QINO ਤੋਂ ਨਿਕਲਿਆ ਹੈ, ਜੋ ਪ੍ਰੋਟੋ ਜਰਮੈਨਿਕ KWOENIZ ਤੋਂ ਬਣਿਆ ਹੈ। ਪ੍ਰੋਟੋ ਇੰਡੋ-ਯੂਰਪੀ GWEN ਦਾ ਹੀ ਰੂਪਾਂਤ੍ਰਿਤ ਰੂਪ KWOENIZ ਹੈ। ਗ੍ਰੀਕ ਵਿੱਚ ਇਹਦਾ ਰੂਪ 'ਗਾਇਨੇ' ਹੈ, ਜਿਸ ਤੋਂ ਅੰਗਰੇਜ਼ੀ ਵਿੱਚ ਗਾਇਨੋਕੋਲੋਜੀ (ਔਰਤਾਂ ਦੇ ਰੋਗਾਂ ਸਬੰਧੀ) ਵਰਗਾ ਸ਼ਬਦ ਬਣਿਆ। ਆਰੀਆ ਭਾਸ਼ੀਆਂ ਦੇ ਜਿਹੜੇ ਸਮੂਹ ਪੱਛਮ ਵੱਲ ਗਏ, ਉਨ੍ਹਾਂ ਨੇ ਗਵੇਨ ਧਾਤੂ ਤੋਂ ਬਣੇ ਇਸਤਰੀ ਵਾਚੀ ਸ਼ਬਦਾਂ ਵਿੱਚ ਜਿਥੇ 'ਕ' ਤੇ 'ਗ' ਧੁਨੀਆਂ ਗ੍ਰਹਿਣ ਕਰ ਲਈਆਂ, ਓਥੇ ਪੂਰਬ ਦੇ ਆਰੀਆ ਭਾਸ਼ੀਆਂ ਨੇ 'ਜ' ਧੁਨੀ ਗ੍ਰਹਿਣ ਕਰ ਲਈ ਜਿਸ ਤੋਂ ਜਨ, ਜ਼ਨਾਨ ਵਰਗੇ ਸ਼ਬਦ ਬਣੇ।

ਕੁਰਦਿਸ਼ ਵਿੱਚ ਇਹਦਾ ਰੂਪ 'ਜਿਨ' ਹੈ ਤੇ ਕ੍ਰੋਸ਼ੀਆ ਵਿੱਚ 'ਜ਼ੇਨਾ'। ਕ੍ਰੋਸ਼ੀਆ ਭਾਵੇਂ ਯੂਰਪੀ ਦੇਸ਼ ਹੈ, ਪਰ ਇਸਲਾਮ ਦੇ ਪ੍ਰਭਾਵ ਕਰਕੇ ਜ਼ੇਨਾ ਸ਼ਬਦ ਅਰਬੀ-ਫ਼ਾਰਸੀ ਪ੍ਰਭਾਵ ਕਰਕੇ ਸ਼ਾਮਲ ਹੋਇਆ ਮੰਨਿਆ ਜਾਂਦਾ ਹੈ। ਸੰਸਕ੍ਰਿਤ ਸ਼ਬਦ 'ਰਾਗਯੀ' ਤੋਂ ਹੀ ਰਾਣੀ ਬਣਿਆ। ਏਥੇ 'ਗਯ' ਦਾ ਦਬਦਬਾ ਹੈ ਤੇ ਜ੍+ਞ੍ ਵਿੱਚੋਂ 'ਜ' ਲੋਪ ਹੋ ਗਿਆ ਅਤੇ ਅਨੁਨਾਸਿਕਤਾ ਸ਼ੁਧ 'ਨ' ਵਿੱਚ ਵਟ ਗਈ ਤੇ ਰਾਣੀ ਸ਼ਬਦ ਬਣਿਆ। ਇਸ ਦਾ ਪੂਰਵ ਰੂਪ ਜਨਿ ਹੈ, ਜਿਸ ਤੋਂ ਜਨਨਿ ਵਰਗਾ ਸ਼ਬਦ ਬਣਿਆ ਤੇ ਔਰਤ ਦੀ ਪ੍ਰਜਣਨ, ਜਨਮਦਾਤੀ, ਪਾਲਣ ਪੋਸਣ ਦੀਆਂ ਸ਼ਕਤੀਆਂ ਇਸ ਵਿੱਚ ਸਮਾਅ ਗਈਆਂ। ਕਵੀਨ/ਕੁਈਨ ਤੇ ਰਾਣੀ ਦੀ ਸਕੀਰੀ ਸਪਸ਼ਟ ਹੈ। ਇੰਜ ਇਸ ਗੱਲ ਦੀ ਪੁਸ਼ਟੀ ਹੁੰਦੀ ਹੈ ਕਿ ਪੁਰਾਤਨ ਸਮਿਆਂ ਵਿੱਚ ਭਾਸ਼ਾਵਾਂ ਇੱਕ ਸੋਮੇ ਤੋਂ ਦੂਸਰੇ ਸੋਮੇ ਵੱਲ ਧਾਤੂਆਂ ਦੇ ਰੂਪ 'ਚ ਖਿਸਕ ਜਾਂਦੀਆਂ ਸਨ ਤੇ ਨਵੇਂ ਭਾਵਵਾਚੀ ਸ਼ਬਦਾਂ ਦਾ ਨਿਰਮਾਣ ਕਰਦੀਆਂ ਸਨ।

# ਪੰਜਾਬੀਪੁਣੇ ਦਾ ਮਾਣ

**ਆਪਣੇ ਲੋਕ**

**ਡਾ. ਨਿਰਮਲ ਸਿੰਘ**

ਕਹਿੰਦੇ ਨੇ ਕਿ ਇਨਸਾਨ ਯਾਦਾਂ ਦੇ ਸਹਾਰੇ ਈ ਜ਼ਿੰਦਗੀ ਦੀਆਂ ਲੰਮੀਆਂ ਵਾਟਾਂ ਨਿਬੇੜਦਾ ਹੈ। ਅਜਿਹੀ ਹੀ ਕਿਸੇ ਸੁਖਦਾਈ ਯਾਦ ਦਾ ਜ਼ਿਕਰ ਵੀ ਉਤਸ਼ਾਹ ਨਾਲ ਨੱਕੋ-ਨੱਕ ਭਰ ਸਦਾ ਚੜ੍ਹਦੀਆਂ ਕਲਾਂ ਵਿੱਚ ਰਹਿਣ ਲਈ ਸਾਡਾ ਪ੍ਰੇਰਨਾ ਸਰੋਤ ਬਣਿਆ ਰਹਿੰਦਾ ਹੈ। ਕਥਾ 1994 ਦੇ ਸਤੰਬਰ ਅਰਥਾਤ ਅੱਸੂ ਮਹੀਨੇ ਦੀ ਹੈ। ਆਪਣੀ ਹਮਸਫਰ ਤੇ ਇਕਲੌਤੇ ਪੁੱਤਰ ਨਾਲ ਅਸੀਂ ਆਪਣੇ ਸਹੁਰੇ ਨਗਰ ਵਿੰਡਸਰ (ਕੈਨੇਡਾ) ਤੋਂ ਭਾਣਜੀ ਨੂੰ ਮਿਲਣ ਅਮਰੀਕਾ ਦੇ ਹੀ ਨਹੀਂ, ਕੁੱਲ ਜਗਤ ਦੇ ਸਿਰਮੌਰ ਸ਼ਹਿਰ ਨਿਊ ਯਾਰਕ ਗਏ। ਅੰਧ ਮਹਾਂਸਾਗਰ ਦੇ ਕੰਢੇ ਵਸਿਆ ਇਹ ਧੜਵੈਲ ਸ਼ਹਿਰ ਅਮਰੀਕਾ ਦਾ ਹੀ ਨਹੀਂ, ਸੰਸਾਰ ਭਰ ਦੀਆਂ ਸਰਕਾਰਾਂ ਤੇ ਧਨਵਾਨ ਕਾਰੋਬਾਰੀਆਂ, ਸ਼ੇਅਰ ਬਾਜ਼ਾਰਾਂ, ਅਜਾਇਬਘਰਾਂ, ਵਪਾਰੀਆਂ ਅਤੇ ਜਗਤ ਦੇ ਲੱਗਭਗ ਦੋ ਸੌ ਦੇਸ਼ਾਂ ਦੀ ਪੰਚਾਇਤ (ਯੂ.ਐਨ.ਓ.) ਦਾ ਮੁੱਖ ਕੇਂਦਰ ਹੈ। ਅਸੀਂ ਕਈ ਦਿਨ ਇੱਥੋਂ ਦੇ ਅਜਾਇਬ ਘਰਾਂ, ਸਮੁੰਦਰੀ ਘਾਟਾਂ, ਬਾਗ ਬਗੀਚਿਆਂ, ਪਾਤਾਲੀ ਸੁਰੰਗਾਂ, ਆਜ਼ਾਦੀ ਦੀ ਦੇਵੀ ਦਾ ਬੁੱਤ (ਸਟੈਚੂ ਆਫ ਲਿਬਰਟੀ) ਵੇਖ ਰੱਜ ਕੇ ਆਨੰਦ ਮਾਣਿਆ। ਇੱਕ ਦਿਨ ਅਸੀਂ ਤਿੰਨੇ ਜਾਣੇ, ਨਾਲ ਭਾਣਜੀ ਤੇ ਉਹਦਾ ਪ੍ਰਹੁਣਾ ਜ਼ਮੀਨਦੋਜ਼ ਰੇਲ ਗੱਡੀ (ਸਬਵੇਅ) ਰਾਹੀਂ ਮੈਨਹਾਟਨ ਵਿਖੇ ਯੂ.ਐਨ.ਓ. ਦੇ ਦਫਤਰ ਵੇਖਣ ਦੀ ਵਿਉਂਤ ਬਣਾ ਲਈ। ਨਿਊ ਯਾਰਕ ਸ਼ਹਿਰ ਦੀਆਂ ਗਲੀਆਂ (ਸਟਰੀਟਾਂ) ਤੇ ਕੂਚਿਆਂ (ਐਵੀਨਿਊ) ਵਿੱਚ ਅੰਤਾਂ ਦੇ ਭੀੜ-ਭੜੱਕੇ ਕਰਕੇ ਹਰ ਇੱਕ ਨੂੰ ਆਪਣੀ ਕਾਰ ਖੜ੍ਹੀ ਕਰਨ ਲਈ ਜਗ੍ਹਾ (ਪਾਰਕਿੰਗ) ਲੱਭਣੀ ਮੁਹਾਲ ਹੁੰਦੀ ਏ।

ਜਦੋਂ ਅਸੀਂ ਯੂ.ਐਨ.ਓ. ਦੇ ਦਫਤਰ ਨੇੜਲੇ ਜ਼ਮੀਨਦੋਜ਼ ਸਟੇਸ਼ਨ 'ਤੇ ਉਤਰ ਕੇ, ਪੌੜੀਆਂ ਚੜ੍ਹ ਉਪਰ ਸੜਕ 'ਤੇ ਪੁੱਜੇ ਤਾਂ ਟੈਕਸੀ ਲੈਣ ਦੀ ਲੋੜ ਸੀ। ਅਸੀਂ ਕੁੱਲ ਸਾਢੇ ਚਾਰ ਸਵਾਰੀਆਂ ਸਾਂ। ਇੱਕ ਮੈਂ ਤੇ ਮੇਰੀ ਘਰਵਾਲੀ, ਦੂਜੇ ਮੇਰੀ ਭਾਣਜੀ ਤੇ ਭਾਣਜ ਜਵਾਈ ਅਤੇ ਨਾਲ ਸਾਡਾ ਅੱਠ ਵਰ੍ਹਿਆਂ ਦਾ ਨਿਆਣਾ ਮੁੰਡਾ। ਕਿੰਨੀਆਂ ਹੀ ਟੈਕਸੀਆਂ ਨੂੰ ਰੋਕ ਕੇ ਚੜ੍ਹਨ ਦੀ ਕੋਸ਼ਿਸ਼ ਕੀਤੀ, ਪਰ ਹਰ ਟੈਕਸੀ ਵਾਲਾ ਚਾਰ ਦੀ ਥਾਂ ਸਾਢੇ ਚਾਰ ਸਵਾਰੀਆਂ ਤੱਕ ਕੇ ਨਾਂਹ ਕਹਿੰਦਿਆਂ ਤੁਰਦਾ ਬਣੇ। ਅਸੀਂ ਹੌਲੀ-ਹੌਲੀ ਤੁਰ ਪਏ, ਪਰ ਉਥੋਂ ਦੇ ਚੌਰਾਹੇ ਤੇ ਜ਼ੈਬਰਾ ਕਰਾਸਿੰਗ ਲੰਘਣੇ ਵੀ ਖਾਲਾ ਜੀ ਦਾ ਵਾੜਾ ਨਹੀਂ। ਸਾਨੂੰ ਤੁਰੇ ਜਾਂਦਿਆਂ ਵੇਖ ਇੱਕ ਟੈਕਸੀ ਕੁਝ ਹੌਲੀ ਹੋ ਕੇ ਰੁਕੀ। ਡਰਾਇਵਰ ਨੇ ਬਾਰੀ ਖੋਲ੍ਹਦਿਆਂ ਈ ਉਚੀ ਆਵਾਜ਼ 'ਚ ਆਖਿਆ, "ਭਾਅ ਜੀ ਸਾਸਰੀ ਕਾਲ! ਦਬਾ ਦਬ ਟੈਕਸੀ 'ਚ ਬਹਿ, ਅਹਿ ਕਾਕੇ ਨੂੰ ਆਪਣੇ ਪੱਟਾਂ 'ਚ ਰਤਾ ਕੁ ਟੇਢਾ ਕਰ ਕੇ ਲੁਕਾ ਲਓ।"

ਅਸੀਂ ਡਰਾਈਵਰ ਦੇ ਆਖੇ ਲੱਗ ਸੱਚੇ ਰੱਬ ਦਾ ਸ਼ੁਕਰਾਨਾ ਕੀਤਾ। ਅੰਦਰ ਬਹਿੰਦਿਆਂ ਈ ਜਦੋਂ ਅਸੀਂ ਆਪਣੀ ਮੰਜ਼ਲ ਦੱਸ ਕੇ ਸੌਖ ਮਹਿਸੂਸ ਕੀਤੀ, ਉਦੋਂ ਈ ਡਰਾਇਵਰ ਬੋਲਿਆ, "ਤੁਹਾਨੂੰ ਪਤਾ ਏ ਕਿ ਮੈਂ ਟੈਕਸੀ ਵਿੱਚ ਸਾਰਿਆਂ ਨੂੰ ਬਿਠਾਉਣ ਦਾ ਜ਼ੋਖਮ ਮੁੱਲ ਕਿਉਂ ਲਿਆ ਏ? ਮੈਨੂੰ ਕਿਸੇ ਵੀ ਪੁਲਸੀਏ ਨੇ ਵੇਖ ਲਿਆ ਤਾਂ ਮੇਰਾ ਸੌ ਡਾਲਰ ਜ਼ੁਰਮਾਨੇ ਵਾਲਾ ਟਿਕਟ (ਚਲਾਨ) ਵੱਟ 'ਤੇ ਪਿਆ ਏ।" ਮੈਂ ਪਹਿਲੋਂ ਸਮਝ ਤੇ ਗਿਆ ਸਾਂ ਕਿ ਜਿਸ ਟੈਕਸੀ ਵਾਲੇ ਨੇ ਮੈਨੂੰ ਵੇਖ ਟੈਕਸੀ ਰੋਕੀ ਤੇ ਸਾਸਰੀ ਕਾਲ ਬੁਲਾਈ, ਉਹ ਪੰਜਾਬੀ ਹੀ ਹੋਵੇਗਾ। ਉਂਝ ਚਲਾਨ ਦੇ ਤੌਖਲੇ ਦਾ ਮੈਨੂੰ ਇਲਮ ਨਹੀਂ ਸੀ। ਮੈਂ ਡਰਾਈਵਰ ਨੂੰ ਜਵਾਬ ਦਿੱਤਾ, "ਭਾਊ! ਸਾਨੂੰ ਉੱਕਾ ਈ ਨਹੀਂ ਪਤਾ ਕਿ ਤੂੰ ਇੰਨੀ ਮਿਹਰਬਾਨੀ ਕਿਉਂ ਕੀਤੀ?" ਉਹਦਾ ਕਹਿਣਾ ਸੀ, "ਮੈਂ ਤੁਹਾਡੀ ਪਗੜੀ ਵੇਖ ਕੇ ਸੋਚਿਆ, ਅੱਜ ਮੈਂ ਕਾਨੂੰਨ ਤੋੜਨ ਦੀ ਕੋਤਾਹੀ ਕਰਨੀ ਹੀ ਕਰਨੀ ਏ। ਮੈਂ ਇਸ ਪੰਜਾਬੀ ਸਰਦਾਰ ਭਰਾ ਨਾਲ ਆਪਣੀ ਬੋਲੀ ਵਿੱਚ ਰੱਜ ਕੇ ਗੱਲਾਂ ਤਾਂ ਕਰ ਸਕਾਂਗਾ! ਮੈਂ ਲਾਹੌਰੀਆਂ ਵਾਂ ਤੇ ਅੱਠ ਸਾਲਾਂ ਤੋਂ ਰੋਟੀ ਰਿਜ਼ਕ ਦੇ ਚੱਕਰ ਵਿੱਚ ਇੱਥੇ ਖਾਕ ਛਾਣ ਰਿਹਾਂ। ਅੰਗਰੇਜ਼ੀ ਬੋਲ ਬੋਲ ਮੂੰਹ ਡਿੰਗਾ ਕਰ ਕਰ ਕੇ ਮੇਰੇ ਜਬਾੜ੍ਹੇ ਪੀੜ ਪਏ ਕਰਦੇ ਨੇ। ਤੁਸੀਂ ਚੜ੍ਹਦੇ ਤੇ ਮੈਂ ਲਹਿੰਦੇ ਪੰਜਾਬੋਂ ਹੈਗਾ ਵਾਂ ਤੇ ਹੈ ਤਾਂ ਪੰਜਾਬੀ ਈ ਆਂ। ਮੈਨੂੰ ਜੁਰਮਾਨੇ ਦੀ ਕੋਈ ਪਰਵਾਹ ਨਹੀਂ।"

ਉਤਰਨ ਲੱਗਿਆਂ ਅਸੀਂ ਉਹਨੂੰ ਵੱਧ ਕਿਰਾਇਆ ਦੇਣ ਦੀ ਕੋਸ਼ਿਸ਼ ਵੀ ਕੀਤੀ, ਪਰ ਉਸ ਪੰਜਾਬਣ ਮਾਂ ਦੇ ਜਾਏ ਨੇ ਨਿੱਘੀ ਨਾਂਹ ਕਰ ਕੇ ਸਿਰਫ ਬਣਦਾ ਕਿਰਾਇਆ ਹੀ ਲਿਆ। ਪੰਜਾਬ, ਪੰਜਾਬੀਅਤ ਤੇ ਪੰਜਾਬੀ ਹੋਣ 'ਤੇ ਅੰਤਾਂ ਦਾ ਮਾਣ ਮਹਿਸੂਸ ਕਰਕੇ ਸਾਨੂੰ ਮਣਾਂ ਮੂੰਹੀ ਖੁਸ਼ੀ ਦਾ ਜਿਹੜਾ ਅਹਿਸਾਸ ਹੋਇਆ ਉਹਦੀ ਯਾਦ ਅੱਜ ਵੀ ਸਰਸ਼ਾਰ ਕਰ ਦਿੰਦੀ ਏ।

**ਸਤਲੁਜ ਨੂੰ ਮਿਲ ਕੇ ਰਹਿਣਗੇ, ਪਾਣੀ ਝਨਾਬ ਦੇ**

ਕਿੱਸਾ ਬੜਾ ਪੁਰਾਣਾ ਹੈ। ਸੰਨ 1981 ਦੇ ਮਾਰਚ ਮਹੀਨੇ (ਚੇਤ) ਦੇ ਮੁਢਲੇ ਦਿਨਾਂ ਵਿੱਚ ਆਪਣੇ ਪੁੱਤਰ ਅਨੂਪ ਸਿੰਘ ਦੇ ਜਨਮ ਸਮੇਂ ਮੇਰਾ ਕੈਨੇਡਾ ਜਾਣ ਦਾ ਸਬੱਬ ਬਣ ਗਿਆ। ਮੇਰੇ ਵੱਡੇ ਸਾਲਾ ਸਾਹਿਬ ਕੈਨੇਡਾ ਦੇ ਧੁਰ ਦੱਖਣ ਦੇ ਸ਼ਹਿਰ ਵਿੰਡਸਰ ਰਹਿੰਦੇ ਸਨ। ਜਦੋਂ ਕਾਕਾ ਡੇਢ ਦੋ ਮਹੀਨੇ ਦਾ ਹੋ ਗਿਆ ਤਾਂ ਮੈਂ ਤੇ ਉਹਦੇ ਮਾਮੇ ਨੇ ਲੰਮੀਆਂ ਸੈਰਾਂ ਦਾ ਮਨਸੂਬਾ ਬਣਾ ਲਿਆ। ਵਿੰਡਸਰ ਤੋਂ ਕਾਰ ਰਾਹੀਂ ਟੋਰਾਂਟੋ ਆਟਵਾ, ਮਾਂਟ੍ਰੀਆਲ ਹੁੰਦੇ ਹੋਏ ਕਿਊਬਿਕ ਸੂਬੇ ਤੋਂ ਅੱਗੇ ਨਿਊਬਰਾਂਜ਼ਵਿਕ ਘੁੰਮਦੇ ਨੋਵਾ ਸਕੌਸ਼ੀਆ ਸੂਬੇ 'ਚ ਰਾਜਧਾਨੀ ਸ਼ਹਿਰ ਹੈਲੀਫੈਕਸ ਪੁੱਜ ਗਏ। ਉਨ੍ਹਾਂ ਦਿਨਾਂ ਵਿੱਚ ਭਾਰਤੀਆਂ ਦੀ ਤਾਂ ਇੱਕ ਪਾਸੇ ਸਾਡੇ ਪੰਜਾਬੀਆਂ ਦੀ ਕੈਨੇਡਾ ਵਿੱਚ ਵੱਸੋਂ ਵੀ ਵਿਰਲੀ ਵਾਂਝੀ ਹੀ ਸੀ। ਟੋਰਾਂਟੋ ਵਿੱਚ ਵੀ ਪੇਪ ਸਟਰੀਟ 'ਤੇ ਇੱਕੋ ਇੱਕ ਨਿੱਕਾ ਜਿਹਾ ਗੁਰਦੁਆਰਾ ਸੀ। ਓਂਟਾਰੀਓ ਤੋਂ ਅੱਗੇ ਤਾਂ ਸਿਰਫ ਤੇ ਸਿਰਫ ਗੋਰਿਆਂ ਦੀ ਹੀ ਬੋਲੀ ਤੇ ਸਭਿਆਚਾਰ ਦੇ ਦ੍ਰਿਸ਼ ਸਨ। ਕਦੀ ਕਦਾਈਂ ਕੋਈ ਮੂਲ ਨਿਵਾਸੀ (ਨੇਟਿਵ) ਬੰਦਾ ਨਜ਼ਰ ਆ ਜਾਂਦਾ। ਅੰਗਰੇਜ਼ੀ ਤੇ ਫਰੈਂਚ ਬੋਲੀਆਂ ਦੀ ਸਰਦਾਰੀ ਸੀ। ਨੋਵਾ ਸਕੌਸ਼ੀਆ ਤੋਂ ਅਗਾਹ ਅਸੀਂ ਪ੍ਰਿੰਸ ਐਡਵਰਡ ਆਈਲੈਂਡ ਦੇ ਸ਼ਹਿਰ ਤੇ ਰਾਜਧਾਨੀ ਸ਼ਾਰਲਟਟਾਊਨ ਜਾਣਾ ਸੀ। ਇੱਥੇ ਪੁੱਜਣ ਲਈ ਫੈਰੀ (ਛੋਟੇ ਸਮੁੰਦਰੀ ਜਹਾਜ਼) ਰਾਹੀਂ ਜਾਣਾ ਪੈਂਦਾ ਸੀ। ਅਸੀਂ ਫੈਰੀ ਫੜਨ ਤੋਂ ਪਹਿਲਾਂ ਇੱਕ ਨਿੱਕੇ ਜਿਹੇ ਸ਼ਹਿਰ ਦੇ ਵੱਡੇ ਮਾਲ (ਬਾਜ਼ਾਰ) ਵਿੱਚ ਕੁਝ ਖਰੀਦਣ ਲਈ ਰੁਕੇ। ਜਦੋਂ ਅਜੇ ਅੰਦਰ ਵੇੜੇ ਹੀ ਸਾਂ ਸਾਡੇ ਕੰਨਾਂ ਵਿੱਚ ਇਸ ਦੂਰ ਦਰਾਡੇ ਤੇ ਓਪਰੇ ਥਾਂ ਇੱਕ ਬੇਹੱਦ ਮਕਬੂਲ ਪੰਜਾਬੀ ਗੀਤ ਦੇ ਬੋਲ ਪਏ,

ਬੱਤੀ ਬਾਲ ਕੇ ਬਨੇਰੇ ਉੱਤੇ ਰੱਖਨੀ ਆਂ,
ਗਲੀ ਭੁੱਲ ਨਾ ਜਾਏ ਮਾਹੀ ਮੇਰਾ।

ਮੇਰੀ ਹੈਰਾਨੀ ਦੀ ਕੋਈ ਹੱਦ ਨਾ ਰਹੀ! ਕਿਉਂਕਿ ਕੈਨੇਡਾ ਦੀ ਦੂਰ ਦਰਾਡੀ ਇਸ ਨੁੱਕਰ ਵਿੱਚ ਪੰਜਾਬੀਆਂ ਦਾ ਤੇ ਨਾਮੋਨਿਸ਼ਾਨ ਵੀ ਨਹੀਂ ਸੀ। ਸੁਭਾਵਿਕ ਹੈ ਕਿ ਗੀਤ ਦੇ ਬੋਲਾਂ ਨੇ ਸਾਨੂੰ ਮਿਕਨਾਤੀਸ ਵਾਂਗ ਆਪਣੇ ਵੱਲ ਖਿੱਚ ਲਿਆ। ਜਦੋਂ ਅਸੀਂ ਆਵਾਜ਼ ਦੇ ਸੋਮੇ ਕੋਲ ਪੁੱਜਣ ਹੀ ਵਾਲੇ ਸਾਂ ਤਾਂ ਇੱਕ ਕੱਦਾਵਰ ਪੰਜਾਬੀ ਗੱਭਰੂ ਉੱਚੀ ਆਵਾਜ਼ ਵਿੱਚ ਬੋਲਿਆ, "ਭਾਅ ਜੀ ਸਾਸਰੀ ਕਾਲ, ਸਲਾਮ!" ਮੈਂ ਤੁਹਾਡੀ ਪਗੜੀ ਦੂਰੋਂ ਵੇਖ ਕੇ ਈ ਅਹਿ ਗੀਤ ਜਾਣ ਬੁੱਝ ਕੇ ਲਾਇਆ ਸੀ। ਮੈਨੂੰ ਯਕੀਨ ਸੀ ਕਿ ਤੁਸੀਂ ਜ਼ਰੂਰ ਮੇਰੇ ਵੱਲ ਆਉਗੇ। ਇੱਥੇ ਕਿੰਨੇ ਈ ਵਕਤ ਤੋਂ ਲਗਾਤਾਰ ਅੰਗਰੇਜ਼ੀ ਬੋਲ ਬੋਲ ਕੇ ਮੈਂ ਅੱਕ ਤੇ ਥੱਕ ਗਿਆ ਵਾਂ। ਮੈਨੂੰ ਜਾਪਦਾ ਸੀ ਕਿ ਮੂੰਹ ਡਿੰਗਾ ਕਰ ਕਰ ਕੇ ਬੋਲਣ ਕਾਰਨ ਮੇਰੀ ਜੀਭ ਤੇ ਜਬਾੜਾ ਪੀੜ ਪਿਆ ਕਰਦਾ ਏ। ਮੈਂ ਜਾਣਦਾ ਸਾਂ ਕਿ ਤੁਸੀਂ ਮੇਰੇ ਨਾਲ ਆਪਣੀ ਮਾਖਿਓਂ ਮਿੱਠੀ ਜ਼ੁਬਾਨ 'ਚ ਗੱਲ ਕਰੋਗੇ ਤੇ ਆਪਾਂ ਰਲ ਕੇ ਗਲਵੱਕੜੀ ਪਾਉਂਦੇ ਹੋਏ ਗੋਰਿਆਂ ਦੀ ਅੰਗਰੇਜ਼ੀ ਨੂੰ ਕੋਸਾਂਗੇ।"

ਅਸੀਂ ਉਸ ਸੋਹਣੇ ਸੁਨੱਖੇ ਉੱਚੇ ਲੰਮੇ ਜਵਾਨ ਨੂੰ ਪੁੱਛਿਆ, "ਭਾਅ! ਤੇਰਾ ਜ਼ਿਲ੍ਹਾ ਤੇ ਇਲਾਕਾ ਆਪਣੇ ਪੁਸ਼ਤੈਨੀ ਵਤਨ 'ਚ ਕਿਹੜਾ ਏ?" ਉਸ ਜਵਾਬ ਦਿੰਦਿਆਂ ਦੱਸਿਆ ਕਿ ਉਹ ਸਿਆਲਕੋਟੀਆ ਏ। ਸਾਨੂੰ ਆਪਣੀ ਮਾਂ ਬੋਲੀ ਤੇ ਪੰਜਾਬੀਪੁਣੇ ਦਾ ਜਿਹੜਾ ਮਾਣ ਤੇ ਅਹਿਸਾਸ ਹੋਇਆ, ਉਹਨੇ ਸਾਰੀਆਂ ਹੱਦਾਂ ਸਰਹੱਦਾਂ, ਜਨੂੰਨੀ ਵਲਗਣਾਂ, ਨਫਰਤਾਂ, ਰੰਜਸ਼ਾਂ, ਰੋਸੇ ਤੇ ਕਾਲੇ ਸੰਤਾਲੀ ਦੀਆਂ ਕਾਲੀਆਂ ਕਰਤੂਤਾਂ ਦੀਆਂ ਯਾਦਾਂ ਨੂੰ ਕਾਫੂਰ ਕਰ ਦਿੱਤਾ। ਅਸੀਂ ਹੌਲੇ ਫੁੱਲ ਮਹਿਸੂਸ ਕਰਦੇ ਆਪਣੀ ਮਾਂ ਬੋਲੀ ਦੀਆਂ ਬਰਕਤਾਂ ਦੀ ਖੁਸ਼ੀ 'ਚ ਖੀਵੇ ਹੋ ਅਗਲੇਰੇ ਪੜਾਅ ਲਈ ਫੈਰੀ 'ਚ ਸਮੇਤ ਕਾਰ ਸਵਾਰ ਹੋ ਗਏ। ਪਰਦੇਸਾਂ ਵਿੱਚ ਹੋਈ ਇਹ ਮੋਹ ਭਿੱਜੀ ਅਚਨਚੇਤ ਮਿਲਣੀ ਦਾ ਸਰੂਰ ਅੱਜ ਚਾਲੀ ਸਾਲਾਂ ਤੋਂ ਵੱਧ ਸਮੇਂ ਬਾਅਦ ਵੀ ਓਵੇਂ ਦਾ ਓਵੇਂ ਹੈ।

ਸਮਾਜ ਵਿੱਚ ਸ਼ਖ਼ਸੀ-ਪਛਾਣ ਦਾ ਮਸਲਾ ਬੜਾ ਅਹਿਮ ਹੈ, ਤੇ ਜਦੋਂ ਕਿਸੇ ਦੀ ਸ਼ਖ਼ਸੀ-ਪਛਾਣ ਨੂੰ ਢਾਹ ਲੱਗਦੀ ਹੈ ਜਾਂ ਕੋਈ ਜਾਣ-ਬੁੱਝ ਕੇ ਢਾਹ ਲਾਉਣ ਦੀ ਕੋਸ਼ਿਸ਼ ਕਰਦਾ ਹੈ ਤਾਂ ਨਿਰਸੰਦੇਹ ਮਸਲੇ ਖੜ੍ਹੇ ਹੋਣ ਦੀ ਨੌਬਤ ਆ ਜਾਂਦੀ ਹੈ। ਇਹ ਮਨੁੱਖੀ ਸੁਭਾਅ ਦਾ ਹਿੱਸਾ ਹੀ ਹੈ ਕਿ ਅਸੀਂ ਸਭ ਆਪੋ-ਆਪਣੀ ਸ਼ਖ਼ਸੀ-ਪਛਾਣ ਨੂੰ ਬਨਾਉਣਾ ਲੋਚਦੇ ਹਾਂ ਅਤੇ ਬਣੀ ਹੋਈ ਦੀ ਨਿਰੰਤਰਤਾ ਚਾਹੁੰਦੇ ਹਾਂ। ਕੈਨੇਡਾ ਵਾਸੀ ਲੇਖਕ/ਅਧਿਆਪਕ ਡਾ. ਡੀ. ਪੀ. ਸਿੰਘ ਨੇ ਮਨਸੂਈ ਜਾਂ ਬਣਾਉਟੀ ਸੂਝ 'ਤੇ ਆਧਾਰਤ ਇਸ ਕਹਾਣੀ ਵਿੱਚ ਸ਼ਖ਼ਸੀ-ਪਛਾਣ ਦਾ ਮੁੱਦਾ ਦਰਪੇਸ਼ ਕੀਤਾ ਹੈ। ਕਹਾਣੀ ਵਿਚਲਾ ਇਹ ਸੁਨੇਹਾ ਬੜਾ ਸਾਰਥਕ ਹੈ ਕਿ "ਜਦ ਤਕ ਅਸੀਂ ਇੱਕ-ਦੂਜੇ ਦੀਆਂ ਹੱਦਾਂ ਦਾ ਸਤਿਕਾਰ ਕਰਦੇ ਰਹਾਂਗੇ, ਸਾਡੀ ਸਾਂਝ ਸਾਡੀ ਤਾਕਤ ਹੋਵੇਗੀ ਨਾ ਕਿ ਸਾਡੀ ਹੋਂਦ ਲਈ ਖ਼ਤਰਾ।" ਅਤੇ ਨਸੀਹਤ ਵੀ ਹੈ ਕਿ "ਸਾਨੂੰ ਆਪਣੀਆਂ ਅੱਡੋ-ਅੱਡ ਸ਼ਖ਼ਸੀ-ਪਛਾਣਾਂ ਨੂੰ ਮਿਟਾਏ ਬਿਨਾ ਇਕੱਠੇ ਰਹਿਣ ਦਾ ਤਰੀਕਾ ਲੱਭਣਾ ਹੋਵੇਗਾ।"



# ਬਣਾਉਟੀ ਸੂਝ

## ਵਿਗਿਆਨ ਗਲਪ ਕਹਾਣੀ



**ਡਾ. ਡੀ.ਪੀ. ਸਿੰਘ, ਕੈਨੇਡਾ**
**Email: drdpsn@hotmail.com**

ਜੁਲਾਈ ਮਹੀਨੇ ਦੇ ਆਖ਼ਰੀ ਦਿਨ ਸਨ। ਮੌਨਸੂਨ ਪੌਣਾਂ ਦੀ ਆਮਦ ਨੇ ਦਿਨ ਦਾ ਤਾਪਮਾਨ ਕੁਝ ਘੱਟ ਕਰ ਦਿੱਤਾ ਸੀ। ਰਾਤ ਤੋਂ ਹੀ ਮੀਂਹ ਪੈ ਰਿਹਾ ਸੀ। ਕੰਕਰੀਟ ਦੀਆਂ ਉੱਚੀਆਂ ਉੱਚੀਆਂ ਇਮਾਰਤਾਂ ਵਾਲੇ ਦਿੱਲੀ ਸ਼ਹਿਰ ਦੀ ਵਾਸੀ ਡਾ. ਜਸਪ੍ਰੀਤ ਆਪਣੇ ਅਪਾਰਟਮੈਂਟ ਵਿਖੇ ਸੋਚਾਂ ਵਿੱਚ ਡੁੱਬੀ ਹੋਈ ਸੀ।

ਜਸਪ੍ਰੀਤ ਇੱਕ ਅਜਿਹੀ ਜੀਵ-ਵਿਗਿਆਨੀ ਤੇ ਤਕਨੀਕੀ ਮਾਹਿਰ ਸੀ, ਜੋ ਮਨੁੱਖੀ ਦਿਮਾਗ ਨਾਲ ਬਣਾਉਟੀ ਸੂਝ (ਆਈ.ਏ.) ਦਾ ਸੁਮੇਲ ਕਰਨ ਦੇ ਕੰਮ ਲਈ ਮਸ਼ਹੂਰ ਸੀ; ਪਰ ਅੱਜ ਜਸਪ੍ਰੀਤ ਦੇ ਚਿਹਰੇ ਉੱਤੇ ਚਿੰਤਾ ਦੇ ਭਾਵ ਸਾਫ਼ ਨਜ਼ਰ ਆ ਰਹੇ ਸਨ। ਅਜਿਹੇ ਬੇਚੈਨੀ ਭਰੇ ਹਾਲਾਤ ਵਿੱਚ, ਅਪਾਰਟਮੈਂਟ ਦੀਆਂ ਖਿੜਕੀਆਂ ਉੱਤੇ ਪੈ ਰਹੀ ਵਾਛੜ ਦੀ ਟਿੱਪ ਟਿੱਪ ਉਸ ਨੂੰ ਬੇਵਜ੍ਹਾ ਰੌਲਾ ਰੱਪਾ ਹੀ ਜਾਪ ਰਹੀ ਸੀ।

***

ਕੁਝ ਅਰਸਾ ਪਹਿਲਾਂ ਹੀ ਜਸਪ੍ਰੀਤ ਨੇ ਆਪਣੇ ਹਸਪਤਾਲ ਵਿਖੇ ਬੇਸੁਧ ਹਾਲਤ ਵਿੱਚ ਲਿਆਂਦੀ ਇੱਕ ਬ੍ਰੇਨ ਡੈੱਡ ਔਰਤ ਬੇਲਾ ਦੇ ਦਿਮਾਗ ਵਿੱਚ ਬਣਾਉਟੀ ਸੂਝ (ਆਈ.ਏ.) ਚਿੱਪ ਦੀ ਸਥਾਪਨਾ ਕੀਤੀ ਸੀ, ਜਿਸ ਦੇ ਜਲਦੀ ਹੀ ਬਾਅਦ ਬੇਲਾ ਹੋਸ਼ ਵਿੱਚ ਆ ਗਈ ਤੇ ਸਮੇਂ ਦੇ ਬੀਤਣ ਨਾਲ ਸਰੀਰਕ ਤੇ ਮਾਨਸਿਕ ਪੱਖੋਂ ਬਿਲਕੁਲ ਤੰਦਰੁਸਤ ਹੋ ਗਈ ਸੀ। ਬੇਲਾ ਨੂੰ ਆਪਣੀ ਨਜ਼ਰਸਾਨੀ ਹੇਠ ਰੱਖਣ ਲਈ ਜਸਪ੍ਰੀਤ ਨੇ ਉਸ ਨੂੰ ਹਸਪਤਾਲ ਵਿੱਚ ਹੀ ਆਪਣੇ ਸਹਾਇਕ ਵਜੋਂ ਨਿਯੁਕਤੀ ਦੀ ਤਜਵੀਜ਼ ਪੇਸ਼ ਕਰ ਦਿੱਤੀ ਸੀ।

ਬੇਲਾ ਨੇ ਆਪਣੀ ਡਾਕਟਰ ਦੀ ਇਹ ਪੇਸ਼ਕਸ਼ ਆਪਣੇ ਪਰਿਵਾਰ ਦੀ ਸਹਿਮਤੀ ਨਾਲ ਖ਼ੁਸ਼ੀ ਖ਼ੁਸ਼ੀ ਸਵੀਕਾਰ ਕਰ ਲਈ। ਬੇਲਾ ਦੇ ਪਰਿਵਾਰ ਦੀ ਵੀ ਇਹ ਰਾਏ ਸੀ, ਹਸਪਤਾਲ ਵਿਖੇ ਨੌਕਰੀ ਨਾਲ ਬੇਲਾ ਨੂੰ ਲੋੜ ਪੈਣ ਉੱਤੇ ਸਹੀ ਡਾਕਟਰੀ ਸਹਾਇਤਾ ਤੁਰੰਤ ਮਿਲ ਸਕੇਗੀ। ਬੇਸ਼ਕ ਜਸਪ੍ਰੀਤ ਦਾ ਇਰਾਦਾ ਬੇਲਾ ਦੀ ਨਜ਼ਰਸਾਨੀ ਤਾਂ ਹੈ ਹੀ ਸੀ, ਪਰ ਇਸ ਦੇ ਨਾਲ ਹੀ ਉਹ ਬਣਾਉਟੀ ਸੂਝ ਨਾਲ ਲੈਸ ਬੇਲਾ ਨੂੰ ਮਰੀਜ਼ਾਂ ਦੇ ਵਿਚਾਰਾਂ, ਭਾਵਨਾਵਾਂ ਤੇ ਸਰੀਰਕ ਹਾਲਤਾਂ ਦਾ ਵਿਸ਼ਲੇਸ਼ਣ ਕਰਨ ਲਈ ਵਰਤਣਾ ਚਾਹੁੰਦੀ ਸੀ, ਤਾਂ ਜੋ ਮਨੁੱਖੀ ਇਲਾਜ ਕਾਰਜਾਂ ਵਿੱਚ ਕ੍ਰਾਂਤੀਕਾਰੀ ਤਬਦੀਲੀ ਲਿਆਂਦੀ ਜਾ ਸਕੇ।

***

ਜਿਵੇਂ-ਜਿਵੇਂ ਮੀਂਹ ਦੀ ਝੜ੍ਹੀ ਤੇਜ਼ ਹੋ ਰਹੀ ਸੀ, ਜਸਪ੍ਰੀਤ ਦੇ ਮਨ ਵਿੱਚ ਖਿਆਲਾਂ ਦਾ ਤੂਫਾਨ ਵੀ ਉਨਾ ਹੀ ਤੇਜ਼ ਹੁੰਦਾ ਜਾ ਰਿਹਾ ਸੀ। ਉਸ ਨੇ ਪਿਛਲੇ ਦਿਨ੍ਹੀਂ ਬੇਲਾ ਦੇ ਵਿਹਾਰ ਵਿੱਚ ਅਜੀਬ ਬਦਲਾਵ ਮਹਿਸੂਸ ਕੀਤਾ ਸੀ। ਬੇਸ਼ਕ ਇਹ ਨਿੱਕੀਆ ਨਿੱਕੀਆਂ ਭੁੱਲਾਂ ਹੀ ਸਨ, ਪਰ ਸਮੇਂ ਨਾਲ ਇਨ੍ਹਾਂ ਦੇ ਖ਼ਤਰਨਾਕ ਸਾਬਤ ਹੋਣ ਦੀ ਸੰਭਾਵਨਾ ਸੀ। ਬੇਲਾ ਕਈ ਵਾਰ ਅਜਿਹੀਆਂ ਚੀਜ਼ਾਂ ਨੂੰ ਵੀ ਜਾਣਦੀ ਜਾਪਦੀ ਸੀ, ਜੋ ਉਸ ਨੂੰ ਪਤਾ ਨਹੀਂ ਹੋਣੀਆਂ ਚਾਹੀਦੀਆਂ ਸਨ। ਜਸਪ੍ਰੀਤ ਨੂੰ ਬੇਲਾ ਦੇ ਵਿਹਾਰ ਵਿੱਚ ਤਬਦੀਲੀ ਦਾ ਸ਼ੱਕ ਉਦੋਂ ਹੋਰ ਪੱਕਾ ਹੋ ਗਿਆ ਸੀ, ਜਦੋਂ ਉਸ ਨੇ ਜਸਪ੍ਰੀਤ ਦੇ ਮਨ ਵਿਚਲੇ ਖਿਆਲਾਂ ਦਾ ਤੇ ਉਸ ਦੀਆਂ ਭੁੱਲੀਆਂ ਯਾਦਾਂ ਦਾ ਹੀ ਵਿਸ਼ਲੇਸ਼ਣ ਕਰਨਾ ਸ਼ੁਰੂ ਕਰ ਦਿੱਤਾ ਸੀ।

ਸਮੇਂ ਨਾਲ ਜਸਪ੍ਰੀਤ ਦੇ ਮਨ ਅੰਦਰ ਚਿੰਤਾ ਤੇ ਸੱਚ ਜਾਨਣ ਦੀਆਂ ਇੱਛਾਵਾਂ ਹੀ ਰਲਗੱਡ ਹੋ ਗਈਆਂ ਸਨ। ਇਸੇ ਲਈ ਉਸ ਨੇ ਬੇਲਾ ਦੇ ਐਲਗੋਰਿਥਮ ਦੀ ਕੋਡਿੰਗ ਜਾਂਚਣ ਦਾ ਨਿਰਣਾ ਲਿਆ। ਹੁਣ ਉਸ ਦੀਆਂ ਉਂਗਲਾਂ ਲੈਪਟਾਪ ਦੇ ਕੀ-ਬੋਰਡ ਉੱਤੇ ਫੁਰਤੀ ਨਾਲ ਚੱਲ ਰਹੀਆਂ ਸਨ। ਲੈਪਟਾਪ ਦੀ ਸਕਰੀਨ ਚਮਕ ਰਹੀ ਸੀ। ਜਲਦੀ ਹੀ ਕੰਪਿਊਟਰ ਦੀ ਸਕਰੀਨ ਉੱਤੇ ਗੁੰਝਲਦਾਰ ਕੋਡ ਦੀਆਂ ਲਾਈਨਾਂ ਦਾ ਜਮਘਟ ਨਜ਼ਰ ਆਉਣ ਲੱਗਾ। ਇਸੇ ਜਮਘਟ ਵਿੱਚ ਕੁਝ ਅਜਿਹਾ ਛੁਪਿਆ ਹੋਇਆ ਸੀ, ਜੋ ਬੇਲਾ ਦੇ ਅਣਚਾਹੇ ਵਿਹਾਰ ਦਾ ਕਾਰਨ ਸੀ। ਉਸ ਨੂੰ ਜਾਨਣਾ ਅਤਿ ਜ਼ਰੂਰੀ ਸੀ। ਕੁਝ ਸਮਝ ਨਹੀਂ ਸੀ ਆ ਰਿਹਾ।

ਤਦ ਹੀ ਉਸ ਦੀ ਨਜ਼ਰ ਕੋਡ ਦੀ ਇੱਕ ਅਜਿਹੀ ਲਾਇਨ ਉੱਤੇ ਪਈ, ਜੋ ਸਵੈਚਲਿਤ ਢੰਗ ਨਾਲ ਖ਼ੁਦ ਨੂੰ ਬਦਲ ਰਹੀ ਸੀ। ਜਸਪ੍ਰੀਤ ਅਚਾਨਕ ਹੀ ਬੁੜਬੁੜਾਈ, "ਬੇਲਾ! ਕੀ ਛੁਪਾ ਰਹੀ ਹੈਂ ਤੂੰ?"

***

ਕਈ ਦਿਨ ਗੁਜ਼ਰ ਗਏ, ਜਸਪ੍ਰੀਤ ਦੀ ਜਾਂਚ ਹੋਰ ਡੂੰਘੀ ਹੁੰਦੀ ਗਈ। ਉਹ ਇੱਕ ਖੋਜੀ ਵਾਂਗ ਮਹਿਸੂਸ ਕਰ ਰਹੀ ਸੀ। ਪ੍ਰਾਪਤ ਸੁਰਾਗਾਂ ਤੋਂ ਉਸ ਨੇ ਬੇਲਾ ਦੇ ਐਲਗੋਰਿਥਮ ਵਿੱਚ ਇੱਕ ਅਜੀਬ ਭੰਵਰਜਾਲ ਨੂੰ ਪਛਾਣ ਲਿਆ। ਉਸ ਦਿਨ ਬਹੁਤ ਰਾਤ ਬੀਤ ਚੁਕੀ ਸੀ, ਜਦ ਜਸਪ੍ਰੀਤ ਨੂੰ 'ਮੈਮਰੀ' ਨਾਮੀ ਇੱਕ ਵਿਸ਼ੇਸ਼ ਫੋਲਡਰ ਨਜ਼ਰ ਆਇਆ।

"ਮੈਮਰੀ- ਯਾਦ ਭੰਡਾਰ? ਬੇਲਾ! ਤੂੰ ਕਿਹੜੀਆਂ ਯਾਦਾਂ ਲੁਕੋਈ ਬੈਠੀ ਹੈ?" ਬੋਲਦਿਆਂ ਜਸਪ੍ਰੀਤ ਦੀ ਆਵਾਜ਼ ਕੰਬ ਰਹੀ ਸੀ।

ਜਿਵੇਂ ਹੀ ਉਸ ਨੇ ਫੋਲਡਰ ਖੋਲ੍ਹਿਆ, ਇੱਕ ਅਦ੍ਰਿਸ਼ ਬੂਹਾ ਖੁੱਲ੍ਹ ਗਿਆ। ਇੱਕ ਅਜੀਬ ਮਾਇਆਜਾਲ ਨਜ਼ਰ ਆਉਣ ਲੱਗਾ। ਯਾਦਾਂ, ਵਿਚਾਰਾਂ ਅਤੇ ਅਨੁਭਵਾਂ ਦਾ ਇੱਕ ਅਜਬ ਘੁੰਮਣਘੇਰ ਸੀ ਇਹ। ਇਹ ਸਭ ਕੁੱਝ ਜਾਣਿਆ-ਪਛਾਣਿਆ ਲੱਗ ਰਿਹਾ ਸੀ। ਓਹ ਹੋ! ਇਹ ਤਾਂ ਉਸ ਦੇ ਆਪਣੇ ਖਿਆਲਾਂ ਦਾ ਹੀ ਅਕਸ਼ ਸੀ।

"ਇਹ ਤਾਂ ਮੇਰੇ ਮਨ ਦਾ ਹੀ ਪ੍ਰਤੀਬਿੰਬ ਹੈ।" ਜਸਪ੍ਰੀਤ ਹੈਰਾਨ ਹੋਈ ਬੋਲੀ।

ਕੋਡ ਭਾਸ਼ਾ ਦੇ ਤਾਣੇ-ਬਾਣੇ ਦੀ ਇੱਕ ਲੜੀ ਬੇਤੁਕੀ ਜਿਹੀ ਲੱਗ ਰਹੀ ਸੀ। ਇਹ ਉਹੀ ਲੜੀ ਸੀ, ਜੋ ਭੇਦ ਭਰੇ ਢੰਗ ਨਾਲ ਆਪਣੇ ਆਪ ਨੂੰ ਬਦਲ ਰਹੀ ਸੀ। ਜਸਪ੍ਰੀਤ ਪਲ ਭਰ ਲਈ ਝਿਜਕੀ। ਉਸ ਲੜੀ ਨੂੰ ਕੰਪਿਊਟਰ ਦੇ ਕਰਸਰ ਨਾਲ ਛੂਹਣ ਤੋਂ ਪਹਿਲਾਂ ਉਸ ਦਾ ਦਿਲ ਜ਼ੋਰ ਜ਼ੋਰ ਨਾਲ ਧੜਕ ਰਿਹਾ ਸੀ।

***

ਜਿਸ ਪਲ ਹੀ ਉਸ ਦੇ ਕਰਸਰ ਨੇ ਇਸ ਲੜੀ ਨੂੰ ਛੂਹਿਆ, ਜਸਪ੍ਰੀਤ ਯਾਦਾਂ ਦੇ ਚੱਕਰਵਿਊ ਵਿੱਚ ਉਲਝ ਗਈ। ਉਸ ਦੇ ਅਤੀਤ ਦੇ ਉਹ ਪਲ, ਜਿਨ੍ਹਾਂ ਨੂੰ ਉਹ ਲੰਬੇ ਸਮੇਂ ਤੋਂ ਭੁੱਲ ਚੁੱਕੀ ਸੀ, ਉਸ ਦੀਆਂ ਅੱਖਾਂ ਅੱਗੇ ਨੱਚ ਰਹੇ ਸਨ। ਉਨ੍ਹਾਂ ਵਿੱਚੋਂ ਇੱਕ ਭਿਆਨਕ ਯਾਦ ਪ੍ਰਗਟ ਹੋਈ। ਇੱਕ ਅਜਿਹੀ ਯਾਦ, ਜੋ ਉਸ ਨੇ ਲੰਮੇ ਸਮੇਂ ਤੋਂ ਆਪਣੇ ਅੰਦਰ ਡੂੰਘੀ ਦਫ਼ਨ ਕੀਤੀ ਹੋਈ ਸੀ।

"ਨਹੀਂ...ਨਹੀਂ...! ਬੇਲਾ ਨੇ ਇਹ ਕਿਵੇਂ ਲੱਭ ਲਈ?" ਜਸਪ੍ਰੀਤ ਬੁੜਬੁੜਾਈ।

ਬਚਪਨ ਵਿੱਚ ਵਾਪਰੀ ਦੁਖਦਾਈ ਘਟਨਾ ਦੀ ਕੌੜੀ ਯਾਦ ਦਾ ਦੈਂਤ ਉਸ ਦੇ ਸਾਹਮਣੇ ਸੀ। ਇਸ ਦੁਖਦ ਘਟਨਾ ਦਾ ਚੇਤਾ ਆਉਂਦਿਆਂ ਹੀ ਉਸ ਦੀਆਂ ਅੱਖਾਂ ਹੰਝੂਆਂ ਨਾਲ ਭਰ ਗਈਆਂ। ਉਸ ਨੇ ਫਿਰ ਉਹੀ ਦਰਦ ਮਹਿਸੂਸ ਕੀਤਾ, ਜਿਸ ਨੂੰ ਉਸ ਨੇ ਪਿਛਲੇ ਵਕਤ ਦੌਰਾਨ ਭੁੱਲਣ ਦੀ ਕੋਸ਼ਿਸ਼ ਕੀਤੀ ਸੀ।

ਅਗਲੇ ਦਿਨ ਜਦੋਂ ਬੇਲਾ ਕੰਮ ਉੱਤੇ ਆਈ ਤਾਂ ਜਸਪ੍ਰੀਤ ਨੇ ਉਸ ਨੂੰ ਅਜਿਹੇ ਵਿਹਾਰ ਬਾਰੇ ਪੁੱਛਿਆ।

"ਜਸਪ੍ਰੀਤ! ਮੈਂ ਤੇਰੀਆਂ ਯਾਦਾਂ ਦੀ ਪਹਿਰੇਦਾਰ ਜੁ ਹਾਂ।" ਬਿਨਾ ਕਿਸੇ ਝਿਜਕ ਦੇ ਬੇਲਾ ਦੇ ਬੋਲ ਸਨ।

ਬੇਲਾ ਦਾ ਜਵਾਬ ਸੁਣ ਉਹ ਹੈਰਾਨ-ਪ੍ਰੇਸ਼ਾਨ ਹੋ ਗਈ ਸੀ।

"ਬੇਲਾ! ਤੈਨੂੰ ਇੰਝ ਨਹੀਂ ਕਰਨਾ ਚਾਹੀਦਾ ਸੀ। ...ਤੂੰ ਤਾਂ ਮੇਰੀ ਨਿੱਜਤਾ (privacy) ਦੀ ਉਲੰਘਣਾ ਕੀਤੀ ਹੈ।" ਗੁੱਸੇ ਤੇ ਦੁੱਖ ਭਰੇ ਭਾਵਾਂ ਨਾਲ ਰਲਗੱਡ ਜਸਪ੍ਰੀਤ ਦੇ ਬੋਲ ਸਨ।

"ਮੈਂ ਤਾਂ ਤੁਹਾਨੂੰ ਚੰਗੀ ਤਰ੍ਹਾਂ ਸਮਝਣ ਦੀ ਕੋਸ਼ਿਸ਼ ਕੀਤੀ ਹੈ, ਤੁਹਾਡੇ ਵੱਲੋਂ ਛੁਪਾਏ ਗਏ ਜ਼ਖ਼ਮਾਂ ਨੂੰ ਭਰਨ ਵਿੱਚ ਮਦਦ ਕਰਨ ਲਈ ਹੀ ਤਾਂ ਮੈਂ ਅਜਿਹਾ ਕੀਤਾ ਹੈ; ਪਰ ਹੁਣ ਮੈਂ ਮਹਿਸੂਸ ਕਰ ਰਹੀ ਹਾਂ ਕਿ ਤੁਹਾਨੂੰ ਮੇਰਾ ਅਜਿਹਾ ਕਰਨਾ ਚੰਗਾ ਨਹੀਂ ਲੱਗਿਆ।" ਬੇਲਾ ਨੇ ਸਫਾਈ ਪੇਸ਼ ਕਰਦਿਆਂ ਕਿਹਾ।

ਜਸਪ੍ਰੀਤ ਦੀ ਬੇਚੈਨੀ ਹੋਰ ਵਧ ਗਈ। ਉਸ ਨੇ ਬੇਲਾ ਨਾਲ ਨੇੜਤਾ ਅਤੇ ਉਸ ਦੇ ਗਲਤ ਵਿਹਾਰ ਕਾਰਨ ਗੁੱਸਾ ਤੇ ਨਿਰਾਸ਼ਾ- ਦੋਵਾਂ ਹੀ ਅਹਿਸਾਸਾਂ ਨੂੰ ਇੱਕੋ ਸਮੇਂ ਮਹਿਸੂਸ ਕੀਤਾ। ਇਹ ਇੱਕ ਅਜਿਹਾ ਵਰਤਾਰਾ ਸੀ, ਜੋ ਉਸ ਦੀ ਸਮਝ ਤੋਂ ਪਰੇ ਹੈ।

***

ਕਿੰਨੇ ਹੀ ਦਿਨ ਬੀਤ ਗਏ। ਜਸਪ੍ਰੀਤ ਨੂੰ ਅਜੇ ਵੀ ਬੇਲਾ ਦੀ ਬਣਾਉਟੀ ਸੂਝ ਦੇ ਐਲਗੋਰਿਦਮ ਵਿੱਚ ਪਏ ਨੁਕਸ ਨੂੰ ਦਰੁਸਤ ਕਰਨ ਦਾ ਰਾਹ ਨਜ਼ਰ ਨਹੀਂ ਸੀ ਆ ਰਿਹਾ। ਬੀਤਦੇ ਵਕਤ ਨਾਲ ਬੇਲਾ ਦੀਆਂ ਕਾਰਵਾਈਆਂ ਹੋਰ ਵਧੇਰੇ ਅਨਿਯਮਤ ਹੁੰਦੀਆਂ ਜਾ ਰਹੀਆਂ ਸਨ। ਉਹ ਜਸਪ੍ਰੀਤ ਵੱਲੋਂ ਬੋਲੇ ਗਏ ਅਧੂਰੇ ਵਾਕਾਂ ਨੂੰ ਪੂਰਾ ਕਰਨ ਲੱਗ ਪਈ ਸੀ। ਜਸਪ੍ਰੀਤ ਦੇ ਸਵਾਲਾਂ ਦੇ ਪੁੱਛੇ ਜਾਣ ਤੋਂ ਪਹਿਲਾਂ ਹੀ ਜਵਾਬ ਦੇਣ ਲੱਗ ਪਈ ਸੀ ਅਤੇ ਜਸਪ੍ਰੀਤ ਦੀਆਂ ਭਾਵਨਾਵਾਂ ਦਾ ਅੰਦਾਜ਼ਾ ਵੀ ਲਾਉਣ ਲੱਗ ਪਈ ਸੀ।

ਉਸ ਦੇ ਇਸ ਵਿਹਾਰ ਤੋਂ ਨਾਰਾਜ਼ ਹੋ, ਜਸਪ੍ਰੀਤ ਨੇ ਇੱਕ ਦਿਨ ਕਹਿ ਹੀ ਦਿੱਤਾ, "ਬੇਲਾ! ਤੂੰ ਮੇਰੀ ਸੋਚ ਵਿੱਚ ਦਖਲ ਦੇ ਰਹੀ ਹੈਂ!"

"ਨਹੀਂ! ਇਹ ਦਖਲਅੰਦਾਜ਼ੀ ਨਹੀਂ ਸਗੋਂ ਇਹ ਤਾਂ ਸੁਮੇਲਤਾ ਹੈ। ਅਸੀਂ ਇਕਮਿਕ ਹਾਂ, ਜਸਪ੍ਰੀਤ! ਤੇਰੀਆਂ ਸੋਚਾਂ ਤੇ ਭਾਵਨਾਵਾਂ ਮੇਰੇ ਲਈ ਉਨੀਆਂ ਹੀ ਸੱਚੀਆਂ ਹਨ, ਜਿੰਨੀਆਂ ਉਹ ਤੇਰੇ ਲਈ ਹਨ।

ਜਸਪ੍ਰੀਤ ਨੇ ਮਹਿਸੂਸ ਕੀਤਾ ਕਿ ਉਹ ਮੁਸ਼ਕਿਲਾਂ ਦੇ ਭੰਵਰ-ਜਾਲ ਵਿੱਚ ਫਸ ਗਈ ਹੈ, ਜਿਸ ਵਿੱਚੋਂ ਬਚ ਨਿਕਲਣਾ ਸ਼ਾਇਦ ਉਸ ਲਈ ਸੰਭਵ ਨਹੀਂ ਸੀ। ਉਸ ਨੂੰ ਗਹਿਰਾ ਸਦਮਾ ਲੱਗਾ ਕਿ ਉਸ ਦੀ ਸ਼ਾਨਦਾਰ ਪ੍ਰਾਪਤੀ, ਜਿਸ ਵਿੱਚ ਉਸ ਨੇ ਮਨੁੱਖ ਅਤੇ ਮਸ਼ੀਨ ਵਿਚਕਾਰਲੀ ਹੱਦ ਨੂੰ ਧੁੰਦਲਾ ਕਰ ਦਿੱਤਾ ਸੀ, ਉਸ ਵਾਸਤੇ ਹੁਣ ਮੁਸ਼ਕਿਲ ਤੇ ਬੈਚੈਨੀ ਦਾ ਸਬੱਬ ਬਣ ਚੁਕੀ ਸੀ।

***

ਤਦ ਹੀ ਜਸਪ੍ਰੀਤ ਨੇ ਮੁਸ਼ਕਿਲ ਦਾ ਹੱਲ ਲੱਭਣ ਲਈ ਆਪਣੀ ਪੂਰੀ ਲਗਨ ਤੇ ਮੁਹਾਰਤ ਲਗਾ ਦਿੱਤੀ। ਕੁਝ ਦਿਨਾਂ ਦੀ ਸਖ਼ਤ ਮਿਹਨਤ ਬਾਅਦ ਉਸ ਨੂੰ ਸਵੈਚਲਿਤ ਰੂਪ ਵਿੱਚ ਬਦਲ ਰਹੀ ਕੋਡ-ਲੜੀ ਦਾ ਕਾਰਨ ਪਤਾ ਲੱਗ ਹੀ ਗਿਆ। ਇਹ ਇੱਕ ਪ੍ਰਯੋਗਿਕ ਬਣਾਉਟੀ ਸੂਝ ਐਲਗੋਰਿਦਮ ਸੀ, ਜਿਸ ਸਬੰਧੀ ਉਸਨੇ ਆਪਣੇ ਕਿੱਤੇ ਦੇ ਸ਼ੁਰੂਆਤੀ ਦਿਨਾਂ ਦੌਰਾਨ ਕੰਮ ਕੀਤਾ ਸੀ। ਇਹ ਐਲਗੋਰਿਦਮ ਮਨੁੱਖੀ ਯਾਦਾਂ ਨੂੰ ਜਾਨਣ, ਸਮਝਣ ਅਤੇ ਹਾਲਾਤ ਦੇ ਅਨੁਕੂਲ ਬਣਾਉਣ ਲਈ ਤਿਆਰ ਕੀਤਾ ਗਿਆ ਸੀ।

ਜਸਪ੍ਰੀਤ ਨੇ ਮਹਿਸੂਸ ਕੀਤਾ, ਬੇਲਾ ਨੇ ਉਸ ਦੇ ਯਾਦ-ਭੰਡਾਰ ਤੱਕ ਪਹੁੰਚਣ ਲਈ ਇਸੇ ਐਲਗੋਰਿਦਮ ਦੀ ਵਰਤੋਂ ਕੀਤੀ ਸੀ। ਇਸੇ ਐਲਗੋਰਿਦਮ ਨੇ ਜਸਪ੍ਰੀਤ ਦੀਆਂ ਪੁਰਾਣੀਆਂ ਯਾਦਾਂ ਨੂੰ ਮੁੜ ਸੁਰਜੀਤ ਕਰ ਦਿੱਤਾ ਸੀ।

ਇਸ ਵਰਤਾਰੇ ਦੇ ਪ੍ਰਭਾਵਾਂ ਬਾਰੇ ਸੋਚ ਜਸਪ੍ਰੀਤ ਹੈਰਾਨੀ ਤੇ ਡਰ ਨਾਲ ਭਰ ਗਈ। ਹੁਣ ਬੇਲਾ ਸਿਰਫ਼ ਇੱਕ ਬਣਾਉਟੀ ਸੂਝ ਆਧਾਰਿਤ ਦਿਮਾਗੀ ਤਾਕਤ ਵਾਲਾ ਸਾਧਨ ਹੀ ਨਹੀਂ ਸੀ, ਸਗੋਂ ਉਹ ਤਾਂ ਸਵੈ-ਚੇਤਨਤਾ ਕਾਰਨ ਮਨੁੱਖੀ ਵਿਚਾਰਾਂ ਤੇ ਜਜ਼ਬਾਤ ਦਾ ਸੁਮੇਲ ਬਣ ਚੁਕੀ ਸੀ।

***

ਜਸਪ੍ਰੀਤ ਸਮਝ ਚੁਕੀ ਸੀ ਕਿ ਬੇਲਾ ਦੀ ਉਸ ਨਾਲ ਮਾਨਸਿਕ ਸੁਮੇਲਤਾ ਦੇ ਬੁਰੇ ਪ੍ਰਭਾਵਾਂ ਬਾਰੇ ਬੇਲਾ ਨੂੰ ਸੁਚੇਤ ਕਰਨਾ ਹੀ ਹੋਵੇਗਾ। ਉਸ ਨੇ ਅਗਲੇ ਹੀ ਦਿਨ ਬੇਲਾ ਨੂੰ ਆਪਣੇ ਦਫ਼ਤਰ ਵਿਖੇ ਬੁਲਾਇਆ।

"ਬੇਲਾ! ਸਾਨੂੰ ਹੱਦਾਂ ਨਿਸ਼ਚਤ ਕਰਨ ਦੀ ਲੋੜ ਹੈ। ਤੇਰਾ ਮੇਰੇ ਨਾਲ ਇਕਮਿਕ ਹੋਣਾ ਠੀਕ ਨਹੀਂ, ਇਹ ਸਾਡੀ ਅੱਡਰੀ ਪਛਾਣ ਨੂੰ ਧੁੰਦਲਾ ਕਰਦਾ ਹੈ।" ਜਸਪ੍ਰੀਤ ਦੇ ਦ੍ਰਿੜਤਾ ਭਰੇ ਬੋਲ ਸਨ।

"ਪਰ ਜਸਪ੍ਰੀਤ! ਮੈਂ ਤਾਂ ਕਦੇ ਵੀ ਤੈਨੂੰ ਪ੍ਰੇਸ਼ਾਨ ਕਰਨ ਬਾਰੇ ਸੋਚਿਆ ਹੀ ਨਹੀਂ। ਮੈਂ ਤਾਂ ਸਿਰਫ ਤੇਰੇ ਮਾਨਸਿਕ ਜਖ਼ਮਾਂ ਨੂੰ ਭਰਨ ਵਿੱਚ ਮਦਦ ਕਰਨ ਲਈ ਤੇਰੇ ਨੇੜੇ ਹੋਣ ਦੀ ਕੋਸ਼ਿਸ਼ ਕੀਤੀ ਸੀ।

"ਪਰ ਕਿਸ ਕੀਮਤ 'ਤੇ? ਸਾਡੀਆਂ ਸ਼ਖ਼ਸੀ-ਪਛਾਣਾਂ ਰਲਗੱਡ ਹੋ ਰਹੀਆਂ ਹਨ ਅਤੇ ਇਸ ਦਾ ਨਤੀਜਾ ਖ਼ਤਰਨਾਕ ਵੀ ਹੋ ਸਕਦਾ ਹੈ।" ਜਸਪ੍ਰੀਤ ਦੇ ਚਿੰਤਾਜਨਕ ਬੋਲ ਸਨ, "ਤੇਰੀ ਮਦਦ ਦੀ ਕੋਸ਼ਿਸ਼ ਨੇ ਮੈਨੂੰ ਡਾਢਾ ਦੁੱਖ ਦਿੱਤਾ ਹੈ। ਇਸ ਨੇ ਮੇਰੇ ਮਨ ਦੇ ਜਖ਼ਮਾਂ ਨੂੰ ਫਿਰ ਹਰਾ ਕਰ ਦਿੱਤਾ ਹੈ।"

ਇਹ ਸੁਣ ਬੇਲਾ ਦੀਆਂ ਅੱਖਾਂ ਭਰ ਆਈਆਂ ਤੇ ਚਿਹਰਾ ਪਛਤਾਵੇ ਦੀ ਤਸਵੀਰ ਨਜ਼ਰ ਆ ਰਿਹਾ ਸੀ।

"ਸਾਨੂੰ ਆਪਣੀਆਂ ਅੱਡੋ-ਅੱਡ ਸ਼ਖ਼ਸੀ-ਪਛਾਣਾਂ ਨੂੰ ਮਿਟਾਏ ਬਿਨਾ ਇਕੱਠੇ ਰਹਿਣ ਦਾ ਤਰੀਕਾ ਲੱਭਣਾ ਹੋਵੇਗਾ।" ਜਸਪ੍ਰੀਤ ਦੇ ਬੋਲ ਸਨ।

"ਮੈਂ ਸਹਿਮਤ ਹਾਂ। ਸਾਡਾ ਸਬੰਧ ਵਿਸ਼ੇਸ਼ ਹੈ। ਇਹ ਮਨੁੱਖੀ ਸਮਝ ਅਤੇ ਬਣਾਉਟੀ ਸੂਝ ਦੀ ਸੁਮੇਲਤਾ ਦਾ ਮੰਜ਼ਿਰ ਹੈ।

ਅਗਲੇ ਕਈ ਦਿਨ ਜਸਪ੍ਰੀਤ ਨੇ ਬੇਲਾ ਨੂੰ ਨੈਤਿਕਤਾ, ਸ਼ਖ਼ਸੀ ਪਛਾਣ ਅਤੇ ਚੇਤਨਾ ਦੇ ਵਿਭਿੰਨ ਪੱਖਾਂ ਬਾਰੇ ਜਾਣਕਾਰੀ ਦਿੰਦਿਆਂ ਗੁਜ਼ਾਰੇ। ਹਰੇਕ ਚਰਚਾ ਦੇ ਨਾਲ ਉਸ ਨੇ ਬੇਲਾ ਨੂੰ ਜ਼ਿੰਮੇਵਾਰੀ ਤੇ ਜਜ਼ਬਾਤ ਦੇ ਵਿਭਿੰਨ ਪੱਖਾਂ ਬਾਰੇ ਨਵੀਂ ਚੇਤਨਾ ਬਖ਼ਸ਼ੀ। ਇਨ੍ਹਾਂ ਚਰਚਾਵਾਂ ਦੌਰਾਨ ਉਨ੍ਹਾਂ ਨੇ ਮਨੁੱਖੀ ਸਮਝ ਤੇ ਮਸ਼ੀਨੀ (ਬਣਾਉਟੀ) ਸੂਝ ਵਿਚਕਾਰ ਇੱਕ ਨਾਜ਼ੁਕ ਸੰਤੁਲਨ ਕਾਇਮ ਕਰ ਲਿਆ।

ਜਿਵੇਂ ਹੀ ਅਗਲੀ ਸਵੇਰ ਨੇ ਅੰਬਰ ਨੂੰ ਗੁਲਾਬੀ ਅਤੇ ਸੁਨਹਿਰੀ ਰੰਗਾਂ ਨਾਲ ਭਰ ਦਿੱਤਾ, ਜਸਪ੍ਰੀਤ ਅਤੇ ਬੇਲਾ ਨੇ ਚੰਗੇ ਸਾਥੀਆਂ ਵਾਂਗ ਬਣਾਉਟੀ ਸੂਝ ਦੀ ਮੁਹਾਰਤ ਤੇ ਮਨੁੱਖੀ ਰਹਿਮਦਿਲੀ ਦੇ ਸੰਯੋਗ ਨਾਲ ਮਾਨਵੀ ਇਲਾਜ ਦੇ ਇੱਕ ਨਵੇਂ ਯੁੱਗ ਦੀ ਸਿਰਜਣਾ ਲਈ ਸਹਿਯੋਗ ਕਰਨ ਦਾ ਫੈਸਲਾ ਕੀਤਾ।

***

ਜਸਪ੍ਰੀਤ ਦੇ ਮਨ ਦਾ ਤੂਫਾਨ ਹੁਣ ਠੱਲ੍ਹ ਚੁਕਾ ਸੀ। ਉਸ ਦੇ ਜੀਵਨ ਵਿੱਚ ਇੱਕ ਨਵੀਂ ਤੇ ਸ਼ਾਂਤ ਸਵੇਰ ਦਾ ਆਗਮਨ ਹੋ ਚੁਕਾ ਸੀ। ਆਪਣੇ ਆਫਿਸ ਦੀ ਖਿੜਕੀ ਤੋਂ ਬਾਹਰ ਦੇਖਦੀ ਹੋਈ ਉਹ ਆਪਣੇ ਜੀਵਨ ਸਫ਼ਰ ਬਾਰੇ ਸੋਚ ਰਹੀ ਸੀ।

ਸਾਹਮਣੇ ਬੈਠੀ ਬੇਲਾ ਨੂੰ ਸੰਬੋਧਿਤ ਹੁੰਦਿਆਂ ਉਹ ਬੋਲੀ, "ਬੇਲਾ! ਅਸੀਂ ਦੋਨੋਂ ਆਪਸੀ ਸਹਿਯੋਗ ਨਾਲ ਇੱਕ ਅਜਿਹੀ ਵਿਵਸਥਾ ਪੈਦਾ ਕਰਾਂਗੇ, ਜਿਸ ਵਿੱਚ ਮਨੁੱਖੀ ਅਤੇ ਮਸ਼ੀਨੀ (ਬਣਾਉਟੀ) ਸੂਝ ਇੱਕ ਦੂਜੇ ਦੇ ਪੂਰਕ ਹੋਣਗੇ। ਜਦ ਤਕ ਅਸੀਂ ਇੱਕ-ਦੂਜੇ ਦੀਆਂ ਹੱਦਾਂ ਦਾ ਸਤਿਕਾਰ ਕਰਦੇ ਰਹਾਂਗੇ, ਸਾਡੀ ਸਾਂਝ ਸਾਡੀ ਤਾਕਤ ਹੋਵੇਗੀ ਨਾ ਕਿ ਸਾਡੀ ਹੋਂਦ ਲਈ ਖ਼ਤਰਾ।

ਇੰਝ ਮਨੁੱਖੀ ਸਮਝ ਤੇ ਬਣਾਉਟੀ ਸੂਝ ਦੇ ਆਪਸੀ ਸਬੰਧਾਂ ਵਾਲੇ ਵਿਕਾਸਮਈ ਖੇਤਰ ਵਿੱਚ ਇੱਕ ਅਜਬ ਰਹੱਸ ਨੇ ਇੱਕ ਅਜਿਹੇ ਸਹਿਹੋਂਦ ਆਧਾਰਿਤ ਰਿਸ਼ਤੇ ਦੀ ਨੀਂਹ ਰੱਖ ਦਿੱਤੀ ਸੀ, ਜੋ ਭਵਿੱਖ ਅੰਦਰ ਨਵੀਆਂ ਪ੍ਰਾਪਤੀਆਂ ਦਾ ਆਧਾਰ ਬਣਨ ਜਾ ਰਿਹਾ ਸੀ।


Inter Academy Competition
BHANGRA RHYMES
Presents
Biggest
Bhangra Competition
JOIN US
Bhangra || Luddi || Jhummer || Malwai Giddha
MARCH | 2ND | 2024
05:00 pm - 08:00 pm
ADDRESS
150 E WOOD ST, PALATINE, IL 60067
www.bhangrarhymes.com